INTERNATIONAL MAGAZINE

RNI No. 61816/95

Date of Publishing :19/02/2024
Page No. from 1 to 60
Date of posting
Last Date of Every Month
Posted by MBU

30/-

ਏਕੋ ਬ੍ਰਹਮੁ ਦੁਤੀਯ ਨਾਸਿਤ।

ੴ

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ

ਮਾਰਚ 2024

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥

# ਆਤਮ ਮਾਰਗ



ਹੋਲਾ ਮਹੱਲਾ – ਸ੍ਰੀ ਅਨੰਦਪੁਰ ਸਾਹਿਬ

ਸਾਲਾਨਾ ਗੁਰਮਤਿ ਸਮਾਗਮ ਨਗਰ ਧਮੋਟ (ਲੁਧਿਆਣਾ) ਵਿਖੇ ਸਤਿਕਾਰਯੋਗ ਬਾਬਾ ਲਖਬੀਰ ਸਿੰਘ ਜੀ
ਸੰਗਤਾਂ ਨੂੰ ਕੀਰਤਨ ਦੁਆਰਾ ਨਿਹਾਲ ਕਰਦੇ ਹੋਏ। ਹੇਠਾਂ – ਕੀਰਤਨ ਦਾ ਅਨੰਦ ਮਾਣਦੀਆਂ ਸੰਗਤਾਂ









# ਆਤਮ ਮਾਰਗ

ਸਾਲ-ਉਨੱਤੀਵਾਂ, ਮਹੀਨਾ-ਮਾਰਚ, 2024

ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

**ਸੰਚਾਲਕ**

ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ

ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ

| ਚੇਅਰਮੈਨ | ਐਡੀਟਰ-ਇਨ-ਚੀਫ |
|---|---|
| ਸੰਤ ਬਾਬਾ ਲਖਬੀਰ ਸਿੰਘ ਜੀ | ਬਾਬਾ ਹਰਪਾਲ ਸਿੰਘ ਜੀ |
| ਮੈਨੇਜਿੰਗ ਐਡੀਟਰ | ਚੀਫ ਐਡੀਟਰ |
| ਭਾਈ (ਡਾ.) ਸੁਖਵਿੰਦਰ ਸਿੰਘ | ਡਾ. ਜਗਜੀਤ ਸਿੰਘ |
| 98146-12900 | 97798-16909 |


**ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ**

ਜੇਕਰ ਆਪ ਜੀ ਨੂੰ ਮਹੀਨੇ ਦੀ 15 ਤਾਰੀਖ ਤੱਕ ਮੈਗਜ਼ੀਨ ਨਹੀਂ ਪਹੁੰਚਦਾ ਅਤੇ ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ ਲਈ ਹੇਠ ਲਿਖੇ ਨੰਬਰਾਂ ਤੇ ਦਫਤਰੀ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ 5.00 ਵਜੇ ਤੱਕ ਫੋਨ ਕਰਨ ਦੀ ਕ੍ਰਿਪਾਲਤਾ ਕਰੋ ਜੀ।

ਫੋਨ :- 84378-12900, 94172-14391, 94172-14379

**Email :atammarg1@yahoo.co.in**

Registration Under Foreign Contribution (Regulation) Act 1976 R. No. 115320023

**Postal Address for any Enquiry, Money Order, Cheque and drafts :**

**'ATAM MARG' MAGAZINE**

Gurdwara Ishar Parkash, Ratwara Sahib
(New Chandigarh) P.o. Mullanpur Garibdas, Teh. Kharar, Distt. S.A.S Nagar
(MOHALI) - 140901, Pb. India

**SUBSCRIPTION - ਚੰਦਾ - (ਦੇਸ਼)**

| ਸਾਲਾਨਾ | ਜੀਵਨ ਕਾਲ (20 ਸਾਲ) | ਫੀ ਕਾਪੀ |
|---|---|---|
| 300/- | 3000/ | 30/- |
| 320/- | 3020/- | (For outstation cheques) |

**SUBSCRIPTION FOREIGN (ਵਿਦੇਸ਼)**

| Annual | Life (20 years) |
|---|---|
| 4500/- | 45000/- |


**ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।**



ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲ੍ਹਾ - ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।


**Media Broadcast (Ratwara Sahib)**

Please visit us on internet at :-
For Atam Marg Email : atammarg1@yahoo.co.in,
Website & Live video -

www.ratwarasahib.org
www.ratwarasahib.com
www.ratwarasahib.in

} Apps: RATWARASAHIB TV (for both apple & andriod) (Availeble 24 Hours)

Email : sratwarasahib.in@gmail.com

Live Programme & Cable Tv Network
98728-14385, 94172-14385
98147-12900

## ਵਿਦੇਸ਼ ਵਿਚ ਆਤਮ ਮਾਰਗ ਦੇ ਕੇਂਦਰ

ਅਮਰੀਕਾ - ਭਾਈ ਅਮਰਦੀਪ ਸਿੰਘ ਅਟਵਾਲ
001-408-263-1844

ਕਨੇਡਾ - ਭਾਈ ਸਰਮੁਖ ਸਿੰਘ ਪੰਨੂ, ਵੈਨਕੂਵਰ
001-604-433-0408

ਭਾਈ ਤਰਸੇਮ ਸਿੰਘ ਬੈਂਸ
001-604-862-9525

ਭਾਈ ਜਸਬੀਰ ਸਿੰਘ ਰਾਣੂ
001-604-589-9189

ਇੰਗਲੈਂਡ - ਬੀਬੀ ਗੁਰਬਖਸ਼ ਕੌਰ ਅਤੇ ਭਾਈ ਜਗਤਾਰ ਸਿੰਘ ਜੱਗੀ
0044-121-200-2818

ਭਾਈ ਅਰਵਿੰਦਰ ਸਿੰਘ (ਰਾਜ)
0044-7968734058

ਆਸਟਰੇਲੀਆ- ਬੀਬੀ ਜਸਪ੍ਰੀਤ ਕੌਰ :
0061-406619858

**ਵਿਦੇਸ਼ ਤੋਂ ਰਤਵਾੜਾ ਸਾਹਿਬ ਆਉਣ ਵਾਲੀ ਸੰਗਤ ਲਈ ਦਿੱਲੀ ਅਤੇ ਅੰਮ੍ਰਿਤਸਰ ਏਅਰਪੋਰਟ ਤੋਂ ਫਰੀ ਸੇਵਾ - ਸੰਪਰਕ ਨੰਬਰ -**

**9417214378, 9417214384**

## ਰਤਵਾੜਾ ਸਾਹਿਬ ਵਿਖੇ ਅਦਾਰਿਆਂ ਦੇ ਸੰਪਰਕ

1. ਆਤਮ ਮਾਰਗ 9417214391,8437812900,9417214379
2. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸ.ਸ.ਸਕੂਲ (ਸੀ.ਬੀ.ਐਸ.ਈ.) 0160-2255003
3. ਮਾਤਾ ਸਾਹਿਬ ਕੌਰ ਸਿਲਾਈ ਸੈਂਟਰ 9646101996
4. ਸੰਤ ਵਰਿਆਮ ਸਿੰਘ ਮੈਮੋਰੀਅਲ ਸ.ਸ.ਸਕੂਲ (ਪੀ.ਐਸ.ਈ.ਬੀ.) 9592055581
5. ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ: 9592212900
6. ਬੀਐਡ ਕਾਲਜ ਅਤੇ ਨਰਸਿੰਗ ਕਾਲਜ 9417214382
7. ਬਿਰਧ ਆਸ਼ਰਮ 9815728220

**ਵਿਸ਼ੇਸ਼ ਜਾਣਕਾਰੀ ਲਈ**

ਸ਼੍ਰੀ ਮਾਨ ਜੀ - 98551-32009
ਸ਼੍ਰੀ ਅਖੰਡਪਾਠ ਸਾਹਿਬ ਸੇਵਾ - 94647-12900

**ਹੋਰ ਸੰਪਰਕ ਨੰਬਰ**

**98889-10777, 96461-01996, 9417214381**

# ਤੱਤਕਰਾ


1. **ਸੰਪਾਦਕੀ** 5

*ਭਾਈ (ਡਾ.) ਸੁਖਵਿੰਦਰ ਸਿੰਘ*

2. **ਬਾਰਹ ਮਾਹਾ** 8

*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*

3. **ਅਗੰਮ ਅਗੋਚਰ ਦਾ ਮਾਰਗ** 17

*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*

4. **ਸੱਚਾ ਰੰਗ-ਸਾਧ ਕਾ ਸੰਗ-ਨਾਮ ਕਾ ਰੰਗ** 21

*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*

5. **ਮੰਞ ਪਿਆਰਾ ਗੁਰੂ ਨੂੰ.......॥** 28

*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*

6. **ਦਮਿ ਦਮਿ ਸਦਾ ਸਮਾਲਦਾ ਦੰਮੁ ਨ ਬਿਰਥਾ ਜਾਇ ॥** 33

*ਸੰਤ ਬਾਬਾ ਹਰਪਾਲ ਸਿੰਘ ਜੀ*

7. **ਪ੍ਰਗਟਿਓ ਖ਼ਾਲਸਾ** 37

*ਪ੍ਰੋ. ਗੁਰਦੇਵ ਸਿੰਘ*

8. **ਨਾਮ-ਜਪ-ਸਿਮਰਨ ਅਤੇ ਗੁਰਬਾਣੀ ਵਿਚਾਰ** 42

*ਡਾ. ਜਗਜੀਤ ਸਿੰਘ*

9. **ਕਲਗੀਧਰ ਜੀ ਦੇ 52 ਬਚਨ** 47

*ਸ. ਬਲਵਿੰਦਰ ਸਿੰਘ*

10. **ਗੁਰਬਾਣੀ ਅਰਥ ਭੰਡਾਰ** 50

*ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ*

11. **ਭਾਈ ਨੰਦ ਲਾਲ ਜੀ** 53

12. **ਬਾਬਾ ਸਾਹਿਬ ਸਿੰਘ ਜੀ ਬੇਦੀ ਊਨਾ** 54

*ਗਿਆਨੀ ਮੇਹਰ ਸਿੰਘ ਕ੍ਰਿਤ*

13. **ਵਿਸ਼ੇਸ਼ ਜਾਣਕਾਰੀ :- ਰਤਵਾੜਾ ਸਾਹਿਬ ਵਿਖੇ ਕੀਰਤਨ ਸਮਾਗਮ** 56
**ਇੰਟਰਨੈਟ ਵੈਬਸਾਈਟ, ਕੀਰਤਨ ਲਾਈਵ ਟੈਲੀਕਾਸਟ, ਬੈਂਕ ਅਕਾਊਂਟ, ਅਤੇ ਮਹਾਂਪੁਰਸ਼ਾਂ ਵਲੋਂ ਰਚਿਤ ਪੁਸਤਕਾਂ ਦੀ ਸੂਚੀ**

# ਸੰਪਾਦਕੀ

***'ਕੁਦਰਤਿ ਕਰਿ ਕੈ ਵਸਿਆ ਸੋਇ'***

ਵਾਹਿਗੁਰੂ ਜੀ ਦੀ ਸਿਰਜਣਾ ਅਤੇ ਉਸ ਦਾ ਆਪਾ ਦੋ ਵੱਖ-ਵੱਖ ਨਹੀਂ ਹਨ। ਇਕ ਦੂਜੇ ਵਿਚ ਸਮੋਏ ਹੋਏ ਹਨ। ਭਾਵ ***'ਬਲਿਹਾਰੀ ਕੁਦਰਤਿ ਵਸਿਆ।' (ਅੰਗ-੪੬੯)*** ਗੁਰਮਤਿ ਅਨੁਸਾਰ ਵਾਹਿਗੁਰੂ ਨੇ ਪਹਿਲਾਂ ਆਪਣੇ ਆਪ ਨੂੰ ਸਿਰਜਿਆ-

*ਪ੍ਰਥਮ ਓਅੰਕਾਰ ਤਿਨ ਕਹਾ, ਸੋ ਧੁਨ ਪੂਰ ਜਗਤ ਮੋ ਰਹਾ।*

*ਪਾਤਸ਼ਾਹੀ ੧੦*

ਫਿਰ ਆਪਣੇ ਨਾਮ ਦਾ ਪ੍ਰਗਟਾਵਾ ਕੀਤਾ। ***'ਨਾਮ ਕੇ ਧਾਰੇ ਸਗਲੇ ਜੰਤ'*** ਆਪਣੀ ਸਿਰਜਣਾ ਵਿਚ ਆਸਣ ਲਾ ਪ੍ਰਸੰਨ ਹੋ ਗਿਆ -

*ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ ॥*
*ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥*

*ਅੰਗ- ੪੬੩*

ਕੁਦਰਤਿ ਦੀ ਕਾਇਨਾਤ ਵਿਚ ਮਨੁੱਖ ਵੀ ਉਸ ਦੀ ਹੀ ਸਿਰਜਣਾ ਹੈ ਪਰ ਸਿਰਜਣਾ ਦੇ ਇਸ ਅੰਸ ਵਿਚ ਚੇਤਨਾ (ਜਾਗ੍ਰਿਤੀ) ਤੇ ਬੁੱਧੀ ਦਾ ਭੰਡਾਰਾ ਵਿਸ਼ੇਸ਼ ਤੌਰ 'ਤੇ ਭਰਿਆ ਹੈ। ਇਸੇ ਚੇਤਨਾ ਕਰਕੇ ਹੀ ਉਹ ਕੁਦਰਤਿ ਦੀ ਖੋਜ ਕਰਦਾ ਹੈ ਤੇ ਕਹਿ ਉਠਦੈ -

*ਬਿਸਮੁ ਭਏ ਬਿਸਮਾਦ ਦੇਖਿ ਕੁਦਰਤਿ ਤੇਰੀਆ ॥*

*ਅੰਗ- ੫੨੧*

ਫਿਰ ਉਸਦੇ ਸਮੁੱਚੀ ਕਾਇਨਾਤ ਵਿਚ ਵਿਦਮਾਨ ਹੋਣ ਦਾ ਭੇਤ ਖੁਲ੍ਹਦਾ ਹੈ। ਸਿਰਜਣਾ ਵਿਚ ਸੁਭਾਇਮਾਨ ਹੀ ਹੁਕਮ ਚਲਾ ਰਿਹਾ ਹੈ -

*ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥*

*ਅੰਗ- ੧*

ਬਾਣੀ ਵਿਚੋਂ ਇਉਂ ਪ੍ਰਤੀਤ ਹੁੰਦਾ ਹੈ ਕਿ ਸਾਰੀ ਕਾਇਨਾਤ ਹੁਕਮ ਰੂਪੀ ਕੁਦਰਤੀ ਨਿਯਮ ਵਿਚ ਬੱਝੀ ਹੋਈ ਹੈ -

ਤਥਾ -

*ਜਿਨਿ ਜਗੁ ਸਿਰਜਿ ਸਮਾਇਆ*
*ਸੋ ਸਾਹਿਬੁ ਕੁਦਰਤਿ ਜਾਣੋਵਾ ॥*
*ਸਚੜਾ ਦੂਰਿ ਨ ਭਾਲੀਐ ਘਟਿ ਘਟਿ ਸਬਦੁ ਪਛਾਣੋਵਾ ॥*

*ਅੰਗ- ੫੮੧*

ਇਸ ਦੀ ਪੁਸ਼ਟੀ ਮਨੁੱਖ ਰੂਪ ਵਿਚ ਹੋਰ ਰੂਪਮਾਨ ਹੁੰਦੀ ਨਜ਼ਰ ਆ ਰਹੀ ਹੈ -

*ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥*
*ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥*

*ਅੰਗ- ੧੩੫੦*

ਉਸ ਦੀ ਰਚੀ ਕੁਦਰਤਿ ਦਾ ਕੋਈ ਭੇਤ ਨਹੀਂ ਪਾ ਸਕਦਾ। ਜੇਕਰ ਅੰਸ ਮਾਤਰ ਪਾ ਵੀ ਲਵੇ ਫਿਰ ਉਹ ਪ੍ਰਗਟ ਨਹੀਂ ਕਰ ਸਕਦਾ। ਗੂੰਗੇ ਨੂੰ ਮਠਿਆਈ ਖੁਆਉਣ ਦੇ ਵਾਂਗੂੰ ਹੈ -

*ਕਹੁ ਕਬੀਰ ਗੂੰਗੈ ਗੁੜੁ ਖਾਇਆ*
*ਪੂਛੇ ਤੇ ਕਿਆ ਕਹੀਐ ॥* *ਅੰਗ- ੩੩੪*

*ਕੁਦਰਤਿ ਹੈ ਕੀਮਤਿ ਨਹੀ ਪਾਇ ॥*
*ਜਾ ਕੀਮਤਿ ਪਾਇ ਤ ਕਹੀ ਨ ਜਾਇ ॥* *ਅੰਗ- ੮੪*

ਕਾਇਨਾਤ ਦੇ ਹਰ ਅੰਸ ਵਿਚ ਉਹ ਦੈਵੀ ਨਾਦ ਤੇ ਦੈਵੀ ਜ਼ਿੰਦਗੀ ਬਣ ਕਿਰਿਆਸ਼ੀਲ ਹੈ। ਮਨੁੱਖ ਦੀ ਜ਼ਿੰਦਗੀ ਵਿਚ ਖੇੜਾ, ਖੁਸ਼ੀਆਂ, ਆਨੰਦ, ਉਸ ਦੀ ਸਾਜੀ ਕੁਦਰਤਿ ਨਾਲ ਜੁੜਨ ਤੇ ਨਾਲ ਚੱਲਣ ਵਿਚ ਹਨ। ਫੁੱਲਾਂ ਸੰਗ ਹਸੀਏ, ਬੂਟਿਆਂ, ਵੇਲਾਂ ਸੰਗ ਰਸ ਵਿਚ ਆਉਣ ਦੀ ਕੋਸ਼ਿਸ਼ ਕਰੀਏ। ਪੰਛੀਆਂ ਦੀ ਚਿਕਚਿਹਾਟ ਵਿਚੋਂ ਉਸ ਦੀ ਹੋਂਦ ਦਾ ਅਹਿਸਾਸ ਕਰਨ ਦੀ ਲੋਚਾ ਕਰੀਏ। ਵਗਦੇ ਪਾਣੀ, ਸਾਗਰਾਂ ਦੀਆ ਲਹਿਰਾਂ, ਖੁਲ੍ਹੇ ਅਸਮਾਨ, ਟਿਮਟਿਮਾਉਂਦੇ ਤਾਰੇ ਕਿਉਂ ਚੰਗੇ ਲਗਦੇ ਹਨ? ਕਿਉਂਕਿ ਇਹਨਾਂ ਸਭਨਾਂ ਅੰਦਰ ਜੀਵਨ ਰੌਂ ਰੁਮਕ ਰਹੀ ਹੈ। ਕੋਈ ਸੱਚਾ ਸੁੰਦਰ ਇਨ੍ਹਾਂ ਅੰਦਰ ਸੁਭਾਇਮਾਨ ਹੈ -

*ਸੋ ਅੰਤਰਿ ਸੋ ਬਾਹਰਿ ਅਨੰਤ ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ ॥*

*ਅੰਗ- ੨੯੩*

*ਬਲਿਹਾਰੀ ਕੁਦਰਤਿ ਵਸਿਆ ॥*
*ਤੇਰਾ ਅੰਤੁ ਨ ਜਾਈ ਲਖਿਆ ॥* *ਅੰਗ- ੪੬੯*

ਇਨ੍ਹਾਂ ਉਪਰੋਕਤ ਨਜ਼ਾਰਿਆਂ ਵਿਚ ਜੇ ਉਸ ਦੀ

ਹੋਂਦ ਝਲਕਾਰੇ ਮਾਰ ਲਿਸ਼ਕ ਰਹੀ ਹੈ ਤਾਂ ਮਨੁੱਖ ਅੰਦਰ ਇਹ ਸਾਰਾ ਵਰਤਾਰਾ ਕਿਉਂ ਨਹੀਂ ਵਾਪਰਦਾ।

ਮੌਸਮ ਨੇ ਕਰਵਟ ਲਈ ਹੈ। ਦੋ ਮਹੀਨਿਆਂ ਦੀ ਕਰੜੀ ਠੰਢ, ਧੁੰਦ, ਕੱਕਰ, ਸ਼ੀਤ ਲਹਿਰ ਤੋਂ ਛੁਟਕਾਰਾ ਮਿਲਿਆ ਹੈ। ਮੌਸਮ ਵਿਚ ਨਿੱਘ ਆਇਆ ਹੈ। ਉਹੀ ਸੂਰਜ ਦੀਆਂ ਕਿਰਨਾਂ ਨਿੱਘ ਦੇ ਰਹੀਆਂ ਹਨ। ਹਵਾ ਵਿਚ ਮਿੱਠੀ-ਮਿੱਠੀ ਨਿੱਘ ਭਰੀ ਮਿਠਾਸ ਹੈ। ਸਮੁੱਚੀ ਕਾਇਨਾਤ ਬਚਪਨ ਤੋਂ ਜਵਾਨੀ ਵਲ ਪੈਰ ਵਧਾ ਰਹੀ ਹੈ। ਨਿੱਕੀਆਂ-ਨਿੱਕੀਆਂ ਕਰੂੰਬਲਾਂ ਦਰਖੱਤਾਂ ਤੇ ਫੁੱਟਣੀਆਂ ਸ਼ੁਰੂ ਹੋਈਆਂ ਹਨ। ਪਸ਼ੂ, ਪੰਛੀ, ਸਭ ਨਿੱਘ ਦਾ ਅਹਿਸਾਸ ਕਰ ਆਨੰਦ ਲੈ ਰਹੇ ਹਨ। ਇਹ ਸਾਰਾ ਪ੍ਰਮੇਸ਼ਰ ਦੀ ਕੁਦਰਤਿ ਦਾ ਵਰਤਾਰਾ ਹੈ। ਮਨੁੱਖ ਇਸ ਤੋਂ ਬਾਹਰ ਨਹੀਂ। ਉਹ ਵੀ ਇਸ ਕੁਦਰਤਿ ਦੇ ਮੌਸਮੀ ਬਦਲਾਅ ਤੋਂ ਨਿਰਲੇਪ ਤੇ ਅਭਿੱਜ ਨਹੀਂ ਰਹਿ ਸਕਦਾ। ਉਸ ਦੀ ਭਿੱਜਤਾ ਦਾ ਸੋਮਾ ਸਮਰੱਥ ਸਤਿਗੁਰੂ ਹਨ। ਨਾਮ ਬਾਣੀ ਉਸ ਦੇ ਖੇੜੇ ਦਾ ਧੁਰਾ ਹਨ। ਕੇਂਦਰੀ ਪੁਆਇੰਟ ਨਾਮ ਹੈ। ਵਾਹਿਗੁਰੂ ਨਾਮ ਤੇ ਬਾਣੀ ਇਕੋ ਹਨ -

*ਵਾਹੁ ਵਾਹੁ ਬਾਣੀ ਨਿਰੰਕਾਰ ਹੈ*
*ਤਿਸੁ ਜੇਵਡੁ ਅਵਰੁ ਨ ਕੋਇ ॥* *ਅੰਗ- ੫੧੫*

ਜਦੋਂ 'ਨਾਨਕ ਕੈ ਘਰਿ ਕੇਵਲ ਨਾਮ' ਨਾਲ ਜੁੜ ਗਏ ਤਾਂ ਫਿਰ ਖੇੜੇ ਦੀ ਮੰਜ਼ਿਲੇ ਮਕਸੂਦ 'ਤੇ ਪਹੁੰਚਣ ਵਿਚ ਕਦਾਚਿਤ ਦੇਰੀ ਨਹੀਂ ਹੋਵੇਗੀ। ਭਾਵ ***'ਨਾਨਕ ਭਗਤਾ ਸਦਾ ਵਿਗਾਸੁ'*** ਦੀ ਅਵਸਥਾ ਪ੍ਰਾਪਤ ਹੋ ਜਾਏਗੀ ਜਿਸ ਨੂੰ ਲੋਕ ਅਖਾਣ ਵਿਚ ਕਿਹਾ ਜਾਂਦਾ ਹੈ ਕਿ -

*ਸਦਾ ਦੀਵਾਲੀ ਸਾਧ ਕੀ,*
*ਅੱਠੇ ਪਹਿਰ ਬਸੰਤ।*

ਦੀਵਾਲੀ ਚਾਨਣ/ਰੋਸ਼ਨੀ ਦਾ ਪ੍ਰਤੀਕ ਹੈ। ਬਸੰਤ ਖੇੜੇ ਦਾ ਪ੍ਰਤੀਕ ਹੈ। ਗੁਰੂ ਵਲੋਂ ਬਖਸ਼ੇ ਗਿਆਨ ਦੀ ਰੋਸ਼ਨੀ ਤੇ ਨਾਮ ਦਾ ਖੇੜਾ ਉਸ ਦੀ ਅੱਠੇ ਪਹਿਰ ਵਾਲੀ ਬਸੰਤ ਹੈ। ਭਾਵ -

*ਬਨਸਪਤਿ ਮਉਲੀ ਚੜਿਆ ਬਸੰਤੁ ॥*
*ਇਹੁ ਮਨੁ ਮਉਲਿਆ ਸਤਿਗੁਰੂ ਸੰਗਿ ॥* *ਅੰਗ- ੧੧੭੬*

ਬਸੰਤ/ ਖੇੜਾ ਉਸ ਦੀ ਹਾਜ਼ਰੀ, ਉਸ ਦੀ ਹੋਂਦ ਦੇ ਅਨੁਭਵ ਦਾ ਪ੍ਰਗਟਾਵਾ ਹੀ ਹੈ -

*ਨਾਨਕ ਤਿਨਾ ਬਸੰਤੁ ਹੈ ਜਿਨ੍ ਘਰਿ ਵਸਿਆ ਕੰਤੁ ॥*
*ਅੰਗ- ੭੯੧*

ਜੇਕਰ ਉਸ ਦੀ ਹੋਂਦ ਦਾ ਅਹਿਸਾਸ ਨਹੀਂ ਹੈ, ਉਹ ਸਾਡੇ ਵਿਚੋਂ ਗੈਰ-ਹਾਜ਼ਰ ਪ੍ਰਤੀਤ ਹੁੰਦਾ ਹੈ ਤਾਂ ਸਮਝੋ '***ਜਿਨ ਕੇ ਕੰਤ ਦਿਸਾਪੁਰੀ ਸੇ ਅਹਿਨਿਸਿ ਫਿਰਹਿ ਜਲੰਤ ॥(ਅੰਗ-੭੯੧***) ਵਾਲੀ ਹਾਲਤ ਬਣ ਜਾਂਦੀ ਹੈ। ਉਸ ਦੇ ਵਿਛੋੜੇ ਦਾ ਅਹਿਸਾਸ ਨਾ ਹੋਣਾ ਜਲੀ ਹੋਈ ਧਰਤੀ ਵਾਂਗ ਹੈ -

*ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥*
*ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ*
*ਸੋ ਤਨੁ ਜਾਣੁ ਮਸਾਨੁ ॥* *ਅੰਗ- ੧੩੭੯*

ਪਿਆਰ ਹੀ ਜੀਵਨ ਹੈ। ਮਿਲਾਪ ਹੀ ਜੀਵਨ ਦੀ ਰੌਂ ਹੈ। 'ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ' ਦਾ ਸਿਧਾਂਤ ਇਸੇ ਹੋਂਦ ਦੀ ਪੁਸ਼ਟੀ ਕਰਦਾ ਹੈ। 'ਜਤ੍ਰ ਤਤ੍ਰ ਦਿਸਾ ਵਿਸਾ ਹੁਇ ਫੈਲਿਉ ਅਨੁਰਾਗ' ਉਹ ਪਿਆਰ ਰੂਪ ਹੋ ਸਾਰਿਆਂ ਨੂੰ ਜੀਵਨ ਦੇ ਰਿਹਾ ਹੈ। ਇਸ ਕਰਕੇ ਸਾਰੇ ਸੰਜੀਵ ਹੋ ਕੇ ਜੀਅ ਰਹੇ ਹਨ। ਉਸ ਦੀ ਵਿਦਮਾਨਤਾ ਹੀ ਸਾਰਿਆਂ ਦਾ ਜੀਵਨ ਹੈ - ***'ਆਖਾ ਜੀਵਾ ਵਿਸਰੈ ਮਰਿ ਜਾਉ ॥ ' (ਅੰਗ-੩੪੯)***

*ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥*
*ਨਾਨਕ ਅਵਰੁ ਨ ਜੀਵੈ ਕੋਇ ॥* *ਅੰਗ- ੧੪੨*

'ਸੌ ਹੱਥ ਰਸਾ ਸਿਰੇ ਤੇ ਗੰਢ' ਦੀ ਕਹਾਵਤ ਅਨੁਸਾਰ 'ਕੁਦਰਤਿ ਕਰਿ ਕੈ ਵਸਿਆ ਸੋਇ' ਉਸ ਦਾ ਅਹਿਸਾਸ ਸਾਨੂੰ ਧਰਤੀ ਦੇ ਬਸ਼ਿੰਦਿਆਂ ਨੂੰ ਵੀ ਭਾਸ ਜਾਵੇ ਤਾਂ ਸਮਝੋ ਆਇਆ ਸਫਲਾ ਹੈ। ਸਦਾ ਦਾ ਖੇੜਾ ਸਾਡੇ ਜੀਵਨ ਦਾ ਅੰਗ ਬਣ ਜਾਵੇਗਾ।

*ਬਸੰਤੁ ਚੜਿਆ ਫੂਲੀ ਬਨਰਾਇ ॥*
*ਏਹਿ ਜੀਅ ਜੰਤ ਫੂਲਹਿ ਹਰਿ ਚਿਤੁ ਲਾਇ ॥ ੧ ॥*
*ਇਨ ਬਿਧਿ ਇਹੁ ਮਨੁ ਹਰਿਆ ਹੋਇ ॥*
*ਹਰਿ ਹਰਿ ਨਾਮੁ ਜਪੈ ਦਿਨੁ ਰਾਤੀ*
*ਗੁਰਮੁਖਿ ਹਉਮੈ ਕਢੈ ਧੋਇ ॥ ੧ ॥* *ਅੰਗ- ੧੧੭੬*

ਪਵਿੱਤਰ ਬਾਣੀ ਦੀ ਆਖਰੀ ਤੁਕ ਵਿਚ ਜ਼ਿੰਦਗੀ ਦਾ ਨਿਚੋੜ ਹੈ, ਸਾਰ ਹੈ। 'ਹਰਿ ਹਰਿ ਨਾਮੁ ਜਪੈ ਦਿਨੁ ਰਾਤੀ' ਨਾਮ ਨਾਲ ਜੁੜ ਕੇ 'ਹਉਮੈ ਕਢੈ ਧੋਇ'। ਮੈਂ-ਮੇਰੀ ਦਾ ਖਾਤਮਾ ਕਰ, ਤੂੰ-ਤੇਰੀ ਵਿਚ ਲੀਨ ਹੋਣਾ ਹੈ। ਇਸੇ ਸਿਧਾਂਤ ਦੀ ਪੂਰਤੀ ਹਿਤ 'ਆਤਮ ਮਾਰਗ' ਮੈਗਜ਼ੀਨ ਦਾ ਆਗਮਨ ਹੋਇਆ ਹੈ। ਹਥਲੇ ਅੰਕ ਮਾਰਚ 2024 ਨਾਲ ਇਸ ਰੂਹਾਨੀ ਪਟਾਰੀ ਦੇ ਆਪਣੇ ਚੜ੍ਹਦੀ ਕਲਾ ਵਿਚ ਸਫ਼ਰ ਦੇ 29 ਸਾਲ

ਪੂਰੇ ਕਰ ਲਏ ਹਨ। ਅਪ੍ਰੈਲ 2024 ਤੋਂ 30ਵੇਂ ਸਾਲ ਵਿਚ ਪ੍ਰਵੇਸ਼ ਕਰ ਮਾਰਚ 2025 ਤੋਂ 31ਵੇਂ ਸਾਲ ਲਈ ਉਡਾਰੀ ਭਰ ਲੈਣੀ ਹੈ। 29-30 ਸਾਲ ਦਾ ਅਰਸਾ ਕੋਈ ਛੋਟਾ ਨਹੀਂ ਹੈ। ਬਹੁਤ ਲੰਮਾ ਅਰਸਾ ਹੈ। ਤਿੰਨ ਦਹਾਕੇ ਬਣ ਜਾਂਦੇ ਹਨ। 348 ਅੰਕ ਪਾਠਕ ਜਨਾਂ ਦੇ ਪਵਿੱਤਰ ਹਸਤ ਕਮਲਾਂ ਵਿਚ ਪਹੁੰਚ ਚੁੱਕੇ ਹਨ। ਭਾਗਾਂ ਵਾਲੇ ਹਨ ਪੜ੍ਹਨ ਸੁਣਨ ਵਾਲੇ ਪਾਠਕ ਜਨ। ਉਸ ਤੋਂ ਵੱਡੇ ਭਾਗਾਂ ਵਾਲੇ ਹਨ ਜੋ ਇਸ ਨੂੰ ਘਰੋਂ ਘਰੀ ਪਹੁੰਚਾ, ਨਵੇਂ ਮੈਂਬਰ ਬਣਾ, ਰੀਨੀਊਲ, ਲਾਇਫ ਮੈਂਬਰ ਬਣਾ, ਕਦੇ ਵੀ ਨਾ ਮੁੱਕਣ ਵਾਲੇ ਪੁੰਨ ਕਮਾ ਰਹੇ ਹਨ -

*ਕਲਿ ਮਹਿ ਏਹੋ ਪੁੰਨੁ ਗੁਣ ਗੋਵਿੰਦ ਗਾਹਿ ॥ ਅੰਗ- ੬੬੨*

ਇਹੀ ਵੱਡਾ ਪੁੰਨ ਕਰਮ ਹੈ ਕਿ ਟੁੱਟੇ ਹੋਏ ਨੂੰ ਪ੍ਰਮੇਸ਼ਰ ਨਾਲ ਜੋੜ ਦੇਣਾ। ਮੈਗਜ਼ੀਨ ਦੀਆਂ ਸੇਵਾਵਾਂ ਨਿਭਾਉਣ ਵਾਲੇ ਆਪ ਆਤਮ ਮਾਰਗੀ ਲੀਹਾਂ 'ਤੇ ਤੁਰ ਰਹੇ ਹਨ। ਪਾਠਕ ਜਨਾਂ ਦੇ ਹੱਥਾਂ ਵਿਚ/ਘਰਾਂ ਵਿਚ ਪਹੁੰਚਾ ਉਹਨਾਂ ਨੂੰ ਵੀ ਆਤਮ ਮਾਰਗੀ ਲੀਹਾਂ/ਪੈਂਡਿਆਂ ਦੇ ਰਾਹੀ ਬਣਾਉਣ ਲਈ ਯਤਨਸ਼ੀਲ ਹਨ। ਮਹਾਂਪੁਰਸ਼ਾਂ ਦੇ ਬਚਨਾਂ 'ਤੇ ਪਹਿਰਾ ਅਤੇ ਬਾਣੀ ਦੇ ਇਸ ਸਿਧਾਂਤ ਦੀ ਪੂਰਤੀ ਉਹਨਾਂ ਵਿਚੋਂ ਹੁੰਦੀ ਨਜ਼ਰ ਆ ਰਹੀ ਹੈ -

*ਸੰਤਹੁ ਸਾਗਰੁ ਪਾਰਿ ਉਤਰੀਐ ॥*
*ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰ ਪਰਸਾਦੀ ਤਰੀਐ ॥*
*ਅੰਗ- ੭੪੭*

ਵਧਾਈ ਦੇ ਪਾਤਰ ਹਨ ਉਹ ਸਾਰੇ ਸੇਵਾਦਾਰ ਭਾਈ ਤੇ ਬੀਬੀਆਂ ਜਿਨ੍ਹਾਂ ਨੂੰ ਇਕੋ ਹੀ ਲਗਨ ਹੈ-

*ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।*
*ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ।*
*ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ।*
*ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।*
*ਡਾ. ਭਾਈ ਵੀਰ ਸਿੰਘ ਜੀ*

***ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ ॥ (ਅੰਗ- ੧੦੯੬)*** ਦਾ ਜਜ਼ਬਾ ਉਨ੍ਹਾਂ ਸਭਨਾਂ ਨੂੰ ਇਸ ਦੇ ਵੰਡਣ ਦੀ, ਰੀਨੀਊਲ ਆਦਿ ਕਰਨ ਦੀ ਸੇਵਾ ਨੂੰ ਅੱਗੇ ਲਿਜਾ ਰਿਹਾ ਹੈ। ਕਿਸੇ ਨੂੰ ਚਾਨਣ ਦੇਣ ਵਾਲੇ ਨੂੰ ਲੱਖਾਂ/ਕ੍ਰੋੜਾਂ ਗੁਣਾਂ ਪ੍ਰਕਾਸ਼ ਆਪਣੇ ਆਪ ਨੂੰ ਪ੍ਰਾਪਤ ਹੁੰਦਾ ਹੈ। ਇਹ ਪ੍ਰਕਾਸ਼ ਗੁਰਬਾਣੀ ਦਾ ਹੈ -

*ਗੁਰਬਾਣੀ ਇਸੁ ਜਗ ਮਹਿ ਚਾਨਣੁ*
*ਕਰਮਿ ਵਸੈ ਮਨਿ ਆਏ ॥ ਅੰਗ- ੬੭*

ਸੇਵਾਦਾਰਾਂ ਵਲੋਂ ਦੋ ਖੰਭਾਂ ਦੀ ਉਡਾਰੀ ਭਰੀ ਹੋਈ ਹੈ। ਵਧਾਈ ਦੇ ਪਾਤਰ ਹਨ ਸਾਰੇ। ਸੇਵਾ ਤੇ ਸਿਮਰਨ ਰੂਪੀ ਦੋ ਟਿਊਬਵੈਲਾਂ ਦੇ ਪਾਣੀ ਨਾਲ ਇਕ ਹੀ ਖੇਤ ਸਿੰਜਿਆ ਜਾ ਰਿਹਾ ਹੈ। ਜ਼ਰੂਰ ਹੀ ਫਲ ਮਿਲਦਾ ਹੈ। ***'ਇਕੁ ਤਿਲੁ ਨਹੀ ਭੰਨੈ ਘਾਲੇ ॥' (ਅੰਗ-੭੮੪)*** ਅਨੁਸਾਰ ਗੁਰੂ ਸਮਰੱਥ ਹਨ, ਸੇਵਾ ਨੂੰ ਫਲ ਜ਼ਰੂਰ ਲਾਉਂਦੇ ਹਨ -

*ਸਤਿਗੁਰ ਕੀ ਸੇਵਾ ਸਫਲੁ ਹੈ ਜੇ ਕੋ ਕਰੇ ਚਿਤੁ ਲਾਇ ॥*
*ਮਨਿ ਚਿੰਦਿਆ ਫਲੁ ਪਾਵਣਾ ਹਉਮੈ ਵਿਚਹੁ ਜਾਇ ॥*
*ਅੰਗ- ੬੪੪*

ਪਿਆਰੇ ਮਹਾਂਪੁਰਸ਼ਾਂ ਦੇ ਐਸੇ ਭਵਿੱਖਤ ਬਚਨ ਇਸ ਸਮੇਂ ਵਿਚ ਵੀ ਸਾਖਸ਼ਾਤ ਹੋ ਰਹੇ ਹਨ। ਬਚਨ ਹਨ ਕਿ 'ਜਿਸ ਘਰ ਵਿਚ 'ਆਤਮ ਮਾਰਗ' ਮੈਗਜ਼ੀਨ ਪਿਆਰ ਸ਼ਰਧਾ ਪੂਰਵਕ ਪੜ੍ਹਿਆ, ਸੁਣਿਆ ਜਾਵੇਗਾ, ਉਸ ਘਰ ਵਿਚੋਂ ਦੁਖਾਂ-ਕਲੇਸ਼ਾਂ ਦਾ ਖਾਤਮਾ ਹੋ ਸੁੱਖਾਂ ਦਾ ਪ੍ਰਕਾਸ਼ ਹੋ ਜਾਵੇਗਾ। ***'ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥' (ਅੰਗ-੯੨੨)*** ਜਿਥੇ ਨਾਮ ਬਾਣੀ ਦਾ ਵਾਸਾ ਹੋ ਗਿਆ ਤਮਾਮ ਦੁੱਖਾਂ ਦਾ ਨਾਸ਼ ਹੋ ਸੁੱਖਾਂ ਦਾ ਪ੍ਰਕਾਸ਼ ਸੌ ਫੀ ਸਦੀ ਹੋ ਜਾਂਦਾ ਹੈ -

*ਧੁਰ ਕੀ ਬਾਣੀ ਆਈ ॥*
*ਤਿਨਿ ਸਗਲੀ ਚਿੰਤ ਮਿਟਾਈ ॥ ਅੰਗ- ੬੨੮*

ਜਿਸ ਘਰ ਵਿਚ, ਜਿਸ ਹਿਰਦੇ ਵਿਚ ਇਸ ਧੁਰਿ ਕੀ ਬਾਣੀ ਦਾ ਵਾਸਾ ਹੋ ਗਿਆ ਉਥੇ ਸਾਰੀਆਂ ਚਿੰਤਾਵਾਂ ਦਾ ਖਾਤਮਾ ਅਵੱਸ਼ ਹੈ। ਆਉ! ਇਸ ਦੀ ਸੇਵਾ ਨਿਭਾ, ਇਸ ਦੇ ਨਵੇਂ ਮੈਂਬਰ ਬਣਾ, ਹੋਰ ਵਧੇਰੇ ਹਿਰਦੇ ਰੂਪੀ ਹਨ੍ਹੇਰ ਕੋਠੜੀਆਂ ਨੂੰ ਰੁਸ਼ਨਾਈਏ -

*ਨਾਨਕ ਨਾਮ ਚੜ੍ਹਦੀ ਕਲਾ*
*ਤੇਰੇ ਭਾਣੇ ਸਰਬੱਤ ਦਾ ਭਲਾ।*

ਭੁੱਲਾਂ ਚੁੱਕਾਂ ਦੀ ਖਿਮਾ।

*ਭਾਈ (ਡਾ.) ਸੁਖਵਿੰਦਰ ਸਿੰਘ*
*ਮੈਨੇਜਿੰਗ ਐਡੀਟਰ*

# ਚੇਤਿ
# ਸੰਗਰਾਂਦ - ਮਾਰਚ 14 (ਦਿਨ ਵੀਰਵਾਰ)

*ਸੰਤ ਵਰਿਆਮ ਸਿੰਘ ਜੀ*
*ਬਾਨੀ, ਟਰੱਸਟ ਰਤਵਾੜਾ ਸਾਹਿਬ*

*ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ॥*
*ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ॥*
*ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ॥*
*ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ॥*
*ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ॥*
*ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ॥*
*ਜਿਨੀ ਰਾਵਿਆ ਸੋ ਪ੍ਰਭੂ ਤਿੰਨਾ ਭਾਗੁ ਮਣਾ॥*
*ਹਰਿ ਦਰਸਨ ਕੰਉ ਮਨੁ ਲੋਚਦਾ ਨਾਨਕ ਪਿਆਸ ਮਨਾ॥*
*ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ ਲਗਾ॥*

*ਅੰਗ - ੧੩੩*

ਅਸਾਡੇ ਦੇਸ਼ ਵਿਚ ਚੰਦ੍ਰਮਾ ਨਾਲ ਸਬੰਧ ਰਖਦਾ ਦੇਸੀ ਸਾਲ ਚੇਤ ਦੇ ਮਹੀਨੇ ਵਿਚ ਸ਼ੁਰੂ ਹੁੰਦਾ ਹੈ। ਭਾਰਤੀ ਸੰਸਕ੍ਰਿਤੀ ਅਨਸੁਾਰ ਅਸਾਡੇ ਬਜ਼ੁਰਗ, ਜਿਨ੍ਹਾਂ ਨੇ ਆਪਣੇ ਜੀਵਨ, ਅੰਦਰਲੀ ਖੋਜ ਵਿਚ ਲਾ ਦਿਤੇ ਅਤੇ ਜਿਨ੍ਹਾਂ ਨੂੰ ਰਿਸ਼ੀ-ਮੁਨੀ, ਸਾਧੂ ਸੰਤ ਕਹਿ ਕੇ ਸਤਿਕਾਰਿਆ ਜਾਂਦਾ ਸੀ, ਉਨ੍ਹਾਂ ਦੀ ਦ੍ਰਿਸ਼ਟੀ ਵਿਚ ਸਾਰੀਆਂ ਹੀ ਸ਼ਕਤੀਆਂ, ਪਉਣ-ਪਾਣੀ, ਬੈਸੰਤਰ, ਧਰਤੀ, ਚੰਦ, ਸੂਰਜ ਸਾਰੇ ਗ੍ਰਹਿ ਸਜੀਵ ਰੂਪ ਵਿਚ ਪ੍ਰਤੀਤ ਦਿੰਦੇ ਸਨ ਜਿਨ੍ਹਾਂ ਨੂੰ ਵੱਖਰੇ-ਵੱਖਰੇ ਤੱਤਾਂ ਦੇ ਅਧਿਸ਼ਠਾਨ ਦੇਵਤੇ ਦੇ ਨਾਮ ਨਾਲ ਪੁਕਾਰਿਆ ਜਾਂਦਾ ਸੀ। ਉਨ੍ਹਾਂ ਗ੍ਰੈਹਾਂ ਦੀ ਵੀ ਖੋਜ ਕੀਤੀ, ਉਨ੍ਹਾਂ ਦਾ ਸਬੰਧ ਜੀਵ ਦੇ ਨਿਤ ਲੰਘ ਰਹੇ ਜੀਵਨ ਦੇ ਨਾਲ ਜੋੜਿਆ, ਉਨ੍ਹਾਂ ਗ੍ਰੈਹਾਂ, ਨਛੱਤਰਾਂ ਦੇ ਅਸਰ ਮਨੁੱਖਾਂ ਉਤੇ ਪੈਂਦਿਆਂ ਨੂੰ ਪਰਖਿਆ, ਬੇਅੰਤ ਤਜਰਬੇ ਕੀਤੇ ਅਤੇ ਜੋਤਿਸ਼ ਵਿਦਿਆ, ਖਗੋਲ ਵਿਦਿਆ ਨੇ ਜਨਮ ਲਿਆ। ਭਾਰਤ ਵਰਸ਼ ਵਿਚ ਸਮੇਂ ਦੀ ਵੰਡ ਅਨੁਸਾਰ ਦੋ ਮਹੀਨਿਆਂ ਦੇ ਸਮੇਂ ਗਿਣ ਕੇ ਰੁਤਾਂ ਸਥਾਪਿਤ ਕੀਤੀਆਂ। ਇਨ੍ਹਾਂ ਨਾਲ ਸਬੰਧਿਤ ਦਿਨ ਬਣਾਏ, ਉਨ੍ਹਾਂ ਦਿਨਾਂ ਦਾ ਅਸਰ ਮਨੁੱਖ ਜੀਵਨ ਨਾਲ ਸਬੰਧਿਤ ਕੀਤਾ ਅਤੇ ਭਲੇ ਬੁਰੇ ਸ਼ਗਨਾਂ ਦਾ ਅਸਰ ਭਾਂਪ ਕੇ ਆਦਮੀ ਦੇ ਜੀਵਨ ਨਾਲ ਸਬੰਧਿਤ ਕੀਤਾ। ਇਸ ਤਰ੍ਹਾਂ ਇਕ ਸਧਾਰਨ ਆਦਮੀ ਵਾਤਾਵਰਣ ਦੇ ਕਿੰਨਾ ਅਧੀਨ ਹੈ, ਇਹ ਵੀ ਜਾਂਚ ਪਰਖ ਕੀਤੀ ਜਿਸ ਦੇ ਅਧਾਰ ਉਪਰ ਹਰ ਇਕ ਮਨੁੱਖ ਦੀ ਜਨਮ ਪਤਰੀ ਬਣਾਈ। ਇਹ ਇਕ ਵਿਦਿਆ ਸੀ ਜਿਸਨੂੰ 14 ਵਿਦਿਆਵਾਂ ਵਿਚ ਗਿਣਿਆ ਜਾਂਦਾ ਸੀ, ਗ੍ਰੈਹਾਂ ਤੋਂ ਬਚਣ ਲਈ ਧਾਤਾਂ ਤੇ ਪੱਥਰਾਂ, ਹੀਰੇ ਜਵਾਹਰਾਤ, ਪਦਮ, ਲਸਣ ਵਗੈਰਾ ਦੀ ਖੋਜ ਕਰਕੇ ਉਨ੍ਹਾਂ ਨੂੰ ਬੁਰੀ ਸ਼ੈਅ (bad conductor) ਕਰਕੇ ਥਾਪਿਆ। ਇਹ ਧਾਤਾਂ ਤੇ ਪੱਥਰ ਗ੍ਰੈਹਾਂ ਦੇ ਬੁਰੇ ਅਸਰ ਨੂੰ ਖਤਮ ਕਰਦੀਆਂ ਸਨ। ਇਸੇ ਤਰ੍ਹਾਂ ਨਾਲ ਜੀਵਨ ਦੀ ਚਾਲ ਹਰ ਬੰਦੇ ਲਈ ਡਰ ਪੈਦਾ ਕਰ ਰਹੀ ਸੀ। ਉਹ ਨਹੀਂ ਜਾਣਦਾ ਸੀ ਕਲ੍ਹ ਨੂੰ ਕੀ ਹੋ ਜਾਣਾ ਹੈ? ਕਿਹੜੇ ਗ੍ਰਹਿ ਦਾ ਅਸਰ ਮੇਰੇ ਉਤੇ ਚਲ ਰਿਹਾ ਹੈ? ਜਿਸ ਤਰ੍ਹਾਂ ਨਾਲ ਮੈਡੀਕਲ ਸਾਇੰਸ ਨੂੰ ਪਤਾ ਹੈ ਕਿ ਆਦਮੀ ਦੀ ਬਿਰਤੀ ਇਕ ਰਸ ਕਿਉਂ ਨਹੀਂ ਰਹਿੰਦੀ, ਕਦੇ ਇਸਦਾ nervous system ਨਾੜੀ ਕਾਰਜ ਪੂਰੀ ਤਰ੍ਹਾਂ ਕੰਮ ਕਰਦਾ ਹੈ, ਨਚਦਾ ਹੈ, ਟਪਦਾ ਹੈ, ਖੁਸ਼ੀਆਂ ਮਨਾਉਂਦਾ ਹੈ ਬਹੁਤ ਉਤਸ਼ਾਹ ਨਾਲ ਜੀਵਨ ਬਤੀਤ ਕਰਦਾ ਹੈ ਤੇ ਜਦੋਂ ਲਗਾਤਾਰ ਚਿੰਤਾ ਨਾਲ nervous system weak (ਨਾੜੀ ਕਾਰਜ ਕਮਜ਼ੋਰ) ਹੋ ਜਾਵੇ ਤਾਂ ਆਦਮੀ ਦੀ ਸੋਚ ਵਿਚ ਫਰਕ ਆ ਜਾਂਦਾ ਹੈ ਅਤੇ ਆਦਮੀ ਦਾ ਸੁਭਾਅ ਚਿੜਚਿੜਾ ਹੋ ਜਾਂਦਾ ਹੈ। ਉਸਨੂੰ ਕੋਈ ਚੰਗਾ ਨਹੀਂ ਲਗਦਾ, ਕਿਤੇ ਜਾਣ ਨੂੰ ਉਸਦਾ ਜੀਅ ਨਹੀਂ ਕਰਦਾ, ਕਿਸੇ ਨਾਲ ਬੋਲਣ ਨੂੰ ਜੀਅ ਨਹੀਂ ਕਰਦਾ। ਅੰਦਰੋਂ ਆਪ-ਮੁਹਾਰੇ ਉਭੇ ਸਾਹ, ਲੰਬੇ ਹਉਕੇ ਆਉਂਦੇ ਹਨ। ਉਸਦੇ ਚਿਹਰੇ ਤੇ ਉਦਾਸੀ ਦੇ ਚਿੰਨ ਨਜ਼ਰ

ਆਉਣ ਲਗ ਜਾਂਦੇ ਹਨ। ਸਿਆਣੇ ਡਾਕਟਰ ਦਵਾਈ ਦਿੰਦੇ ਹਨ, ਵਾਤਾਵਰਨ ਬਦਲਣ ਲਈ ਸਲਾਹ ਦਿੰਦੇ ਹਨ। ਤੀਰਥਾਂ, ਪਹਾੜਾਂ ਜਾਂ ਸਾਧੂਆਂ ਸੰਤਾਂ ਦੇ ਦਰਸ਼ਨ ਕਰਨ ਦੀ ਸਲਾਹ ਦਿੰਦੇ ਹਨ, ਉਨ੍ਹਾਂ ਰਿਸ਼ਤੇਦਾਰਾਂ ਨਾਲ ਜਿਨ੍ਹਾਂ ਦੇ ਮਿਲਣ ਤੇ ਖੁਸ਼ੀਆਂ ਮਿਲਣ, ਉਨ੍ਹਾਂ ਨਾਲ ਮਿਲਣ-ਜੁਲਣ ਦੀ ਸਲਾਹ ਦਿੰਦੇ ਹਨ। ਰੁਝੇਵੇਂ ਭਰਿਆ ਜੀਵਨ ਗੁਜ਼ਾਰਨ ਲਈ ਆਖਦੇ ਹਨ ਅਤੇ ਦਵਾਈ ਦੇ ਕੇ ਕੁਝ ਚਿਰ ਵਿਚ ਹੀ ਉਸਨੂੰ ਰਾਜ਼ੀ ਕਰ ਦਿੰਦੇ ਹਨ। ਇਸੇ ਤਰ੍ਹਾਂ ਨਾਲ ਅਸਾਡੇ ਪੁਰਾਣੇ ਬਜ਼ੁਰਗਾਂ ਨੇ, ਜਿਹੜੇ ਦਿਨ ਰਾਤ ਜੰਗਲਾਂ ਵਿਚ ਬੈਠ ਕੇ ਅੰਦਰਲੇ ਅਤੇ ਪ੍ਰਕ੍ਰਿਤੀ ਦੇ ਅਸਰਾਂ ਦੀ ਖੋਜ ਵਿਚ ਲੱਗੇ ਰਹਿੰਦੇ ਸਨ, ਉਨ੍ਹਾਂ ਦੇ ਮਤ ਅਨੁਸਾਰ ਇਹ ਵੀ ਜਾਣਿਆ ਜਾਂਦਾ ਸੀ ਕਿ ਜਦੋਂ ਮਹੀਨਾ ਚੜ੍ਹਦਾ ਹੈ, ਸੂਰਜ ਆਪਣੀ ਚਾਲ ਬਦਲਦਾ ਹੈ, ਚੰਦਰਮਾ ਆਪਣੀ ਨਵੀਂ ਚਾਲ ਦਾ ਮਾਰਗ ਅਪਣਾਉਂਦਾ ਹੈ ਤਾਂ ਉਸ ਦਿਨ ਜੋ ਮਹੀਨਾ ਸ਼ੁਰੂ ਹੁੰਦਾ ਹੈ, ਉਹ ਕਿਸੇ ਮਹਾਂਪੁਰਸ਼ ਦੇ ਮੁਖ ਤੋਂ ਸੁਣਿਆ ਜਾਵੇ। ਉਸ ਮਹਾਂਪੁਰਸ਼ ਦੇ ਮੁਖ ਤੋਂ ਮਹੀਨੇ ਦਾ ਨਾਉਂ ਸੁਣ ਕੇ ਨਿਸ਼ਚੇਪੂਰਵਕ ਇਹ ਸਮਝ ਜਾਂਦਾ ਸੀ ਕਿ ਮੇਰੇ ਜੋ ਆਉਣ ਵਾਲੇ ਮਹੀਨੇ ਵਿਚ ਵਿਘਨ ਹਨ ਉਨ੍ਹਾਂ ਦੇ ਅਸਰ ਬਹੁਤ ਹੀ ਘਟ ਕੇ ਵਰਤਣੇ ਹਨ ਅਤੇ ਮਹੀਨਾ ਸੁਖ-ਸਾਂਦ ਨਾਲ ਲੰਘ ਜਾਵੇਗਾ। ਗੁਰਮਤਿ ਅਨੁਸਾਰ ਇਨ੍ਹਾਂ ਗ੍ਰਹਿਾਂ, ਦਿਨਾਂ, ਵਾਰਾਂ ਦੇ ਅਸਰਾਂ ਦੇ ਮੁਕਾਬਲੇ ਵਿਚ ਗੁਰੂ ਮਹਾਰਾਜ ਜੀ ਨੇ ਨਾਮ ਸ਼ਕਤੀ ਨਾਲ ਜੁੜਨ ਦਾ ਸਾਧਨ ਦਸਿਆ। ਨਾਮ ਨੂੰ ਹਿਰਦੇ ਵਿਚ ਵਸਾਉਣਾ ਅਤੇ ਗੁਰੂ ਦਾ ਸਰੂਪ ਹਿਰਦੇ ਵਿਚ ਧਾਰਨਾ ਕਰਨਾ, ਵਾਹਿਗੁਰੂ ਜੀ ਦੀ ਪ੍ਰੀਪੂਰਨਤਾ ਨਾਲ ਸਦਾ ਹੀ ਜੁੜੇ ਰਹਿਣਾ, ਉਹ ਇਕ ਕਵੱਚ ਦਸਿਆ ਜੋ ਕਿਲੇ ਦਾ ਕੰਮ ਕਰਦਾ ਹੈ, ਸੰਜੋਅ ਬਣਦਾ ਹੈ। ਨਾਮ ਜਪਣ ਵਾਲੇ ਉਪਰ ਕੋਈ ਵਿਘਨ ਹਾਵੀ ਨਹੀਂ ਹੁੰਦਾ, ਜਿਵੇਂ ਕਿ ਫੁਰਮਾਨ ਹੈ -

***ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ॥***
***ਅੰਗ - ੨੬੨***

ਅਤੇ ਇਸ ਦੇ ਮੁਕਾਬਲੇ ਵਿਚ ਜੋ ਨਾਮ ਸ਼ਕਤੀ ਨਾਲ ਜੁੜ ਨਹੀਂ ਸਕਦਾ, ਜਿਨ੍ਹਾਂ ਦੇ ਅੰਦਰ ਨਾਮ ਧੁਨ ਅਜੇ ਸੁਣਨ ਨਹੀਂ ਲੱਗੀ, ਜੋ ਵਾਹਿਗੁਰੂ ਜੀ ਦੀ ਹੋਂਦ ਤੋਂ ਅਚੇਤ ਹਨ, ਜਿਨ੍ਹਾਂ ਨੇ ਕੋਈ ਗੁਰੂ ਨਹੀਂ ਧਾਰਨ ਕਰਿਆ ਅਤੇ ਗੁਰੂ ਤੋਂ ਮੰਤਰ ਲੈ ਕੇ ਉਸ ਦਾ ਜਾਪ ਨਹੀਂ ਕਰਦੇ ਅਤੇ ਨਾਮ ਦੀ ਪਰੀਪੂਰਨਤਾ ਉਤੇ ਵਿਸ਼ਵਾਸ਼ ਨਹੀਂ ਰਖਦੇ, ਉਨ੍ਹਾਂ ਨੂੰ ਦਿਨ, ਵਾਰ, ਮਹੀਨੇ, ਗ੍ਰਹਿ ਆਪਣਾ ਅਸਰ ਹਰ ਹਾਲਤ ਵਿਚ ਦਿਖਾਉਂਦੇ ਹਨ। ਉਹ ਜਤਨ ਕਰਦਾ ਹੈ ਪਰ ਵਿਘਨਾਂ ਦਾ ਉਭਾਰ ਉਸਦੀ ਪੇਸ਼ ਨਹੀਂ ਜਾਣ ਦਿੰਦਾ। ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ -

***ਕੋਟਿ ਬਿਘਨ ਤਿਸੁ ਲਾਗਤੇ***
***ਜਿਸ ਨੋ ਵਿਸਰੈ ਨਾਉ॥***
***ਨਾਨਕ ਅਨਦਿਨੁ ਬਿਲਪਤੇ***
***ਜਿਉ ਸੁੰਞੈ ਘਰਿ ਕਾਉ॥ ਅੰਗ - ੫੨੪***

ਇਸ ਤਰ੍ਹਾਂ ਦੇ ਭੁੱਲਣ ਨਾਲ ਵਿਘਨ ਬਿਆਪ ਜਾਂਦੇ ਹਨ। ਜਦੋਂ ਵਾਹਿਗੁਰੂ ਜੀ ਦਾ ਨਾਮ ਹਿਰਦੇ ਵਿਚ ਵਸ ਜਾਵੇ ਤਾਂ ਗੁਰੂ ਮਹਾਰਾਜ ਫੁਰਮਾਉਂਦੇ ਹਨ -

***ਰਾਮੁ ਜਪਹੁ ਵਡਭਾਗੀਹੋ***
***ਜਲਿ ਥਲਿ ਪੂਰਨੁ ਸੋਇ॥***
***ਨਾਨਕ ਨਾਮਿ ਧਿਆਇਐ***
***ਬਿਘਨੁ ਨ ਲਾਗੈ ਕੋਇ॥ ਅੰਗ - ੫੨੪***

ਸ਼ੋਕ ਦੇ ਪਰਛਾਵੇਂ ਦੂਰ ਹੋ ਜਾਂਦੇ ਹਨ। ਸਾਰੇ ਮਨੋਰਥ ਪੂਰੇ ਹੋ ਜਾਂਦੇ ਹਨ, ਸੁਖ, ਸਹਿਜ ਤੇ ਅਨੰਦ ਦੀ ਪ੍ਰਾਪਤੀ ਹੋ ਜਾਂਦੀ ਹੈ। ਇਥੋਂ ਤਕ ਕਿ ਨਾਮ ਜਪਣ ਦੇ ਨਾਲ ਜੰਮਣਾ ਤੇ ਮਰਨਾ ਖਤਮ ਹੋ ਜਾਂਦਾ ਹੈ। ਵਾਹਿਗੁਰੂ ਜੀ ਵਿਚ, ਨਾਮ ਵਿਚ ਵਾਸਾ ਹੋ ਜਾਂਦਾ ਹੈ ਜਿਸ ਬਾਰੇ ਫੁਰਮਾਨ ਹੈ -

***ਸਿਮਰਿ ਸਿਮਰਿ ਦਾਤਾਰੁ ਮਨੋਰਥ ਪੂਰਿਆ॥***
***ਇਛ ਪੁੰਨੀ ਮਨਿ ਆਸ ਗਏ ਵਿਸੂਰਿਆ॥***
***ਪਾਇਆ ਨਾਮੁ ਨਿਧਾਨੁ ਜਿਸ ਨੋ ਭਾਲਦਾ॥***
***ਜੋਤਿ ਮਿਲੀ ਸੰਗਿ ਜੋਤਿ ਰਹਿਆ ਘਾਲਦਾ॥***
***ਸੂਖ ਸਹਜ ਆਨੰਦ ਵੁਠੇ ਤਿਤੁ ਘਰਿ॥***
***ਆਵਣ ਜਾਣ ਰਹੇ ਜਨਮੁ ਨ ਤਹਾ ਮਰਿ॥***
***ਸਾਹਿਬੁ ਸੇਵਕੁ ਇਕੁ ਇਕੁ ਦ੍ਰਿਸਟਾਇਆ॥***
***ਗੁਰ ਪ੍ਰਸਾਦਿ ਨਾਨਕ ਸਚਿ ਸਮਾਇਆ॥***
***ਅੰਗ- ੫੨੪***

ਸੋ ਗੁਰਮਤਿ ਸਿਧਾਂਤ ਦੇ ਮੁਤਾਬਿਕ ਗ੍ਰਹਿ, ਵਾਰ, ਥਿਤਾਂ ਉਸ ਜੀਵਨ ਉਪਰ ਆਪਣਾ ਅਸਰ ਕਰਦੀਆਂ ਹਨ ਜਿਹੜੇ ਪ੍ਰਮੇਸ਼ਰ ਦੇ ਨਾਮ ਨਾਲੋਂ ਟੁੱਟੇ ਹੋਏ ਹਨ। ਜਿਸ ਦੇ ਹਿਰਦੇ ਵਿਚ ਨਾਮ ਵਸ ਗਿਆ ਉਸ ਨੂੰ ਜੋ ਬਰਕਤਾਂ ਪ੍ਰਾਪਤ ਹੁੰਦੀਆਂ ਹਨ, ਉਹਦੇ ਬਾਰੇ ਸੁਖਮਨੀ ਸਾਹਿਬ ਦੀ ਪਹਿਲੀ ਅਸ਼ਟਪਦੀ ਵਿਚ ਖੋਲ੍ਹ ਕੇ ਵਰਣਨ ਕੀਤਾ ਗਿਆ ਹੈ। ਉਸ ਅਸ਼ਟਪਦੀ ਨੂੰ ਵਿਚਾਰਨ ਦੀ ਖੇਚਲ ਕਰੋ। ਅਸੀਂ ਇਸ ਥਾਂ ਜੋਤਸ਼ ਵਿਦਿਆ ਨੂੰ ਗਲਤ ਨਹੀਂ ਆਖਦੇ। ਉਹ ਇਕ ਵਿਦਿਆ ਹੈ, ਹਿਸਾਬ ਹੈ ਜੋ ਕਿਸੇ ਸਮੇਂ ਪੂਰੀ ਤਰ੍ਹਾਂ ਨਾਲ ਖੋਜੀ ਦੇ ਹਿਰਦੇ ਵਿਚ ਗਿਆਤ ਰਖਦੀ ਸੀ ਪਰ ਸਮੇਂ ਦੇ ਫੇਰ ਨਾਲ ਉਹ ਵਿਦਿਆ ਦੀ ਸੂਝ ਵੀ ਅਧੂਰੀ ਹੋ ਗਈ, ਉਸਨੂੰ ਵੀ

ਕੰਪਿਊਟਰ ਅਧੀਨ ਕਰ ਦਿਤਾ ਗਿਆ ਅਤੇ ਛਪੇ ਛਪਾਏ ਪਰਚੇ ਜੋਤਸ਼ੀ ਲੋਕ ਕੰਪਿਊਟਰ (computer) ਦਾ ਬਟਨ ਦੱਬ ਕੇ ਹੱਥ ਵਿਚ ਫੜਾ ਦਿੰਦੇ ਹਨ। ਇਥੇ ਅਸਾਡੇ ਸਾਮ੍ਹਣੇ ਮਸਲਾ ਇਹ ਨਹੀਂ ਹੈ ਕਿ ਅਸੀਂ ਜੋਤਸ਼ ਵਿਦਿਆ ਉਤੇ ਕੋਈ ਕਿੰਤੂ ਕਰੀਏ ਜਾਂ ਉਸਨੂੰ support (ਸਮਰੱਥਨ) ਕਰੀਏ। ਗੁਰਮਤਿ ਦਾ ਜੋ ਸਿਧਾਂਤ ਹੈ ਉਹ ਇਹ ਹੈ ਕਿ ਨਾਮ ਜਪਣ ਵਾਲੇ ਨੂੰ ਵਿਘਨਾਂ ਤੋਂ ਛੁਟਕਾਰਾ ਮਿਲਦਾ ਹੈ ਅਤੇ ਉਸਦੀਆਂ ਮਨ ਦੀਆਂ ਸ਼ੁਧ ਵਾਸ਼ਨਾਵਾਂ ਪੂਰੀਆਂ ਹੁੰਦੀਆਂ ਹਨ –

*ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧਿ॥*
*ਪ੍ਰਭ ਕੈ ਸਿਮਰਨਿ*
*ਗਿਆਨੁ ਧਿਆਨੁ ਤਤੁ ਬੁਧਿ॥*

***ਅੰਗ – ੨੬੨***

ਨਾਮ ਜਪਣ ਵਾਲਾ ਨਾਮ ਦੇ ਆਸਰੇ ਆਪਣੀ ਕਿਸਮਤ ਬਦਲ ਲੈਂਦਾ ਹੈ ਅਤੇ ਜਿਸ ਚੀਜ਼ ਨੂੰ ਉਹ ਪ੍ਰਭੂ ਤੋਂ ਮੰਗਦਾ ਹੈ, ਉਹ ਉਸਨੂੰ ਪ੍ਰਾਪਤ ਹੋ ਜਾਂਦੀ ਹੈ ਕਿਉਂਕਿ ਗੁਪਤ ਸ਼ਕਤੀਆਂ ਉਸਦੀ ਆਗਿਆ ਵਿਚ ਚਲ ਕੇ ਆਪਣਾ ਭਲਾ ਮਨਾਉਂਦੀਆਂ ਹਨ ਜਿਸ ਤਰ੍ਹਾਂ ਕਿ –

*ਨਵ ਨਿਧੀ ਅਠਾਰਹ ਸਿਧੀ*
*ਪਿਛੈ ਲਗੀਆ ਫਿਰਹਿ*
*ਜੋ ਹਰਿ ਹਿਰਦੈ ਸਦਾ ਵਸਾਇ॥*

***ਅੰਗ – ੬੪੯***

ਅਤੇ

*ਜੋ ਮਾਗਹਿ ਸੋਈ ਸੋਈ ਪਾਵਹਿ*
*ਸੇਵਿ ਹਰਿ ਕੇ ਚਰਣ ਰਸਾਇਣ॥*

***ਅੰਗ – ੭੧੪***

ਸੋ ਅਸਾਡਾ ਜਿਥੇ ਤਕ ਸਬੰਧ ਹੈ ਅਸੀਂ ਵਿਸ਼ਵਾਸ਼ ਰਖਦੇ ਹਾਂ ਕਿ ਨਾਮ ਜਪਣ ਦੇ ਨਾਲ ਅਸਾਡੇ ਜੀਵਨ ਦੀ ਚਾਲ ਸੁਖਾਲੀ ਚਲਦੀ ਰਹੇਗੀ। ਗ੍ਰੈਹਾਂ ਦਾ ਡਰ ਅਸਾਨੂੰ ਨਹੀਂ ਸਤਾਵੇਗਾ ਅਤੇ ਨਾ ਹੀ ਅਸਾਡੇ ਉਪਰ ਅਸਰ ਕਰੇਗਾ। ਅਸਾਨੂੰ ਗੁਰੂ ਮਹਾਰਾਜ ਜੀ ਨੇ ਅਨੇਕ ਕਿਸਮ ਦੇ ਗ੍ਰਹਿ–ਦਾਨਾਂ, ਬ੍ਰਤਾਂ, ਵਾਰਨਿਆਂ, ਟੂਨਿਆਂ–ਜਾਦੂਆਂ ਤੋਂ ਛੁਟਕਾਰਾ ਦਿਵਾ ਦਿਤਾ। ਅਸਾਡੇ ਵਾਸਤੇ ਮਹੀਨੇ ਦਾ ਨਾਮ ਕਿਸੇ ਪਵਿੱਤਰ ਵਿਅਕਤੀ ਤੋਂ ਸੁਣਨਾ ਜਾਂ ਨਾ ਸੁਣਨਾ ਕੋਈ ਬਹੁਤ ਅਸਰਦਾਇਕ ਨਹੀਂ ਹੈ ਕਿਉਂਕਿ ਗੁਰਸਿੱਖ ਦੇ ਹਿਰਦੇ ਵਿਚ ਸਦਾ ਹੀ ਵਾਹਿਗੁਰੂ ਜੀ ਦੀ ਪਵਿੱਤਰ ਹਸਤੀ ਦਾ ਨਿਵਾਸ ਰਹਿੰਦਾ ਹੈ, ਉਹ ਸਤਿ ਚਿਤ ਐਨਰਜੀ ਆਪਣੇ ਪਿਆਰੇ ਦੇ ਚਾਰੇ ਪਾਸੇ ਰਾਮ ਕਾਰ ਖਿਚ ਕੇ ਰਖਦੀ ਹੈ। ਉਸਨੂੰ ਕੋਈ ਤੱਤੀ ਹਵਾ ਦਾ ਝੋਲਾ, ਦੁਖ ਨਹੀਂ ਦੇ ਸਕਦਾ –

*ਤਾਤੀ ਵਾਉ ਨ ਲਗਈ*
*ਪਾਰਬ੍ਰਹਮ ਸਰਣਾਈ॥*
*ਚਉਗਿਰਦ ਹਮਾਰੈ ਰਾਮ ਕਾਰ*
*ਦੁਖੁ ਲਗੈ ਨ ਭਾਈ॥*
*ਸਤਿਗੁਰੁ ਪੂਰਾ ਭੇਟਿਆ*
*ਜਿਨਿ ਬਣਤ ਬਣਾਈ॥*
*ਰਾਮ ਨਾਮੁ ਅਉਖਧੁ ਦੀਆ*
*ਏਕਾ ਲਿਵ ਲਾਈ॥*
*ਰਾਖਿ ਲੀਏ ਤਿਨਿ ਰਖਨਹਾਰਿ*
*ਸਭ ਬਿਆਧਿ ਮਿਟਾਈ॥*
*ਕਹੁ ਨਾਨਕ ਕਿਰਪਾ ਭਈ ਪ੍ਰਭ ਭਏ ਸਹਾਈ॥*

***ਅੰਗ – ੮੧੯***

ਗੁਰੂ ਦਸ਼ਮੇਸ਼ ਪਿਤਾ ਜੀ ਗੁਰੂ ਨਾਲ ਜੁੜੇ ਹੋਏ ਜਗਿਆਸੂ ਉਪਰ ਗੁਰੂ ਦੀ ਕ੍ਰਿਪਾ ਦਾ ਵੇਰਵਾ ਦਿੰਦੇ ਹੋਏ ਫੁਰਮਾਨ ਕਰਦੇ ਹਨ –

*ਰੋਗਨ ਤੇ ਅਰ ਸੋਗਨ ਤੇ*
*ਜਲ ਜੋਗਨ ਤੇ ਬਹੁ ਭਾਂਤਿ ਬਚਾਵੈ॥*
*ਸਤ੍ਰ ਅਨੇਕ ਚਲਾਵਤ ਘਾਵ,*
*ਤਊ ਤਨ ਏਕ ਨ ਲਾਗਨ ਪਾਵੈ॥*
*ਰਾਖਤ ਹੈ ਅਪਨੋ ਕਰ ਦੈ ਕਰ,*
*ਪਾਪ ਸਮੂੰਹ ਨ ਭੇਟਨ ਪਾਵੈ॥*
*ਔਰ ਕੀ ਬਾਤ ਕਹਾ ਕਹ ਤੋ ਸੋਂ*
*ਸੁ ਪੇਟ ਹੀ ਕੇ ਪਟ ਬੀਚ ਬਚਾਵੈ॥*

***(ਅਕਾਲ ਉਸਤਤਿ)***

ਗੁਰੂ ਸ਼ਕਤੀ, ਵਾਹਿਗੁਰੂ ਸ਼ਕਤੀ ਜੋ ਇਕੋ ਰੂਪ ਹਨ, ਜਿਨ੍ਹਾਂ ਦੇ ਦੁਆਲੇ ਇਨ੍ਹਾਂ ਸ਼ਕਤੀਆਂ ਦੀ ਕਾਰ ਹੋ ਜਾਂਦੀ ਹੈ ਉਹ ਵਿਘਨਾਂ ਤੋਂ ਰਹਿਤ ਹੋ ਜਾਇਆ ਕਰਦੇ ਹਨ। ਗੁਰੂ ਪੰਜਵੇਂ ਪਾਤਸ਼ਾਹ ਜੀ ਨੇ ਬਾਰਹ ਮਾਹਾ ਦਾ ਉਚਾਰਨ ਇਸ ਕਰਕੇ ਨਹੀਂ ਕੀਤਾ ਕਿ ਮਹੀਨੇ ਦਾ ਨਾਮ ਕੋਈ ਭਲਾ ਪੁਰਸ਼ ਸੰਗਤ ਨੂੰ ਸੁਣਾਵੇ, ਇਸ ਦੇ ਵਿਪਰੀਤ ਬਾਰਹ ਮਾਹਾ ਇਕ ਗੂੜ੍ਹ ਫਿਲਾਸਫੀ ਹੈ, ਇਕ ਜੀਵ ਦੀ ਪਰਮ ਪਦ ਤਕ ਪਹੁੰਚਣ ਦੀ ਤਾਂਘ ਹੈ। ਜਗਿਆਸੂਆਂ ਲਈ ਗਾਡੀ ਰਾਹ ਮਾਰਗ ਹੈ, ਜਿਸਨੂੰ ਸਨੇ–ਸਨੇ ਹਰ ਮਹੀਨੇ ਵਿਚਾਰਦੇ ਹੋਏ, ਅਸੀਂ ਆਖਰੀ ਮਹੀਨੇ ਵਿਚ –

*ਫਲਗੁਣਿ ਅਨੰਦ ਉਪਾਰਜਨਾ*
*ਹਰਿ ਸਜਣ ਪ੍ਰਗਟੇ ਆਇ॥* ***ਅੰਗ– ੧੩੬***

ਦੇ ਮਹਾਨ ਬਰਕਤਾਂ ਭਰੇ ਮਿਲਾਪ ਵਿਚ ਪਹੁੰਚ ਕੇ ਦੋ ਤੋਂ ਇਕ ਰੂਪ ਹੋ ਸਕਦੇ ਹਾਂ। ਸੋ ਬਾਰਹ ਮਾਹਾ ਦੀ ਵਿਚਾਰ ਮਹੀਨੇ ਵਾਰੀ ਸੁਣਨੀ ਫੇਰ ਮਹੀਨਾ ਭਰ ਅੰਤਰੰਗ ਸੰਗਤ ਕਰਨੀ, ਹੌਲੀ–ਹੌਲੀ ਅਮੋੜ ਮਨ ਨੂੰ

ਨਾਮ ਵਿਚ ਲਾ ਕੇ ਬੈਰਾਗ ਰਾਹੀਂ ਪ੍ਰਭੂ ਦੇ ਪਿਆਰ ਵਿਚ ਜੋੜਨਾ ਅਤੇ ਪ੍ਰਭੂ ਮਿਲਾਪ ਵਿਚ ਪੁਜ ਕੇ ਦ੍ਵੈ ਤੋਂ ਇਕ ਰੂਪ ਵਿਚ ਹੋ ਜਾਣਾ, ਇਹ ਉਦੇਸ਼ ਹੈ - ਬਾਰਹ ਮਾਹਾ ਦਾ।

ਸੋ ਆਪ 12 ਮਹੀਨਿਆਂ ਦੇ ਨਾਲ ਪਹਿਲਾਂ ਵੀ ਗੁਰ ਸ਼ਬਦ ਰਾਹੀਂ ਮੰਤਵ ਪ੍ਰਗਟ ਕਰਦੇ ਹਨ ਅਤੇ ਬਾਰਾਂ ਮਹੀਨਿਆਂ ਦੇ ਉਪਦੇਸ਼ ਵਿਚੋਂ ਲੰਘਣ ਉਪਰੰਤ ਆਪ ਫੁਰਮਾਨ ਕਰਦੇ ਹਨ ਕਿ -

***ਜਿਨਿ ਜਿਨਿ ਨਾਮੁ ਧਿਆਇਆ***
***ਤਿਨ ਕੇ ਕਾਜ ਸਰੇ॥ ਅੰਗ - ੧੩੬***

ਇਹ ਫਲ ਦਸਦੇ ਹਨ - ਇਸ ਲੰਮੀ ਵਿਚਾਰ ਨੂੰ ਹਿਰਦੇ ਵਿਚ ਧਾਰਨ ਕਰਨ ਦਾ। ਜਿਨ੍ਹਾਂ ਨੇ ਪੂਰੇ ਗੁਰੂ ਨੂੰ ਅਰਾਧਿਆ ਹੈ ਉਹ ਦਰਗਾਹ ਵਿਚ ਖੋਟੇ ਨਹੀਂ ਕਹੇ ਜਾਣਗੇ, ਖਰੇ ਕਹੇ ਜਾਣਗੇ ਅਤੇ ਸੁਖਾਂ ਦਾ ਖਜ਼ਾਨਾ ਉਨ੍ਹਾਂ ਨੂੰ ਪ੍ਰਾਪਤ ਹੋ ਜਾਂਦਾ ਹੈ; ਜਿਨ੍ਹਾਂ ਨੇ ਵਾਹਿਗੁਰੂ ਜੀ ਦੇ ਚਰਨਾਂ ਦੀ ਸ਼ਰਨ ਲੈ ਲਈ, ਉਨ੍ਹਾਂ ਨੇ ਪ੍ਰੇਮਾ ਭਗਤੀ ਪਾ ਲਈ। ਮਾਇਆ ਦੀ ਸੜਨ ਵਿਚ ਨਹੀਂ ਸੜੇ, ਉਨ੍ਹਾਂ ਦੀ ਕੂੜ ਦੀ ਹਉਮੈ ਰੂਪੀ ਦੀਵਾਰ ਤੇ ਦੁਬਿਧਾ ਦਾ ਨਾਸ਼ ਹੋ ਗਿਆ ਅਤੇ ਪੂਰਨ ਸੱਚ ਵਿਚ ਆਪਣੀ ਹਉਂ ਛੱਡ ਕੇ ਸਮਾਅ ਗਏ। ਇਹ ਪ੍ਰਾਪਤੀ ਉਨ੍ਹਾਂ ਨੂੰ ਹੀ ਹੁੰਦੀ ਹੈ ਜਿਨ੍ਹਾਂ ਉਤੇ ਗੁਰੂ ਦੀ ਮਿਹਰ ਹੋ ਜਾਂਦੀ ਹੈ; ਵਾਹਿਗੁਰੂ ਜੀ ਦੀ ਨਦਰ ਹੋ ਜਾਵੇ ਫਿਰ -

***ਮਾਹ ਦਿਵਸ ਮੂਰਤ ਭਲੇ***
***ਜਿਸ ਕਉ ਨਦਰਿ ਕਰੇ॥***
***ਨਾਨਕੁ ਮੰਗੈ ਦਰਸ ਦਾਨੁ***
***ਕਿਰਪਾ ਕਰਹੁ ਹਰੇ॥ ਅੰਗ - ੧੩੬***

ਕਹਿ ਕੇ ਆਪ ਇਸ ਲੰਮੀ ਫਿਲਾਸਫੀ ਵਿਚ ਆਏ ਸਿਧਾਂਤਾਂ ਵਲ ਧਿਆਨ ਦਿਵਾਉਂਦੇ ਹਨ। ਬਾਰਹ ਮਾਹਾ ਦੇ ਆਰੰਭਕ ਸ਼ਬਦ ਵਿਚ ਫੁਰਮਾਨ ਕਰਦੇ ਹਨ-

***ਕਿਰਤਿ ਕਰਮ ਕੇ ਵੀਛੁੜੇ***
***ਕਰਿ ਕਿਰਪਾ ਮੇਲਹੁ ਰਾਮ॥ ਅੰਗ - ੧੩੩***

ਸੰਸਾਰ ਦੀ ਰਚਨਾ ਦੇ ਅਰੰਭ ਵਿਚ ਵਾਹਿਗੁਰੂ ਜੀ ਆਪਣੇ ਆਪ ਤੋਂ ਹੀ ਅਨੇਕ ਹੋਏ-ਹੋਏ ਹਨ। ਏਕੰਕਾਰ ਦੀ ਸਾਕਾਰਤਾ ਧਾਰਨ ਕਰਨ ਉਪਰੰਤ ਹੁਕਮ ਦੀ ਕ੍ਰਿਆ ਚੱਲੀ, ਇਸ ਹੁਕਮ ਦੇ ਅਧੀਨ ਖੰਡਾਂ-ਬ੍ਰਹਿਮੰਡਾਂ, ਤੱਤਾਂ, ਦੇਵੀ ਦੇਵਤਿਆਂ, ਸੂਖਮ ਅਸਥੂਲ, ਜਗਤ ਦੀ ਉਤਪਤੀ ਹੋਈ। ਇਸ ਧਰਤੀ ਵਿਚ ਚਾਰ ਜੀਵਤ ਖਾਣੀਆਂ ਨੇ ਜੀਵਨ ਸਫਰ ਸ਼ੁਰੂ ਕੀਤਾ ਜਿਨ੍ਹਾਂ ਨੂੰ ਅੰਡਜ, ਜੇਰਜ, ਸੇਤਜ, ਉਤਭੁਜ ਕਿਹਾ ਜਾਂਦਾ ਹੈ। ਪ੍ਰਭੂ ਹੁਕਮ ਵਿਚ ਹੀ ਸਾਰੇ ਆਕਾਰ ਵਜੂਦ ਵਿਚ ਆਏ ਅਤੇ ਉਸੇ ਹੁਕਮ ਅਨੁਸਾਰ ਅਨੰਤ ਚਿਤਾਂ ਵਿਚ ਜਾਗ੍ਰਤ ਅਨੁਭਵ ਹੋਈ, ਜਿਸ ਤੋਂ ਉਹ ਨਿਰੰਕਾਰੀ ਕਿਰਨ ਜਾਂ ਨਿਰੰਕਾਰੀ ਚੇਤਨ ਬੂੰਦ, ਪ੍ਰਕ੍ਰਿਤੀ ਨਾਲ ਮਿਲ ਕੇ ਸਰੀਰ ਧਾਰਨ ਕਰਕੇ ਵਾਤਾਵਰਣ ਦੇ ਅਨੁਕੂਲ ਪ੍ਰਕ੍ਰਿਤੀ ਦੇ ਤਿੰਨ ਗੁਣ ਰਜੋ ਗੁਣ, ਤਮੋ ਗੁਣ, ਸਤੋ ਗੁਣ ਦੇ ਅਧੀਨ ਕ੍ਰਿਆਸ਼ੀਲ ਹੋਈ, ਜਿਨ੍ਹਾਂ ਨੂੰ ਜੀਵ ਦੀ ਉਪਾਧੀ ਮਿਲੀ -

***ਹੁਕਮੀ ਹੋਵਨਿ ਆਕਾਰ***
***ਹੁਕਮੁ ਨ ਕਹਿਆ ਜਾਈ॥***
***ਹੁਕਮੀ ਹੋਵਨਿ ਜੀਅ***
***ਹੁਕਮਿ ਮਿਲੈ ਵਡਿਆਈ॥ ਅੰਗ - ੧***

ਬਾਣੀ ਵਿਚ ਫੁਰਮਾਨ ਆਉਂਦਾ ਹੈ ਕਿ ਇਸ ਜਾਗ੍ਰਤ ਜੋਤ ਦੇ ਪ੍ਰਕ੍ਰਿਤੀ ਨਾਲ ਪ੍ਰਤੀਬਿੰਬਤ ਮਿਲਾਪ ਦੇ ਕਾਰਨ ਜੜ੍ਹ ਚਿਤ ਵਿਚ ਚੇਤਨਤਾ ਉਤਪੰਨ ਹੋਈ ਅਤੇ ਉਸਨੇ ਆਪਣੇ ਆਪ ਦੀ ਹੋਂਦ ਨੂੰ ਵਿਕਲੋਤਰੀ ਅਨੁਭਵ ਕੀਤਾ। ਇਸ ਅਸਰ ਨੂੰ ਹਉਮੈ ਦਾ ਨਾਮ ਦਿਤਾ ਗਿਆ। ਹਉਮੈ ਤੇ ਹੁਕਮ ਦੋਵੇਂ ਸ਼ਕਤੀਆਂ ਪ੍ਰਭੂ ਦੀਆਂ ਹਨ। ਹਉਮੈ ਤੱਤ ਨੇ ਅਕਾਸ਼ ਦੀ ਨਿਰਮਲ ਚੇਤਨਤਾ ਨੂੰ ਪ੍ਰਕ੍ਰਿਤੀ ਦੇ ਨਾਲ ਮਿਲਾ ਦਿਤਾ, ਪ੍ਰਮੇਸ਼ਰ ਨਾਲੋਂ ਵਿਯੋਗ ਕਰ ਦਿਤਾ।

***ਕਬੀਰ ਨਿਰਮਲ ਬੂੰਦ ਅਕਾਸ ਕੀ***
***ਪਰਿ ਗਈ ਭੂਮਿ ਬਿਕਾਰ।॥***
***ਬਿਨੁ ਸੰਗਤਿ ਇਉ ਮਾਂਨਈ***
***ਹੋਇ ਗਈ ਭਠ ਛਾਰ॥ ਅੰਗ - ੧੩੭੪***

ਵਾਹਿਗੁਰੂ ਜੀ ਨਾਲੋਂ ਟੁੱਟ ਕੇ ਪ੍ਰਕ੍ਰਿਤੀ ਹੀ ਆਪਣੇ ਆਪ ਨੂੰ ਸਮਝਣ ਲੱਗੀ। ਅਨੰਤ ਨਾਲੋਂ ਵਖਰੀ ਹੋ ਕੇ ਇਹ ਉਤਮ ਜੋਤ ਜੀਵ ਕਹਾਈ। ਪੰਜ ਪੜਦੇ ਇਸਦੇ ਉਤੇ ਲਿਪਟ ਗਏ। ਪਹਿਲਾ ਪੜਦਾ ਅਨੰਦ ਦਾ ਸੀ ਜਿਸ ਵਿਚ ਅਗਿਆਨ ਦੀ ਉਤਪਤੀ ਹੋ ਕੇ ਆਪਣੀ ਵਖਰੀ ਸੋਝੀ ਦਾ ਗਿਆਨ ਹੋਇਆ, ਇਸਨੂੰ ਅਨੰਦਮਈ ਕੋਸ਼ ਕਿਹਾ ਜਾਂਦਾ ਹੈ। ਪ੍ਰਕ੍ਰਿਤੀ ਦੇ ਧੱਕੇ ਨਾਲ ਇਹੋ ਚੇਤਨ ਸਤ੍ਹਾ ਹੇਠਾਂ ਤਿਲ੍ਹਕੀ ਅਤੇ ਉਸ ਵਿਚ ਨਿਰਨਾ ਸ਼ਕਤੀ ਪੈਦਾ ਹੋਈ ਜਿਸਨੂੰ ਵਿਗਿਆਨਮਈ ਕੋਸ਼ ਕਿਹਾ ਜਾਂਦਾ ਹੈ। ਇਸ ਅਵਸਥਾ ਵਿਚੋਂ ਫੇਰ ਧੱਕਾ ਲੱਗਿਆ, ਹੋਰ ਹੇਠਾਂ ਸਰਕਣਾ ਪਿਆ। ਫੁਰਨਿਆਂ ਦੇ ਮੰਡਲ ਵਿਚ ਘਿਰ ਗਈ, ਅਨੇਕ ਕਿਸਮ ਦੇ ਫੁਰਨੇ, ਅਨੇਕ ਕਿਸਮ ਦੀਆਂ ਰਚਨਾਵਾਂ ਦਾ ਅਨੁਭਵ ਇਸ ਦੀ ਸੁਰਤ ਨੂੰ ਘੇਰ ਰਿਹਾ ਸੀ। ਇਸ ਅਵਸਥਾ ਵਿਚੋਂ ਉਸੇ ਪ੍ਰਮ ਜੋਤ ਦੀ ਬੂੰਦ ਨੂੰ ਮਨੋਮਈ ਕੋਸ਼ ਨੇ ਪੂਰੀ ਤਰ੍ਹਾਂ ਨਾਲ ਆਪਣੀ ਵਲਗਣ ਵਿਚ ਲੈ ਲਿਆ। ਹੋਰ ਧੱਕਾ ਖਾਧਾ, ਇਹੀ ਸੂਖਸ਼ਮ ਤੱਤ, ਪ੍ਰਾਣ ਸ਼ਕਤੀ ਨਾਲ ਮਿਲ ਗਿਆ।

ਪ੍ਰਕ੍ਰਿਤੀ ਵਿਚੋਂ ਤੱਤ ਲੈ ਕੇ ਇਹ ਪ੍ਰਾਣ ਵਿਚੋਂ ਹੋਰ ਹੇਠਾਂ ਸਰਕਿਆ ਅਤੇ ਪੰਜਾਂ ਤੱਤਾਂ ਵਿਚ ਵਿਲੀਨ ਹੋ ਕੇ ਇਕ ਨਵੀਂ ਸ਼ਕਲ, ਨਵਾਂ ਰੂਪ ਵੇਖਿਆ। ਇਹ ਰੂਪ ਉਡਾਰੀਆਂ ਨਹੀਂ ਮਾਰ ਸਕਦਾ ਸੀ। ਇਹ ਰੂਪ ਬੰਧਨ ਵਿਚ ਸੀ, ਵਾਤਾਵਰਨ ਦੇ ਮੁਤਾਬਿਕ ਇਹ ਸੁਰਤ ਬੰਧਨਾਂ ਵਿਚ ਲਿਪਟ ਗਈ ਅਤੇ ਇਹ ਆਪਣੇ ਆਪ ਨੂੰ ਪੂਰੀ ਤਰ੍ਹਾਂ ਭੁੱਲ ਕੇ ਸਾਢੇ ਤਿੰਨ ਹੱਥ ਦੀ ਦੇਹ ਮੰਨਣ ਲਗ ਗਈ। ਇਸ ਨੂੰ ਹੀ 'ਮੈਂ' ਆਖਣ ਲਗਿਆ। ਲੱਖ ਜਤਨ ਕਰਨ ਤੇ ਵੀ ਇਹ ਆਪਣੇ ਅਸਲੀ ਸਰੂਪ ਨੂੰ ਨਹੀਂ ਜਾਣਦਾ। ਇਸ ਜੀਵ ਦਾ ਮੌਲਿਕ ਸਰੂਪ ਪੂਰੀ ਤਰ੍ਹਾਂ ਅਗੰਮ, ਅਗਾਹ ਨਿਰਲੇਪ ਹੈ, ਕੇਵਲ ਉਸ ਦਾ ਪ੍ਰਤੀਬਿੰਬ ਸ਼ਕਤੀ ਸਮੇਤ, ਸੂਝ ਸਮੇਤ ਹੇਠਾਂ ਤਿਲ੍ਹਕਿਆ ਅਤੇ ਸਰੀਰ ਬਣ ਗਿਆ। ਇਸਨੂੰ ਇਹ ਪਤਾ ਭੁੱਲ ਗਿਆ ਕਿ ਪਹਿਲੀ ਅਵਸਥਾ ਵਿਚ ਜਦੋਂ ਮੈਨੂੰ ਆਤਮ ਮੰਡਲ ਵਿਚੋਂ ਪ੍ਰਕ੍ਰਿਤੀ ਨੇ ਧੂਹਿਆ ਅਤੇ ਆਤਮਾ ਦਾ ਪ੍ਰਤੀਬਿੰਬ ਜਾਗ੍ਰਤ ਦੇ ਕੇ ਅਨੰਦ ਕਹਾਇਆ, ਉਸ ਵੇਲੇ ਇਸ ਦੀ ਉਪਾਧੀ ਜੀਵ ਦੀ ਹੋ ਗਈ। ਜੋ ਅਨੰਦਮਈ ਕੋਸ਼ ਵਿਚ ਘਿਰੀ ਹੌਲੀ-ਹੌਲੀ ਅਨੰਦਮਈ ਕੋਸ਼ ਵਿਚ ਫਸ ਕੇ ਆਪਣਾ ਸਰੂਪ ਭੁਲ ਗਈ। ਸਰੂਪ ਤਾਂ ਇਸ ਦਾ ਆਤਮਾ ਸੀ ਪਰ ਇਹ ਹਉਮੈ ਦੇ ਅਸਰ ਵਿਚ ਆ ਕੇ ਆਪਣੀ ਸੁਰਤ ਗੁਆ ਬੈਠਿਆ। ਆਪਣੇ ਆਪ ਨੂੰ ਵਾਹਿਗੁਰੂ ਤੋਂ ਵੱਖਰਾ ਜੀਵ ਸਮਝਣ ਲਗ ਗਿਆ। ਇਹ ਜੀਵ ਸਰੀਰ ਨਾਲ ਮਿਲ ਕੇ ਆਪਣੇ ਆਪ ਨੂੰ ਸਰੀਰ ਅਤੇ ਸਰੀਰ ਦਾ ਹੀ ਰੱਖਿਆ ਹੋਇਆ ਨਾਮ ਸਮਝਣ ਲਗ ਗਿਆ। ਇਸ ਸਰੀਰ ਵਿਚ ਆ ਕੇ ਆਪਣੇ ਆਪ ਨੂੰ ਸਰੀਰ ਸਮਝ ਕੇ ਇਸਨੇ ਚੰਗੇ ਤੇ ਮੰਦੇ ਕਰਮ ਕਰਨੇ ਸ਼ੁਰੂ ਕਰ ਦਿਤੇ, ਇਕਨਾਂ ਨੂੰ ਸ਼ੁਭ ਕਰਮ ਆਖਿਆ ਜਾਂਦਾ ਹੈ, ਇਕਨਾਂ ਨੂੰ ਅਸ਼ੁਭ ਕਰਮ ਆਖਿਆ ਜਾਂਦਾ ਹੈ। ਜੀਵ ਦੇ ਬੰਨ੍ਹਣ ਵਾਸਤੇ ਦੋਵੇਂ ਹਥਕੜੀਆਂ ਹਨ; ਇਕ ਸੋਨੇ ਦੀ ਹਥਕੜੀ ਹੈ, ਦੂਸਰੀ ਲੋਹੇ ਦੀ ਹੈ। ਸੋਨੇ ਦੀ ਹਥਕੜੀ ਇਸਨੂੰ ਘੁਮੇਟਣੀਆਂ ਦਿੰਦੀ ਸਵਰਗ ਲੋਕਾਂ ਵਿਚ ਨਿਵਾਸ ਕਰਾ ਦਿੰਦੀ ਹੈ ਅਤੇ ਲੋਹੇ ਦੀ ਹਥਕੜੀ ਇਸਨੂੰ ਨਰਕਾਂ ਵਿਚ ਸੁਟ ਦਿੰਦੀ ਹੈ। ਇਸ ਦੀ ਸੁਰਤ ਨੂੰ ਹੇਠਾਂ ਹੋਰ ਧੱਕਾ ਮਾਰ ਕੇ ਪਸ਼ੂਆਂ, ਪੰਛੀਆਂ, ਨਖਿਧ ਜੂਨੀਆਂ ਦੇ ਸਰੀਰ ਧਾਰਨ ਕਰਾ ਦਿੰਦੀ ਹੈ -

*ਕਈ ਜਨਮ ਭਏ ਕੀਟ ਪਤੰਗਾ॥*
*ਕਈ ਜਨਮ ਗਜ ਮੀਨ ਕੁਰੰਗਾ॥*
*ਕਈ ਜਨਮ ਪੰਖੀ ਸਰਪ ਹੋਇਓ॥*
*ਕਈ ਜਨਮ ਹੈਵਰ ਬ੍ਰਿਖ ਜੋਇਓ॥*
*ਮਿਲੁ ਜਗਦੀਸ ਮਿਲਨ ਕੀ ਬਰੀਆ॥*
*ਚਿਰੰਕਾਲ ਇਹ ਦੇਹ ਸੰਜਰੀਆ॥*
*ਕਈ ਜਨਮ ਸੈਲ ਗਿਰਿ ਕਰਿਆ॥*
*ਕਈ ਜਨਮ ਗਰਭ ਹਿਰਿ ਖਰਿਆ॥*
*ਕਈ ਜਨਮ ਸਾਖ ਕਰਿ ਉਪਾਇਆ॥*
*ਲਖ ਚਉਰਾਸੀਹ ਜੋਨਿ ਭ੍ਰਮਾਇਆ॥*
*ਅੰਗ - ੧੭੬*

ਸੋ ਇਸ ਤਰ੍ਹਾਂ ਨਾਲ ਇਹ ਨਿਰਮਲ ਬੂੰਦ ਆਤਮ ਤੱਤ ਦੀ ਕਰਮਾਂ ਦੀ ਬੰਨ੍ਹੀ ਹੋਈ ਘੁਮੇਟਣੀਆਂ ਖਾਂਦੀ ਹੈ ਅਤੇ ਅਣਗਿਣਤ ਸਮੇਂ ਤੋਂ ਇਸਦਾ ਵਾਹਿਗੁਰੂ ਜੀ ਨਾਲੋਂ ਵਿਜੋਗ ਹੋ ਗਿਆ। ਇਹ ਓਨੀਂ ਦੇਰ ਤਕ ਟਿਕਾਓ ਵਿਚ ਨਹੀਂ ਆ ਸਕਦੀ ਜਦੋਂ ਤਕ ਇਸਦਾ ਮਿਲਾਪ ਵਾਹਿਗੁਰੂ ਜੀ ਨਾਲ ਨਹੀਂ ਹੁੰਦਾ। ਇਸ ਜੀਵ ਨੇ ਆਪਣੀ ਭਟਕਣਾ ਦਾ ਅਨੁਭਵ ਕੀਤਾ ਅਤੇ ਭਟਕਣਾਂ ਵਿਚ ਮਹਿਸੂਸ ਕੀਤਾ ਕਿ ਜਿੰਨੀਆਂ ਉਡਾਰੀਆਂ ਮੈਂ ਮਾਰਦਾ ਹਾਂ ਓਨੇ ਹੀ ਦੁਖ ਮੇਰੇ ਸਾਮ੍ਹਣੇ ਆ ਜਾਂਦੇ ਹਨ ਜਿਸ ਬਾਰੇ ਮਹਾਰਾਜ ਜੀ ਫੁਰਮਾਨ ਕਰਦੇ ਹਨ-

*ਪੰਖੀ ਬਿਰਖ ਸੁਹਾਵੜੇ*
*ਊਡਹਿ ਚਹੁ ਦਿਸਿ ਜਾਹਿ॥*
*ਜੇਤਾ ਊਡਹਿ ਦੁਖ ਘਣੇ*
*ਨਿਤ ਦਾਝਹਿ ਤੈ ਬਿਲਲਾਹਿ॥ ਅੰਗ - ੬੬*

ਇਹ ਮਾਇਆ ਦੇ ਜਾਲ ਵਿਚ ਪੂਰੀ ਤਰ੍ਹਾਂ ਨਾਲ ਫਸ ਗਿਆ। ਹੁਣ ਨਿਕਲਣ ਦਾ ਸਾਧਨ ਇਸਨੂੰ ਨਹੀਂ ਕੋਈ ਦਿਸਦਾ-

*ਮਾਇਆ ਜਾਲੁ ਪਸਾਰਿਆ*
*ਭੀਤਰਿ ਚੋਗ ਬਣਾਇ॥*
*ਤ੍ਰਿਸਨਾ ਪੰਖੀ ਫਾਸਿਆ*
*ਨਿਕਸੁ ਨ ਪਾਏ ਮਾਇ॥ ਅੰਗ - 50*

ਸੋ ਇਹ ਹੈ ਇਤਿਹਾਸ, ਇਹ ਹੈ ਸਫਰ ਉਸ ਨਿਰਮਲ ਬੂੰਦ ਦਾ; ਜੋ ਪ੍ਰਕ੍ਰਿਤੀ ਨਾਲ ਰਲ ਕੇ ਆਪਣੇ ਆਪ ਨੂੰ ਪ੍ਰਕ੍ਰਿਤੀ ਦਾ ਅੰਸ਼ ਸਮਝਣ ਲਗ ਗਈ। ਇਸਨੂੰ ਮਨੁੱਖ ਦਾ ਸਰੀਰ ਪ੍ਰਾਪਤ ਹੋਇਆ, ਆਪਣੀ ਦੁਰਦਸ਼ਾ ਦੀ ਸੋਝੀ ਹੋਈ ਅਤੇ ਇਹ ਪਤਾ ਲਗਿਆ ਕਿ ਮੇਰੀ ਭਟਕਣਾ ਪ੍ਰਭੂ ਦੀ ਸੋਝੀ ਆਏ ਬਿਨਾਂ ਨਹੀਂ ਹਟ ਸਕਣੀ। ਰੋ-ਰੋ ਕੇ ਪੁਕਾਰਾਂ ਕਰਨ ਲੱਗਿਆ, ਹੇ ਪ੍ਰਭੂ! ਮੇਰੇ ਤੇ ਕ੍ਰਿਪਾ ਕਰ, ਮੈਨੂੰ ਆਪਣੀ ਦਰਗਾਹ ਵਿਚ ਵਾਸਾ ਦੇਹ, ਮੇਰੀ 'ਮੈਂ' ਨੂੰ ਪੂਰੀ ਤਰ੍ਹਾਂ ਮਿਟਾ ਦੇ, ਇਸ 'ਮੈਂ' ਨੇ ਧੋਖੇ ਦਿਤੇ ਹਨ, ਇਸ 'ਮੈਂ' ਨੇ ਹੀ ਨਰਕਾਂ ਦੀਆਂ ਭੁਆਟਣੀਆਂ ਦਿਵਾਉਣੀਆਂ ਹਨ। ਹੇ ਪ੍ਰਭੂ! ਹੁਣ ਮੈਨੂੰ ਮੇਲ ਲੈ। ਐਸਾ ਪਿਆਰਾ ਕੋਈ ਮਿਲਾ ਜਿਹੜਾ ਤੈਨੂੰ ਮਿਲਾ ਦੇਵੇ। ਮੇਰਾ ਜੋ ਸੁਭਾਅ ਹੈ ਜਿਸਨੂੰ ਕਿਰਤ ਆਖਦੇ ਹਨ, ਮੈਂ ਉਸਦੇ ਅਧੀਨ ਬੇਵਸ ਹਾਂ। ਮੈਂ

ਕਰਮ ਕਰਦਾ ਹਾਂ ਤੇ ਮੈਂ ਜਾਣਦਾ ਹਾਂ ਕਿ ਕੀ ਕਰਮ ਕਰਦਾ ਹਾਂ, ਇਸ ਬਾਰੇ ਫੁਰਮਾਨ ਹੈ –

*ਜਬ ਇਹ ਜਾਨੈ ਮੈ ਕਿਛੁ ਕਰਤਾ॥*
*ਤਬ ਲਗੁ ਗਰਭ ਜੋਨਿ ਮਹਿ ਫਿਰਤਾ॥*
*ਜਬ ਧਾਰੈ ਕੋਊ ਬੈਰੀ ਮੀਤੁ॥*
*ਤਬ ਲਗੁ ਨਿਹਚਲੁ ਨਾਹੀ ਚੀਤੁ॥*
*ਜਬ ਲਗੁ ਮੋਹ ਮਗਨ ਸੰਗਿ ਮਾਇ॥*
*ਤਬ ਲਗੁ ਧਰਮ ਰਾਇ ਦੇਇ ਸਜਾਇ॥*
*ਅੰਗ – ੨੭੮*

ਸੋ ਹੁਣ ਮੇਰੇ ਉਪਰ ਕ੍ਰਿਪਾ ਕਰ, ਮੇਰੀ ਭਟਕਣ ਮਿਟ ਜਾਵੇ। ਮੈਂ ਥਕ ਗਿਆ ਹਾਂ, 84 ਲੱਖ ਜੂਨਾਂ ਦੇ ਕ੍ਰੋੜਾਂ ਚੱਕਰ ਮੈਂ ਕੱਟ ਚੁਕਿਆ ਹਾਂ, ਅਤਿ ਦੁਖੀ ਹੋ ਗਿਆ ਹਾਂ, ਮੈਂ ਤੇਰੀ ਸ਼ਰਨ ਵਿਚ ਪਹੁੰਚਿਆ ਹਾਂ। ਮੇਰੀ ਹਾਲਤ ਉਸ ਗਊ ਵਰਗੀ ਹੈ ਜੋ ਦੁੱਧ ਨਹੀਂ ਦਿੰਦੀ। ਉਹ ਬੇਕਾਰ ਸਮਝੀ ਜਾਂਦੀ ਹੈ ਕਿਉਂਕਿ ਨਾ ਤਾਂ ਉਹ ਹਲ ਖਿਚ ਸਕਦੀ ਹੈ, ਨਾ ਗੱਡਾ ਖਿਚ ਸਕਦੀ ਹੈ ਅਤੇ ਨਾ ਹੀ ਕਿਸੇ ਹੋਰ ਕਾਰਜ ਨੂੰ ਕਰ ਸਕਦੀ ਹੈ। ਮੈਂ ਉਸ ਬ੍ਰਿਛ ਵਰਗਾ ਹਾਂ ਜਿਸਨੂੰ ਕੋਈ ਫਲ ਨਹੀਂ ਲਗਦਾ। ਜਿਸ ਦੀਆਂ ਜੜ੍ਹਾਂ ਨੂੰ ਬੇਅੰਤ ਸਮੇਂ ਤੋਂ ਪਾਣੀ ਨਹੀਂ ਮਿਲਿਆ, ਉਸਦੀਆਂ ਸ਼ਾਖਾਂ ਮੁਰਝਾ ਗਈਆਂ, ਉਸਦੀ ਖ਼ੂਬਸੂਰਤੀ ਮਿਟ ਗਈ। ਉਹ ਫਲ ਦੇਣ ਤੋਂ ਪੂਰੀ ਤਰ੍ਹਾਂ ਅਸਮਰਥ ਹੋ ਗਈ। ਮੈਨੂੰ ਪ੍ਰਭੂ ਨਹੀਂ ਮਿਲਿਆ, ਮੇਰਾ ਜੀਵਨ ਨਿਰਫਲ ਹੈ, ਮੈਂ ਮਾਇਆ ਦੇ ਰਸਾਂ-ਕਸਾਂ ਵਿਚ ਪਰਚਿਆ ਰਿਹਾ। ਉਹ ਮਾਇਆ ਮੇਰੀ ਮਿਤਰ ਨਹੀਂ ਸੀ, ਉਹ ਨਾਗਣੀ ਹੈ ਜਿਸ ਨੇ ਮੈਨੂੰ ਮੋਹ ਲਿਆ ਤੇ ਤੇਰੇ ਨਾਲੋਂ ਵਿਛੋੜ ਕੇ ਰੱਖਿਆ।

ਤੇਰੇ ਮਿਲਾਪ ਤੋਂ ਬਿਨਾਂ ਮੈਨੂੰ ਹੋਰ ਕੋਈ ਟਿਕਾਣਾ ਨਹੀਂ ਹੈ, ਮੇਰੀ ਭਟਕਣ, ਮੇਰੀਆਂ ਉਡਾਰੀਆਂ, ਮੇਰੀਆਂ 84 ਲੱਖ ਜੂਨਾਂ ਵਿਚ ਘੁਮੇਟਣੀਆਂ, ਤਾਂ ਹੀ ਬੰਦ ਹੋਣਗੀਆਂ ਜੇ ਤੇਰਾ ਮਿਲਾਪ ਹੋ ਜਾਵੇ, ਜਿਸ ਸਰੀਰ ਦੇ ਅੰਦਰ ਤੂੰ ਸ਼ਾਖਸ਼ਾਤਕਾਰ ਨਹੀਂ ਹੋ ਸਕਿਆ, ਉਹ ਸਰੀਰ ਜਲਿਆ ਹੋਇਆ ਸਰੀਰ ਹੈ, ਤ੍ਰਿਸ਼ਨਾ ਦੀ ਅੱਗ ਦੇ ਭਾਂਬੜਾਂ ਨੇ ਉਸਨੂੰ ਜਾਲ ਦਿਤਾ ਅਤੇ ਭੱਠ ਵਰਗਾ ਬਣਾ ਦਿਤਾ ਹੈ। ਇਸ ਭੱਠ ਹੋ ਚੁਕੇ ਸਰੀਰ ਵਿਚ ਚੈਨ ਕਿਥੋਂ ਆਉਣਾ ਹੈ, ਕਿਥੋਂ ਸੁਖ ਉਪਜਣਾ ਹੈ? ਹੇ ਪ੍ਰਭੂ ਜੇ ਤੂੰ ਚਿਤ ਨਹੀਂ ਆਉਂਦਾ, ਅਤੇ ਚਿਤ ਤੇਰੇ ਵਿਚ ਨਹੀਂ ਵਸਦਾ ਤਾਂ ਮੇਰੀ ਹਾਲਤ ਉਸ ਕੀੜੇ ਵਰਗੀ ਹੈ ਜੋ ਗੰਦਗੀ ਦੇ ਢੇਰ ਦੀ ਗਰਮੀ ਵਿਚ ਝੁਲਸਿਆ ਜਾ ਰਿਹਾ ਹੈ। ਮੇਰੇ ਵਲੋਂ ਤੇਰੇ ਮਿਲਾਪ ਵਾਸਤੇ ਕੀਤੇ ਭੇਖ ਵਿਖਾਵੇ, ਤੇਰੇ ਮਿਲਣ ਵਿਚ ਮੇਰਾ ਕੋਈ ਸਾਥ ਨਹੀਂ ਦੇ ਰਹੇ। ਸਾਰੇ ਕੱਚੇ ਹਨ, ਖਾਮ ਹਨ, ਮੇਰੀ ਭਟਕਣ ਨਹੀਂ ਮਿਟਾ ਸਕਦੇ। ਦੁਨੀਆਂ ਨੂੰ ਮੈਂ ਧੋਖਾ ਦੇ ਰਿਹਾ ਹਾਂ – ਭੇਖ ਬਣਾ-ਬਣਾ ਕੇ, ਪਰ ਮੈਨੂੰ ਪਤਾ ਹੈ ਤੂੰ ਇਨ੍ਹਾਂ ਭੇਖਾਂ ਤੇ ਰੀਝ ਨਹੀਂ ਸਕਦਾ ਕਿਉਂਕਿ ਇਹ ਸਾਰੇ ਬਦਬੂਦਾਰ ਹਨ, ਇਨ੍ਹਾਂ ਉਤੇ ਮਾਇਆ ਦਾ ਪਾਹ ਚੜ੍ਹਿਆ ਹੋਇਆ ਹੈ-

*ਇਹੁ ਤਨੁ ਮਾਇਆ ਪਾਹਿਆ ਪਿਆਰੇ*
*ਲੀਤੜਾ ਲਬਿ ਰੰਗਾਏ॥*
*ਮੇਰੈ ਕੰਤ ਨ ਭਾਵੈ ਚੋਲੜਾ*
*ਪਿਆਰੇ ਕਿਉ ਧਨ ਸੇਜੈ ਜਾਏ॥*
*ਅੰਗ – ੭੨੧*

ਸੋ ਮੇਰੀ ਹਾਲਤ ਗੰਦਗੀ ਦੇ ਕੀੜੇ ਵਰਗੀ ਹੈ। ਦੁਨੀਆਂ ਮੈਨੂੰ ਅਮੀਰ ਕਹਿੰਦੀ ਹੈ ਪਰ ਜਦੋਂ ਤਕ ਤੂੰ ਹਿਰਦੇ ਵਿਚ ਨਹੀਂ ਵਸਦਾ, ਮੈਂ ਹੀ ਜਾਣਦਾ ਹਾਂ ਕਿ ਮੈਂ ਕਿੰਨਾਂ ਦੁਖੀ ਹਾਂ ਕਿਉਂਕਿ ਤੇਰੇ ਨਾਮ ਤੋਂ ਬਿਨਾਂ 'ਸ਼ਾਂਤੀ' ਦਾ ਨਾਮ ਲੈਣਾ ਆਪਣੇ ਆਪ ਨੂੰ ਵੱਡੇ ਧੋਖੇ ਵਿਚ ਰਖਣਾ ਹੈ ਜਿਵੇਂ ਕਿ ਤੇਰਾ ਫੁਰਮਾਨ ਹੈ-

*ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ॥*
*ਗ੍ਰਿਹ ਸੋਇਨ ਚੰਦਨ ਸੁਗੰਧ*
*ਲਾਇ ਮੋਤੀ ਹੀਰੇ॥*
*ਮਨ ਇਛੇ ਸੁਖ ਮਾਣਦਾ*
*ਕਿਛੁ ਨਾਹਿ ਵਿਸੂਰੇ॥*
*ਸੋ ਪ੍ਰਭੁ ਚਿਤਿ ਨ ਆਵਈ*
*ਵਿਸਟਾ ਕੇ ਕੀਰੇ॥ ਅੰਗ – ੭੦੭*

ਦੁਨੀਆਂ ਵਿਚ ਆਪਣੇ ਹਿਤ ਦੇ ਬੰਨ੍ਹੇ ਹੋਏ ਪੁਤਰ, ਧੀਆਂ, ਰਿਸ਼ਤੇਦਾਰ, ਸੱਜਣ, ਮਿਤਰ ਇਹ ਕੋਈ ਰਸ ਨਹੀਂ ਦਿੰਦੇ, ਇਨ੍ਹਾਂ ਦੀਆਂ ਮਨੌਤਾਂ ਵਿਚ ਫਸ ਕੇ ਆਦਮੀ ਗਿਰ ਜਾਇਆ ਕਰਦਾ ਹੈ, ਰਿਸ਼ਵਤ ਲੈਂਦਾ ਹੈ, ਧੋਖੇ ਕਰਦਾ ਹੈ, ਬੇਵਿਸ਼ਵਾਸ਼ੀਆਂ ਕਰਕੇ ਦੁਨੀਆਂ ਨੂੰ ਫਸਾਉਂਦਾ ਹੈ, ਅਕ੍ਰਿਤਘਣਤਾ ਦੇ ਨਾਲ ਮਾਇਆ ਜੋੜਦਾ ਹੈ; ਨਿਸ਼ਾਨਾ ਕੀ ਹੁੰਦਾ ਹੈ ਕਿ ਮੇਰੇ ਪੁੱਤ ਧੀ, ਮੇਰੀ ਇਕੱਠੀ ਕੀਤੀ ਹੋਈ ਮਾਇਆ ਨੂੰ ਵਰਤਣ ਪਰ ਪਾਤਸ਼ਾਹ! ਇਹ ਤਾਂ ਜਮਦੂਤ ਬਣ ਗਏ ਤੇ ਅੰਤ ਸਮੇਂ ਮੈਂ ਜਮਦੂਤਾਂ ਦੇ ਵਸ ਪੈ ਕੇ ਦੁਖੀ ਹੋਵਾਂਗਾ। ਹੇ ਪ੍ਰਭੂ! ਮੈਂ ਨਿਮਾਣਾ, ਨਿਤਾਣਾ ਜੀਵ ਹਾਂ ਮੈਨੂੰ ਸੋਝੀ ਨਹੀਂ ਪਰ ਮੈਨੂੰ ਇਹ ਪਤਾ ਹੈ ਤੂੰ ਦਇਆਲੂ ਹੈਂ, ਪਤਿਤ ਪਾਵਨ ਹੈਂ। ਜੋ ਤੇਰੀ ਸ਼ਰਨ ਆ ਜਾਂਦੇ ਹਨ ਉਨ੍ਹਾਂ ਉਤੇ ਤੂੰ ਕ੍ਰਿਪਾ ਭਰੀ ਦ੍ਰਿਸ਼ਟੀ ਕਰਦਾ ਹੈਂ। ਤੂੰ ਹੀ ਗਨਕਾ ਵਰਗੀਆਂ ਪਾਪਣਾਂ ਨੂੰ ਆਪਣੇ ਨਾਮ ਦੀ ਲਗਨ ਲਾ ਕੇ ਉਤਮ ਪਦਵੀ ਦਿਤੀ, ਤੂੰ ਹੀ ਕੌਡੇ ਵਰਗੇ ਆਦਮਖੋਰ ਰਾਕਸ਼ਾਂ ਉਤੇ ਕ੍ਰਿਪਾ ਕਰਕੇ ਨਾਮ ਦੇ ਰਸ ਦੀ ਫੁਹਾਰ ਦਾ ਅਨੰਦ ਦਿਤਾ, ਤੂੰ ਹੀ ਸੱਜਣ ਠੱਗ

ਵਰਗਿਆਂ ਨੂੰ ਭਾਈ ਸੱਜਣ ਬਣਾ ਕੇ ਨਾਮ ਦੀ ਖੁਮਾਰੀ ਵਿਚ ਪ੍ਰਵਿਰਤ ਕੀਤਾ। ਹੇ ਪ੍ਰਭੂ! ਮੈਂ ਵੀ ਤੇਰੀ ਸ਼ਰਨ ਸੱਚੇ ਦਿਲੋਂ ਆਇਆ ਹਾਂ, ਮੈਂ ਤਾਂ ਅਰਜੋਈ ਹੀ ਕਰ ਸਕਦਾ ਹਾਂ ਪਰ ਤੂੰ-

*ਸਦਾ ਸਦਾ ਸਦਾ ਦਇਆਲ॥*
*ਸਿਮਰਿ ਸਿਮਰਿ ਨਾਨਕ ਭਏ ਨਿਹਾਲ॥*
*ਅੰਗ - ੨੭੫*

ਦਾ ਵਜੂਦ ਹੈਂ, ਤੂੰ ਮੇਰੇ ਤੇ ਕ੍ਰਿਪਾ ਕਰ। ਮੈਂ ਤੇਰੇ ਪਾਸ ਬੇਨਤੀ ਕਰਦਾ ਹਾਂ ਕਿ ਤੂੰ ਮੈਨੂੰ ਆਪਣਾ ਪਵਿੱਤਰ ਨਾਮ ਬਖਸ਼ ਦੇ। ਹੇ ਗੁਰੂ ਮਹਾਰਾਜ! ਤੂੰ ਵੀ ਨਿਰੰਕਾਰ ਦਾ ਹੀ ਰੂਪ ਹੈਂ, ਤੇਰੇ ਬਗੈਰ ਕਿਸੇ ਨੂੰ ਅੱਜ ਤਕ ਪ੍ਰਭੂ ਪ੍ਰਾਪਤੀ ਨਹੀਂ ਹੋਈ, ਤੂੰ ਮੇਰੇ ਦੁਖਾਂ ਦੀ ਕਹਾਣੀ ਸੁਣੀ ਹੈ ਮੇਰੇ ਉਤੇ ਕ੍ਰਿਪਾ ਕਰ, ਮੇਰੇ ਉਤੇ ਕ੍ਰਿਪਾ ਕਰਕੇ ਜੋ ਪ੍ਰਭੂ ਮੇਰੇ ਅੰਗ ਸੰਗ ਵਸਦਾ ਹੈ ਉਸਨੂੰ ਮੇਰੇ ਨਾਲ ਮਿਲਾ ਕੇ ਨਿਹਚਲ ਘਰ ਦਾ ਵਾਸਾ ਕਰਾ ਦੇ। ਇਹ ਸਾਰਾ ਤਰਲਾ ਜੋ ਉਪਰ ਲਿਖਿਆ ਹੈ ਉਸਦਾ ਸਾਰ ਅੰਸ਼ ਇਸ ਤਰ੍ਹਾਂ ਹੈ -

*ਕਿਰਤਿ ਕਰਮ ਕੇ ਵੀਛੁੜੇ*
*ਕਰਿ ਕਿਰਪਾ ਮੇਲਹੁ ਰਾਮ॥*
*ਚਾਰਿ ਕੁੰਟ ਦਹ ਦਿਸ ਭ੍ਰਮੇ*
*ਥਕਿ ਆਏ ਪ੍ਰਭ ਕੀ ਸਾਮ॥*
*ਧੇਨੁ ਦੁਧੈ ਤੇ ਬਾਹਰੀ*
*ਕਿਤੈ ਨ ਆਵੈ ਕਾਮ॥*
*ਜਲ ਬਿਨੁ ਸਾਖ ਕੁਮਲਾਵਤੀ*
*ਉਪਜਹਿ ਨਾਹੀ ਦਾਮ॥*
*ਹਰਿ ਨਾਹ ਨ ਮਿਲੀਐ ਸਾਜਨੈ*
*ਕਤ ਪਾਈਐ ਬਿਸਰਾਮ॥*
*ਜਿਤੁ ਘਰਿ ਹਰਿ ਕੰਤੁ ਨ ਪ੍ਰਗਟਈ*
*ਭਠਿ ਨਗਰ ਸੇ ਗ੍ਰਾਮ॥*
*ਸ੍ਰਬ ਸੀਗਾਰ ਤੰਬੋਲ ਰਸ*
*ਸਣੁ ਦੇਹੀ ਸਭ ਖਾਮ॥*
*ਪ੍ਰਭ ਸੁਆਮੀ ਕੰਤ ਵਿਹੂਣੀਆ*
*ਮੀਤ ਸਜਣ ਸਭਿ ਜਾਮ॥*
*ਨਾਨਕ ਕੀ ਬੇਨੰਤੀਆ*
*ਕਰਿ ਕਿਰਪਾ ਦੀਜੈ ਨਾਮੁ॥*
*ਹਰਿ ਮੇਲਹੁ ਸੁਆਮੀ ਸੰਗਿ ਪ੍ਰਭ*
*ਜਿਸ ਕਾ ਨਿਹਚਲ ਧਾਮ॥ ਅੰਗ - ੧੩੩*

ਗੁਰੂ ਨੇ ਇਸ ਭਟਕਦੇ ਨਿਮਾਣੇ ਨਿਤਾਣੇ ਜੀਵ ਦੀ ਪ੍ਰਾਥਨਾ ਸੁਣੀ ਅਤੇ ਇਸ ਦੀ ਅਧੋਗਤੀ ਨੂੰ ਅਨੁਭਵ ਕਰਦੇ ਹੋਏ, ਅਤਿ ਕ੍ਰਿਪਾਲਤਾ ਧਾਰਦੇ ਹੋਏ ਫੁਰਮਾਨ ਕੀਤਾ ਕਿ ਹੇ ਜੀਵ! ਤੇਰੇ ਤਰਲੇ, ਤੇਰੇ ਰੋਣੇ-ਧੋਣੇ ਇਸ ਕਰਕੇ ਹਨ ਕਿ ਤੂੰ ਮਾਇਆ ਦੀ ਅਰਾਧਣਾ ਕਰਦਾ ਰਿਹਾ ਹੈਂ। ਮਾਇਆ ਨੇ ਤੈਨੂੰ ਸਦਾ ਹੀ ਧੋਖਾ ਦਿਤਾ ਹੈ। ਇਹ ਨਾਗਣੀ ਹੈ, ਇਸਦੀ ਜੋ ਵੀ ਸੇਵਾ ਕਰਦਾ ਹੈ ਉਸਨੂੰ ਖਾ ਜਾਇਆ ਕਰਦੀ ਹੈ। ਹੁਣ ਤੂੰ ਧਿਆਨ ਦੇ ਕੇ ਸੁਣ, ਤੈਨੂੰ ਮਾਨਸ ਜਨਮ ਪ੍ਰਾਪਤ ਹੋਇਆ ਹੈ। ਇਸ ਵਿਚ ਤੂੰ ਗੋਬਿੰਦ ਦੀ ਅਰਾਧਣਾ ਕਰ, ਤਾਂ ਤੈਨੂੰ ਸਤਿ ਚਿਤ ਅਨੰਦ ਦਾ ਮਿਲਾਪ ਹੋ ਕੇ ਮਹਾਨ ਅਨੰਦ ਪ੍ਰਾਪਤ ਹੋ ਸਕਦਾ ਹੈ। ਜੀਵ ਨੇ ਉਪਦੇਸ਼ ਸੁਣਿਆ, ਮਨ ਵਿਚ ਕੁਝ ਢਾਰਸ ਆਈ, ਲੰਮਾ ਹਉਕਾ ਲਿਆ ਅਤੇ ਆਸ ਬੱਝੀ ਕਿ ਮੇਰੇ ਦੁਖਾਂ ਦਾ ਛੁਟਕਾਰਾ ਗੁਰੂ ਦੇ ਬਚਨ ਸੁਣ ਕੇ ਹੋ ਜਾਵੇਗਾ। ਮੈਂ ਇਸ ਭਵਸਾਗਰ ਦੇ ਬਿਖੜੇ ਵਾ-ਵਰੋਲਿਆਂ ਵਿਚੋਂ ਕਿਸੇ ਕੰਢੇ ਲਗ ਜਾਵਾਂਗਾ। ਕਿਉਂਕਿ ਫੁਰਮਾਨ ਹੈ -

*ਸੰਤਹੁ ਸਾਗਰੁ ਪਾਰਿ ਉਤਰੀਐ॥*
*ਜੇ ਕੋ ਬਚਨੁ ਕਮਾਵੈ ਸੰਤਨ ਕਾ*
*ਸੋ ਗੁਰ ਪਰਸਾਦੀ ਤਰੀਐ॥ ਅੰਗ - ੭੪੭*

ਉਸ ਵੇਲੇ ਜੀਵ ਨੇ ਅਤਿ ਅਧੀਨਗੀ ਦੇ ਨਾਲ ਬੇਨਤੀ ਕੀਤੀ ਕਿ ਮੈਨੂੰ ਅਰਾਧਣ ਦਾ ਕੋਈ ਵੀ ਗਿਆਨ ਨਹੀਂ ਹੈ, ਆਪ ਫੁਰਮਾਨ ਕਰਦੇ ਹੋਂ ਕਿ ਉਹ ਵਾਹਿਗੁਰੂ ਘਟ-ਘਟ ਵਿਚ ਵਿਆਪਕ ਹੈ; ਮੇਰੇ ਅੰਦਰ ਵੀ ਹੈ, ਬਾਹਰ ਵੀ ਹੈ। ਮੈਂ ਉਸਦੀ ਅਰਾਧਣਾ ਕਿਵੇਂ ਕਰਾਂ? ਮੈਂ ਉਸਨੂੰ ਕਿਵੇਂ ਆਪਣੇ ਅੰਦਰ ਵਸਾਵਾਂ? ਉਸ ਵੇਲੇ ਸਤਿਗੁਰੂ ਦੀ ਅਵਾਜ਼ ਆਈ ਕਿ ਹੇ ਜੀਵ! ਵਾਹਿਗੁਰੂ ਜੀ ਨੇ ਸੰਸਾਰ ਦੇ ਉਪਰ ਬਹੁਤ ਹੀ ਦਯਾ ਕਰਕੇ ਆਪਣੇ ਪਿਆਰਿਆਂ ਨੂੰ ਸ਼ੁਭ ਕਾਰਜ ਸੌਂਪਿਆ ਹੈ, ਭਟਕਦੀਆਂ ਰੂਹਾਂ ਨੂੰ ਜੋ ਮੇਰੇ ਤੋਂ ਅਨੰਤ ਕਾਲ ਤੋਂ ਵਿਛੜੀਆਂ ਰੋ ਰਹੀਆਂ ਹਨ, ਸਹਿਕ ਰਹੀਆਂ ਹਨ ਉਨ੍ਹਾਂ ਨੂੰ ਮੇਰੇ ਨਾਲ ਮਿਲਾਉਣ ਲਈ ਮਾਰਗ ਪ੍ਰਦਰਸ਼ਨ ਕਰੋ। ਉਨ੍ਹਾਂ ਨੂੰ ਸੰਤ ਕਹਿ ਲਓ, ਮਹਾਂਪੁਰਸ਼ ਕਹਿ ਲਓ, ਗੁਰੂ ਕਹਿ ਲਓ, ਉਹ ਤੇਰੀ ਭਾਵਨਾ ਹੈ, ਉਹ ਤਾਂ ਵਾਹਿਗੁਰੂ ਵਲੋਂ ਥਾਪੇ ਹੋਏ ਪੁਰਸ਼ ਹੋਇਆ ਕਰਦੇ ਹਨ ਅਤੇ ਸੰਸਾਰ ਵਿਚ ਆਉਂਦੇ ਹੀ ਇਸ ਕਰਕੇ ਹਨ ਕਿ ਟੁਟੀਆਂ ਰੂਹਾਂ ਨੂੰ ਪ੍ਰਭੂ ਨਾਲ ਜੋੜ ਦੇਣ ਜਿਨ੍ਹਾਂ ਬਾਰੇ ਫੁਰਮਾਨ ਹੈ -

*ਜਨਮ ਮਰਣ ਦੁਹਹੂ ਮਹਿ ਨਾਹੀ*
*ਜਨ ਪਰਉਪਕਾਰੀ ਆਏ॥*
*ਜੀਅ ਦਾਨੁ ਦੇ ਭਗਤੀ ਲਾਇਨਿ*
*ਹਰਿ ਸਿਉ ਲੈਨਿ ਮਿਲਾਏ॥ ਅੰਗ - ੭੪੯*

ਕਬੀਰ ਸਾਹਿਬ ਫੁਰਮਾਨ ਕਰਦੇ ਹਨ -

*ਕਬੀਰ ਸੇਵਾ ਕਉ ਦੁਇ ਭਲੇ*
*ਏਕੁ ਸੰਤੁ ਇਕੁ ਰਾਮੁ॥*
*ਰਾਮੁ ਜੁ ਦਾਤਾ ਮੁਕਤਿ ਕੋ*

***ਸੰਤੁ ਜਪਾਵੈ ਨਾਮੁ॥ ਅੰਗ - ੧੩੭੩***

ਸੋ ਇਸ ਕਰਕੇ ਤੈਨੂੰ ਰਸਨਾ ਦੇ ਨਾਲ ਵਾਹਿਗੁਰੂ ਦਾ ਨਾਮ, ਜਿਸਨੂੰ ਗੁਰਮੰਤ੍ਰ ਆਖਦੇ ਹਨ, ਉਹ ਉਚਾਰਨ ਕਰਨਾ ਪਵੇਗਾ, ਕਿਉਂਕਿ ਜਿਸ ਅਵਸਥਾ ਵਿਚ ਹੁਣ ਤੂੰ ਰਹਿੰਦਾ ਹੈਂ, ਤੂੰ ਆਪਣੇ ਆਪ ਨੂੰ ਸਰੀਰ ਸਮਝਦਾ ਹੈਂ, ਅਸੀਂ ਉਸਨੂੰ ਅੰਨਮਈ ਕੋਸ਼ ਕਹਿੰਦੇ ਹਾਂ, ਤੂੰ ਇਸ ਵਿਚੋਂ ਨਿਕਲ ਨਹੀਂ ਸਕਦਾ ਜਦੋਂ ਤਕ ਇਸਦੇ ਸ਼ੁਭ ਇੰਦ੍ਰੇ ਨਾਲ ਬਾਰ-ਬਾਰ ਮੰਤ੍ਰ ਦਾ ਜਾਪ ਨਹੀਂ ਕਰਦਾ ਅਤੇ ਸਰੀਰ ਨਾਲ ਸਤਿਸੰਗ, ਸੇਵਾ ਨਹੀਂ ਕਰਦਾ ਜਿਸ ਬਾਰੇ ਫੁਰਮਾਨ ਹੈ-

***ਬਾਰੰ ਬਾਰ ਬਾਰ ਪ੍ਰਭੁ ਜਪੀਐ॥***
***ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ॥***
***ਅੰਗ - ੨੮੯***

ਸੋ ਇਹ ਤਰੀਕਾ ਹੈ। ਜਦੋਂ ਨਾਮ ਤੇਰੇ ਅੰਦਰ ਰਸਨਾ ਵਿਚ ਵਸ ਗਿਆ ਉਸ ਵੇਲੇ ਤੂੰ ਸੁਆਸ ਨਾਲ ਨਾਮ ਜਪ-

***ਸਾਸਿ ਸਾਸਿ ਸਿਮਰਹੁ ਗੋਬਿੰਦ।।***
***ਮਨ ਅੰਤਰ ਕੀ ਉਤਰੈ ਚਿੰਦ।।***
***ਅੰਗ - ੨੯੫***

ਪ੍ਰਮੇਸ਼ਰ ਦੇ ਪਿਆਰੇ ਤੈਨੂੰ ਰਸਤਾ ਦਸਦੇ ਰਹਿਣਗੇ। ਤੇਰਾ ਕੰਮ ਹੈ ਉਨ੍ਹਾਂ ਉਤੇ ਪੂਰਨ ਵਿਸ਼ਵਾਸ਼ ਰਖਣਾ ਅਤੇ ਉਨ੍ਹਾਂ ਦੇ ਬਚਨਾਂ ਦੀ ਕਮਾਈ ਕਰਨੀ। ਹੌਲੀ-ਹੌਲੀ ਉਹ ਤੈਨੂੰ ਸਾਰੀਆਂ ਜੁਗਤਾਂ ਦਸ ਕੇ ਪ੍ਰਭੂ ਨਾਲ ਮਿਲਾਪ ਕਰਾ ਦੇਣਗੇ, ਤੇਰੇ ਕੋਲ ਸਰੀਰ ਦੀ ਸੁੰਦਰਤਾਈ, ਮਾਇਆ, ਉਚੀਆਂ ਪਦਵੀਆਂ, ਪਰਿਵਾਰ ਦੇ ਮੈਂਬਰ, ਪੁਤਰ ਧੀਆਂ ਨਾਮ ਦੇ ਮੁਕਾਬਲੇ ਵਿਚ ਕੁਝ ਵੀ ਮਹੱਤਤਾ ਨਹੀਂ ਰਖਦੀਆਂ। ਸੰਸਾਰ ਵਿਚ ਆਉਣਾ ਉਸਦਾ ਗਿਣਿਆ ਜਾਂਦਾ ਹੈ ਜਿਸ ਦੀ ਰਸਨਾ ਵਿਚੋਂ ਹਰ ਵਕਤ ਪ੍ਰਭੂ ਦਾ ਨਾਮ ਉਚਾਰਨ ਹੁੰਦਾ ਹੈ -

***ਆਇਆ ਸਫਲ ਤਾਹੂ ਕੋਉ ਗਨੀਐ॥***
***ਜਾਸੁ ਰਸਨ ਹਰਿ ਹਰਿ ਜਸੁ ਭਨੀਐ॥***
***ਆਇ ਬਸਹਿ ਸਾਧੂ ਕੈ ਸੰਗੇ॥***
***ਅਨਦਿਨੁ ਨਾਮੁ ਧਿਆਵਹਿ ਰੰਗੇ॥***
***ਆਵਤ ਸੋ ਜਨੁ ਨਾਮਹਿ ਰਾਤਾ॥***
***ਜਾ ਕਉ ਦਇਆ ਮਇਆ ਬਿਧਾਤਾ॥***
***ਏਕਹਿ ਆਵਨ ਫਿਰਿ ਜੋਨਿ ਨ ਆਇਆ॥***
***ਨਾਨਕ ਹਰਿ ਕੈ ਦਰਸਿ ਸਮਾਇਆ॥***
***ਅੰਗ - ੨੫੨***

ਉਹ ਪੁਰਸ਼ ਧੰਨ ਹਨ ਜਿਹੜੇ ਆ ਕੇ ਪ੍ਰਭੂ ਦਾ ਨਾਮ ਜਪਦੇ ਹਨ ਜਿਸ ਬਾਰੇ ਫੁਰਮਾਨ ਹੈ -

***ਆਤਮ ਰਸੁ ਜਿਹ ਜਾਨਿਆ***
***ਹਰਿ ਰੰਗ ਸਹਜੇ ਮਾਣੁ॥***
***ਨਾਨਕ ਧਨਿ ਧਨਿ ਧੰਨਿ ਜਨ***
***ਆਏ ਤੇ ਪਰਵਾਣੁ॥ ਅੰਗ - ੨੫੨***

ਸੋ ਜਿਨ੍ਹਾਂ ਨੂੰ ਪ੍ਰਭੂ ਦਾ ਮਿਲਾਪ ਹੋ ਗਿਆ, ਸੰਸਾਰ ਤੇ ਆਉਣਾ ਉਨ੍ਹਾਂ ਦਾ ਹੀ ਸਫਲ ਗਿਣਿਆ ਜਾਂਦਾ ਹੈ, ਕਿਉਂਕਿ ਵਾਹਿਗੁਰੂ ਤੋਂ ਬਗੈਰ ਇਕ ਖਿਨ ਜਿਉਣਾ ਪੂਰੀ ਤਰ੍ਹਾਂ ਬਿਰਥਾ ਹੈ। ਜਿਸ ਤਰ੍ਹਾਂ ਫੁਰਮਾਨ ਹੈ -

***ਜਿਉ ਮਛੁਲੀ ਬਿਨੁ ਪਾਣੀਐ***
***ਕਿਉ ਜੀਵਣੁ ਪਾਵੈ॥***
***ਬੂੰਦ ਵਿਹੂਣਾ ਚਾਤ੍ਰਿਕੋ***
***ਕਿਉ ਕਰਿ ਤ੍ਰਿਪਤਾਵੈ॥***
***ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ॥***
***ਭਵਰੁ ਲੋਭੀ ਕੁਸਮ ਬਾਸੁ ਕਾ***
***ਮਿਲਿ ਆਪੁ ਬੰਧਾਵੈ॥***
***ਤਿਉ ਸੰਤ ਜਨਾ ਹਰਿ ਪ੍ਰੀਤਿ ਹੈ***
***ਦੇਖਿ ਦਰਸੁ ਅਘਾਵੈ॥ ਅੰਗ - ੭੦੮***

ਜਿਸ ਵਾਹਿਗੁਰੂ ਦੇ ਨਾਲ ਤੂੰ ਮਿਲਾਪ ਕਰਨਾ ਚਾਹੁੰਦਾ ਹੈਂ, ਐ ਜੀਵ! ਨਿਸ਼ਚੇ ਪੂਰਵਕ ਤੂੰ ਇਹ ਹਿਰਦੇ ਵਿਚ ਵਸਾ ਲੈ ਕਿ ਕੋਈ ਥਾਂ ਐਸਾ ਨਹੀਂ ਜਿਥੇ ਉਹ ਸੂਖਮ ਸਰੂਪ ਵਿਚ ਨਾ ਰਮਿਆ ਹੋਵੇ। ਤੇਰੇ ਅੰਦਰ ਬਾਹਰ, ਧਰਤੀ, ਪਹਾੜਾਂ, ਪਉਣ ਪਾਣੀ ਵਿਚ ਵੀ ਹੈ, ਕੋਈ ਥਾਂ ਐਸੀ ਨਹੀਂ ਜਿਥੇ ਉਹ ਨਹੀਂ ਹੈ। ਉਸਨੂੰ ਹਿਰਦੇ ਵਿਚ ਵਸਾ ਕੇ ਉਸਦੀ ਹਾਜ਼ਰੀ ਵਿਚ ਨਾਮ ਜਪ। ਜਦੋਂ ਇਸ ਤਰ੍ਹਾਂ ਤੂੰ ਕਰੇਂਗਾ, ਤੇਰੇ ਉਪਰ ਉਸ ਪ੍ਰਭੂ ਦੀ ਦਇਆ ਹੋ ਜਾਵੇਗੀ, ਤੇਰੇ ਦੁਖਾਂ ਦਾ ਖਾਤਮਾ ਉਸਦੇ ਮਿਲਾਪ ਨਾਲ ਹੋ ਜਾਵੇਗਾ।

***ਸੋ ਅੰਤਰਿ ਸੋ ਬਾਹਰਿ ਅਨੰਤ॥***
***ਘਟਿ ਘਟਿ ਬਿਆਪਿ ਰਹਿਆ ਭਗਵੰਤ॥***
***ਧਰਨਿ ਮਾਹਿ ਆਕਾਸ ਪਇਆਲ।।***
***ਸਰਬ ਲੋਕ ਪੂਰਨ ਪ੍ਰਤਿਪਾਲ॥***
***ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ॥***
***ਜੈਸੀ ਆਗਿਆ ਤੈਸਾ ਕਰਮੁ।।***
***ਪਉਣ ਪਾਣੀ ਬੈਸੰਤਰ ਮਾਹਿ॥***
***ਚਾਰਿ ਕੁੰਟ ਦਹ ਦਿਸੇ ਸਮਾਹਿ॥***
***ਤਿਸ ਤੇ ਭਿੰਨ ਨਹੀ ਕੋ ਠਾਉ॥***
***ਗੁਰ ਪ੍ਰਸਾਦਿ ਨਾਨਕ ਸੁਖੁ ਪਾਉ।।***
***ਅੰਗ - ੨੯੪***

ਉਹ ਬਖਸ਼ਿਸ਼ਾਂ ਦਾ ਖਜ਼ਾਨਾ ਹੈ। ਉਹ ਆਪਣੇ ਰਚੇ ਹੋਏ ਸੰਸਾਰ ਨੂੰ ਪਿਆਰ ਕਰਦਾ ਹੈ ਅਤੇ ਪਿਆਰ ਦਾ ਰੂਪ ਧਾਰ ਕੇ ਹੀ ਸੰਸਾਰ ਵਿਚ ਰਮਿਆ ਹੋਇਆ ਹੈ -

*ਜਤ੍ਰ ਤਤ੍ਰ ਦਿਸਾ ਵਿਸਾ*
*ਹੁਇ ਫੈਲਿਓ ਅਨੁਰਾਗ॥ ਜਾਪੁ ਸਾਹਿਬ*

ਫੇਰ ਤੂੰ ਹੀ ਦੱਸ, ਜਿਹੜਾ ਉਸਨੂੰ ਪਿਆਰ ਨਹੀਂ ਕਰਦਾ, ਉਹਦੇ ਵਰਗਾ ਖੁਟਰ ਕੌਣ ਹੈ? ਉਹ ਸਭ ਨੂੰ ਖਾਣ ਪੀਣ ਨੂੰ ਦਿੰਦਾ ਹੈ, ਤੈਨੂੰ ਪੀਣ ਵਾਸਤੇ ਨਿਰਮਲ ਜਲ ਦਿਤਾ ਹੈ, ਸਾਹ ਵਾਸਤੇ ਸ਼ੁਧ ਹਵਾ, ਜੀਅ ਲਗਾਉਣ ਵਾਸਤੇ ਬੱਚੇ, ਬੁਢਾਪੇ ਵਿਚ ਸੇਵਾ ਕਰਨ ਲਈ ਪਿਆਰ ਵਾਲੇ ਸਬੰਧੀ ਦਿਤੇ ਹਨ, ਤੈਨੂੰ ਸ਼ਕਤੀ ਦਿਤੀ ਹੈ, ਸੂਝ ਦਿਤੀ ਹੈ, ਤੈਨੂੰ ਪਾਲਣ ਵਾਸਤੇ ਅੰਨ ਦਿਤਾ ਹੈ, ਹੋਰ ਅਨੇਕ ਕਿਸਮ ਦੀਆਂ ਵਸਤਾਂ ਪੈਦਾ ਕੀਤੀਆਂ ਹਨ, ਫੇਰ ਦਸ ਤੂੰ ਉਸਨੂੰ ਕਿਉਂ ਭੁਲਿਆ ਰਹਿੰਦਾ ਹੈਂ? ਪਿਆਰਿਆ! ਯਾਦ ਰੱਖ, ਉਸਨੂੰ ਭੁੱਲ ਕੇ ਜੋ ਸਾਹ ਲੈਂਦਾ ਹੈਂ, ਹਰ ਸਵਾਸ ਤੈਨੂੰ ਦੁਖਾਂ ਵਲ ਧੱਕਾ ਦੇ ਰਿਹਾ ਹੈ ਕਿਉਂਕਿ ਫੁਰਮਾਨ ਹੈ -

*ਦੂਖੁ ਤਦੇ ਜਾ ਵਿਸਰਿ ਜਾਵੈ॥*
*ਭੁਖ ਵਿਆਪੈ ਬਹੁ ਬਿਧਿ ਧਾਵੈ॥*
*ਅੰਗ - ੯੮*

ਤ੍ਰਿਸ਼ਨਾ ਦੀ ਭੁੱਖ ਲਗ ਜਾਂਦੀ ਹੈ ਅਤੇ ਆਪਣੀਆਂ ਵਾਸ਼ਨਾਵਾਂ ਦੀ ਪੂਰਤੀ ਲਈ ਸੰਸਾਰ ਵਿਚ ਭ੍ਰਮਣ ਕਰਦਾ ਹੈ। ਪ੍ਰਮੇਸ਼ਰ ਨੂੰ ਭੁੱਲ ਜਾਂਦਾ ਹੈ। ਜੇ ਇਹੋ ਨਾਮ ਜਪੇ -

*ਸਿਮਰਤ ਨਾਮੁ ਸਦਾ ਸੁਹੇਲਾ*
*ਜਿਸੁ ਦੇਵੈ ਦੀਨ ਦਇਆਲਾ ਜੀਉ॥*
*ਅੰਗ - ੯੮*

ਸੋ ਪਿਆਰਿਆ! ਤੈਨੂੰ ਜੁਗਤ ਦਸਦੇ ਹਾਂ ਕਿ ਤੂੰ ਨਿਤ ਅਰਦਾਸ ਕਰ ਕਿ ਮੈਨੂੰ ਆਪਣੇ ਪਿਆਰਿਆਂ ਦੀ ਚਰਨ ਧੂੜ ਦੇਹ, ਤੇਰਾ ਦਰਸ਼ਨ ਕਰਕੇ ਮੇਰਾ ਮਨ ਰਜਦਾ ਹੈ।

*ਖਾਕ ਸੰਤਨ ਕੀ ਦੇਹੁ ਪਿਆਰੇ॥*
*ਆਇ ਪਇਆ ਹਰਿ ਤੇਰੈ ਦੁਆਰੈ॥*
*ਦਰਸਨੁ ਪੇਖਤ ਮਨੁ ਆਘਾਵੈ*
*ਨਾਨਕ ਮਿਲਣੁ ਸੁਭਾਈ ਜੀਉ॥*
*ਅੰਗ - ੯੮*

ਜਿਸ ਨੇ ਵਾਹਿਗੁਰੂ ਜੀ ਨੂੰ ਰਾਵਿਆ ਹੈ ਉਸ ਨੇ ਨਾਮ ਦਾ ਰਸ ਭੋਗਿਆ ਹੈ ਉਨ੍ਹਾਂ ਦੇ ਵੱਡੇ ਭਾਗ ਹਨ। ਉਸ ਵੇਲੇ ਜੀਵ ਤਰਲਾ ਲੈਂਦਾ ਹੈ ਕਿ ਮੇਰੇ ਅੰਦਰ ਦਰਸ਼ਨ ਦੀ ਲੋਚਾ ਲਗ ਗਈ ਹੈ ਤੇ ਮੇਰਾ ਮਨ ਦਰਸ਼ਨਾਂ ਦੀ ਪਿਆਸ ਨਾਲ ਤੜਫ ਰਿਹਾ ਹੈ, ਬਿਰਹੁ ਦੀ ਮੈਂ ਪੀੜਾ ਨਹੀਂ ਝਲ ਸਕਦਾ ਕਿਉਂਕਿ ਉਹ ਇਕ ਬਹੁਤ ਹੀ ਪ੍ਰਬਲ ਸ਼ਕਤੀ ਹੈ -

*ਕਬੀਰ ਬਿਰਹੁ ਭੁਯੰਗਮੁ ਮਨਿ ਬਸੈ*
*ਮੰਤੁ ਨ ਮਾਨੈ ਕੋਇ॥*
*ਰਾਮ ਬਿਓਗੀ ਨਾ ਜੀਐ*
*ਜੀਐ ਤ ਬਉਰਾ ਹੋਇ॥ ਅੰਗ - ੧੩੬੮*

ਹੇ ਸਤਿਗੁਰੂ! ਮੇਰੇ ਮਨ ਦੀ ਤ੍ਰਿਖਾ ਹੈ, ਉਹ ਤੇਰੇ ਦਰਸ਼ਨਾਂ ਦੀ ਤ੍ਰਿਖਾ ਹੈ; ਜੋ ਵੀ ਮੈਨੂੰ ਮੇਰੇ ਪ੍ਰਭੂ ਨਾਲ ਮਿਲਾ ਦੇਵੇ ਮੈਂ ਉਸਦੇ ਚਰਨਾਂ ਤੇ ਢਹਿ ਕੇ ਆਪਣਾ ਆਪਾ ਵੇਚ ਦੇਵਾਂਗਾ ਕਿਉਂਕਿ ਮੇਰੇ ਮਨ ਵਿਚ ਦਰਸ਼ਨਾਂ ਲਈ ਅਥਾਹ ਪਿਆਰ ਜਾਗ ਪਿਆ ਹੈ, ਪ੍ਰਭੂ ਦੇ ਮਿਲਾਪ ਦੀ ਪ੍ਰੀਤ ਨੇ ਮੇਰੇ ਮਨ ਨੂੰ ਘੇਰ ਲਿਆ ਹੈ। ਮੈਂ ਉਸਦੇ ਅੱਗੇ ਆਪਣਾ ਤਨ ਵੀ, ਧਨ ਵੀ ਰੱਖ ਦੇਵਾਂਗਾ ਅਤੇ ਮਨ ਦੀ ਮਤ ਵੀ ਦੇ ਕੇ ਉਸ ਤੋਂ ਪ੍ਰਭੂ ਦੀ ਕਥਾ ਸੁਣਾਂਗਾ ਤੇ ਦਿਨ ਰਾਤ ਬੈਰਾਗੀ ਹੋ ਕੇ ਉਸਦੀ ਸੇਵਾ ਵਿਚ ਫਿਰਦਾ ਰਹਾਂਗਾ -

*ਪ੍ਰਭ ਮਿਲਬੇ ਕਉ ਪ੍ਰੀਤਿ ਮਨਿ ਲਾਗੀ॥*
*ਪਾਇ ਲਗਉ ਮੋਹਿ ਕਰਉ ਬੇਨਤੀ*
*ਕੋਊ ਸੰਤੁ ਮਿਲੈ ਬਡਭਾਗੀ॥*
*ਮਨੁ ਅਰਪਉ ਧਨੁ ਰਾਖਉ ਆਗੈ*
*ਮਨ ਕੀ ਮਤਿ ਮੋਹਿ ਸਗਲ ਤਿਆਗੀ॥*
*ਜੋ ਪ੍ਰਭ ਕੀ ਹਰਿ ਕਥਾ ਸੁਨਾਵੈ*
*ਅਨਦਿਨੁ ਫਿਰਉ ਤਿਸੁ ਪਿਛੈ ਵਿਰਾਗੀ॥*
*ਅੰਗ - ੨੦੪*

ਸੋ ਮੇਰਾ ਮਨ ਦਰਸ਼ਨਾਂ ਨੂੰ ਲੋਚਦਾ ਹੈ। ਮੈਂ ਉਸਦੇ ਚਰਨਾਂ ਨਾਲ ਚਿੰਬੜ ਜਾਵਾਂ ਜੋ ਮੈਨੂੰ ਮੇਰਾ ਪ੍ਰਭੂ ਮਿਲਾ ਦੇਵੇ; ਆਪਣੇ ਕੋਲ ਕੁਝ ਵੀ ਨਾ ਰੱਖਾਂ, ਸਭ ਕੁਝ ਅਰਪਣ ਕਰ ਦੇਵਾਂ -

*ਹਰਿ ਦਰਸਨ ਕੰਉ ਮਨੁ ਲੋਚਦਾ*
*ਨਾਨਕ ਪਿਆਸ ਮਨਾ॥ ਅੰਗ - ੧੩੩*

ਸੋ ਇਹ ਇਕ ਹੂਕ ਹੈ ਜੋ ਇਸ ਭਟਕਦੇ ਜੀਵ ਦੇ ਮਨ ਵਿਚ ਪੈਦਾ ਹੋ ਗਈ, ਉਸਦੀ ਜਗਿਆਸਾ ਪ੍ਰਭੂ ਨੇ ਸੁਣ ਲਈ ਅਤੇ ਉਸਨੂੰ ਪ੍ਰਭੂ ਨੂੰ ਮਿਲਣ ਦਾ ਭੇਤ ਦੇ ਦਿਤਾ।

ਸੋ ਪਿਆਰਿਓ! ਜੀਵ ਭਟਕਦਾ ਫਿਰ ਰਿਹਾ ਹੈ, ਗੁਰੂ ਮਹਾਰਾਜ ਜੀ ਨੇ ਇਸ ਮਹਾਂ ਪਵਿੱਤਰ ਬਾਣੀ ਰਾਹੀਂ ਅਸਾਨੂੰ ਪ੍ਰਭੂ ਨਾਲ ਮਿਲਣ ਦੀ ਜੁਗਤ ਦਸ ਦਿਤੀ ਹੈ ਕਿ ਉਨ੍ਹਾਂ ਪਿਆਰਿਆਂ ਨਾਲ ਮਿਲ, ਉਨ੍ਹਾਂ ਨਾਲ ਮਿਲ ਕੇ ਸਤਿਸੰਗ ਕਰ ਜਿਨ੍ਹਾਂ ਵਿਚ ਸ਼ਕਤੀ ਹੈ ਕਿ ਉਹ ਤੈਨੂੰ ਵੀ ਉਸ ਨਾਲ ਮਿਲਾ ਦੇਣ। ਉਨ੍ਹਾਂ ਪਿਆਰਿਆਂ ਦੇ ਮਿਲਾਪ ਤੋਂ ਬਿਨਾਂ ਕੋਈ ਵੀ ਉਸ ਪ੍ਰਮ ਸ਼ਕਤੀ ਨੂੰ ਤੈਨੂੰ

*(ਬਾਕੀ ਪੰਨਾ 41 'ਤੇ)*

# ਅਗੰਮ ਅਗੋਚਰ ਦਾ ਮਾਰਗ

*ਸੰਤ ਵਰਿਆਮ ਸਿੰਘ ਜੀ,*
*ਬਾਨੀ, ਟਰੱਸਟ ਰਤਵਾੜਾ ਸਾਹਿਬ*

*(ਲੜੀ ਜੋੜਨ ਲਈ ਦੇਖੋ, ਫਰਵਰੀ ਅੰਕ, ਪੰਨਾ-18)*

ਲੋਕ ਲਾਜ ਦੀ ਅਧਿਆਤਮਕ ਇਤਿਹਾਸ ਵਿਚ ਕਥਾ ਆਉਂਦੀ ਹੈ ਕਿ ਸ੍ਰੀ ਰਾਮ ਚੰਦਰ ਜੀ ਸੀਤਾ ਜੀ ਨੂੰ ਵਾਪਸ ਲਿਆਉਣ ਲਈ ਰਾਵਣ ਨਾਲ ਇਕ ਬਹੁਤ ਭਿਆਨਕ ਯੁੱਧ ਵਿਚ ਉਲਝ ਗਏ। ਰਾਵਣ ਦਾ ਬੱਧ ਕੀਤਾ। ਸੀਤਾ ਜੀ ਨੂੰ ਰਾਵਣ ਦੇ ਬਾਗ ਵਿਚੋਂ ਬਹੁਤ ਪਿਆਰ ਸਤਿਕਾਰ ਨਾਲ ਲਿਆਂਦਾ ਪਰ ਉਹ ਜਾਣਦੇ ਸਨ ਕਿ ਬਹੁਤ ਸਾਰਿਆਂ ਦੇ ਮਨ ਵਿਚ ਇਹ ਭਰਮ ਹੈ ਕਿ ਨੌਂ ਮਹੀਨੇ ਸੀਤਾ ਰਾਵਣ ਦੇ ਬਾਗ ਵਿਚ ਰਹੀ, ਪਤਾ ਨਹੀਂ ਇਸ ਦੇ ਚਰਿੱਤਰ ਵਿਚ ਕੀ ਦਾਗ ਲੱਗਿਆ ਹੋਣਾ ਹੈ?

ਲੋਕਾਂ ਦੇ ਇਸ ਸ਼ੰਕੇ ਨੂੰ ਨਵਿਰਤ ਕਰਨ ਲਈ ਆਪ ਨੇ ਸੀਤਾ ਜੀ ਦੀ ਅਗਨ ਪ੍ਰੀਕਸ਼ਾ ਲਈ। ਉਹ ਅਗਨ ਵਿਚੋਂ ਐਉਂ ਲੰਘ ਗਈ ਜਿਵੇਂ ਕੋਈ ਠੰਢੇ ਮੈਦਾਨ ਵਿਚੋਂ ਲੰਘੀ ਹੋਵੇ ਅਤੇ ਸੀਤਾ ਜੀ ਦਾ ਚਿਹਰਾ ਦਗ-ਦਗ ਕਰ ਰਿਹਾ ਸੀ। ਸੋ ਲੋਕ ਖੁਸ਼ ਹੋ ਗਏ ਕਿ ਸੀਤਾ ਜੀ ਪਵਿੱਤਰ ਹਨ।

ਸੀਤਾ ਜੀ ਨੇ ਸਾਰਾ ਸਮਾਂ ਰਾਮ ਜੀ ਦੇ ਵਿਛੋੜੇ ਵਿਚ ਕੱਟਿਆ ਅਤੇ ਰਾਮ ਜੀ ਦੇ ਪਿਆਰ ਤੋਂ ਬਿਨਾਂ ਇਕ ਸ੍ਵਾਸ ਵੀ ਨਹੀਂ ਲੈ ਰਹੀ ਸੀ। ਜਿਸ ਦੇ ਬਾਰੇ ਹਨੂੰਮਾਨ ਨਾਟਕ ਵਿਚ ਇਸ ਤਰ੍ਹਾਂ ਆਉਂਦਾ ਹੈ -

***ਔਹ ਹਨੂਮਾਨ ਕਹਿਓ ਰਘੁਬੀਰ***
***ਕਛੂ ਸੁਧ ਹੈ ਸੀਅ ਕੀ ਛਿਤ ਮਾਹੀ।***
***ਹੈ ਪ੍ਰਭ, ਲੰਕ ਕਲੰਕ ਬਿਨਾ ਸੁ ਬਸਹਿ,***
***ਤਰ ਰਾਵਣ ਬਾਗ ਕੀ ਛਾਹੀ।***
***ਜੀਵਤ ਹੈ?***
***ਕਹਿਬੇ ਹੀ ਕੋ ਨਾਥ!***
***ਸੋ ਕਿਉਂ ਨ ਮਰੀ ਹਮਰੇ ਬਿਛਰਾਹੀ?***
***ਪ੍ਰਾਨ ਵਸੇ ਪਦ ਪੰਕਜ ਮੇਂ,***
***ਜਮ ਆਵਤ ਹੈ ਪਰ ਪਾਵਤ ਨਾਹੀ।***

ਸ੍ਰੀ ਰਾਮ ਚੰਦਰ ਜੀ ਮਹਾਰਾਜ ਬਹੁਤ ਖੁਸ਼ੀਆਂ ਮਨਾਉਂਦੇ ਹੋਏ ਆਪਣੀਆਂ ਸਾਰੀਆਂ ਸਹਾਇਤਾ ਕਰਨ ਵਾਲੀਆਂ ਫੌਜਾਂ ਨੂੰ ਸੁਗਰੀਵ, ਹਨੂੰਮਾਨ ਸਮੇਤ ਦਿਲ ਖੋਲ੍ਹ ਕੇ ਇਨਾਮ ਵੰਡ ਰਹੇ ਹਨ। ਆਪ ਪੁਸ਼ਪ ਵਿਵਾਨ ਵਿਚ ਬੈਠ ਕੇ ਅਯੁੱਧਿਆ ਪਹੁੰਚਦੇ ਹਨ। ਅਯੁੱਧਿਆ ਵਾਸੀਆਂ ਨੇ ਬਹੁਤ ਖੁਸ਼ੀਆਂ ਮਨਾਈਆਂ ਦੀਪਮਾਲਾ ਕੀਤੀਆਂ। ਉਸ ਦਿਨ ਤੋਂ ਦੀਵਾਲੀ ਦਾ ਜਨਮ ਹੋਇਆ ਜੋ ਬਹੁਤ ਹੀ ਧੂਮ-ਧਾਮ ਨਾਲ ਸਾਰੇ ਭਾਰਤ ਵਰਸ਼ ਵਿਚ ਮਨਾਇਆ ਜਾਂਦਾ ਹੈ। ਇਸ ਦਿਨ ਬਦੀ ਦੀਆਂ ਤਾਕਤਾਂ ਉਪਰ ਸਤਿ ਨੇ ਫਤਿਹ ਪਾਈ ਸੀ। ਇਸੇ ਤਰ੍ਹਾਂ ਨਾਲ ਸਿੱਖਾਂ ਅੰਦਰ ਦੀਵਾਲੀ ਦਾ ਤਿਉਹਾਰ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ ਕਿਉਂਕਿ ਜ਼ਬਰ ਤੇ ਜ਼ੁਲਮ ਤੇ ਫਤਹਿ ਪਾ ਕੇ ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਜੀ ਸ੍ਰੀ ਅੰਮ੍ਰਿਤਸਰ ਵਿਚ ਬਹੁਤ ਸਮੇਂ ਬਾਅਦ ਪਹੁੰਚੇ ਸਨ। ਉਸ ਸਮੇਂ ਉਨ੍ਹਾਂ ਨੇ ਬਹੁਤ ਹੀ ਦੁਖ ਪਾਉਂਦੇ, ਸਹਿਕ-ਸਹਿਕ ਕੇ ਮਰ ਰਹੇ 52 ਰਾਜਿਆਂ ਨੂੰ 52 ਕਲੀਆਂ ਵਾਲਾ ਚੋਲਾ ਪਾ ਕੇ ਬਚਾਇਆ ਸੀ। ਇਸ ਕੌਤਕ ਨੂੰ ਅਨੁਭਵ ਕਰਕੇ ਸਾਰੇ ਸੰਸਾਰ ਨੇ ਉਨ੍ਹਾਂ ਨੂੰ ਬੰਦੀ ਛੋੜ ਦਾ ਨਵਾਂ ਨਾਮ ਦਿਤਾ। ਉਹ ਇਥੇ ਵੀ ਬੰਦੀਆਂ ਨੂੰ ਛੁਡਾਉਂਦੇ ਹਨ ਅਤੇ ਦਰਗਾਹ ਵਿਚ ਵੀ ਜਦੋਂ ਅਸੀਂ ਆਪਣੇ ਕਰਮਾਂ ਕਰਕੇ ਬੰਨ੍ਹੇ ਹੋਵਾਂਗੇ ਉਥੇ ਵੀ ਸਤਿਗੁਰੂ ਨੇ ਸਾਡੀ ਸਹਾਇਤਾ ਕਰਨੀ ਹੈ ਜਿਵੇਂ ਕਿ ਫੁਰਮਾਨ ਹੈ -

***ਓਥੈ ਹਥੁ ਨ ਅਪੜੈ***
***ਕੂਕ ਨ ਸੁਣੀਐ ਪੁਕਾਰ॥***
***ਓਥੈ ਸਤਿਗੁਰੁ ਬੇਲੀ ਹੋਵੈ***
***ਕਢਿ ਲਏ ਅੰਤੀਵਾਰ॥*** ***ਅੰਗ - ੧੨੮੧***

ਸ੍ਰੀ ਰਾਮ ਚੰਦਰ ਜੀ ਮਹਾਰਾਜ ਦੇ ਅਯੁੱਧਿਆ ਪੁਜਣ ਤੇ ਸਾਰੇ ਦੇਸ਼ ਵਿਚ ਖੁਸ਼ੀਆਂ ਮਨਾਈਆਂ ਗਈਆਂ। ਉਹ ਸੁੱਖ ਪੂਰਵਕ ਰਹਿਣ ਲੱਗੇ ਪਰ ਜਿਉਂ-ਜਿਉਂ ਸਮਾਂ ਬੀਤਦਾ ਗਿਆ, ਉਸ ਸਮੇਂ ਪਰਜਾ ਵਿਚ ਇਕ ਸ਼ੱਕ ਸਾਮ੍ਹਣੇ ਉਭਰ ਕੇ ਆ ਗਿਆ ਕਿ ਨੌਂ ਮਹੀਨੇ ਸੀਤਾ ਜੀ ਰਾਵਣ ਦੇ ਬਾਗ ਵਿਚ ਰਹਿਣ ਪਿਛੋਂ ਕਿਵੇਂ ਆਪਣਾ ਸਤਿ ਰੱਖਣ ਵਿਚ ਕਾਮਯਾਬ ਰਹੀ? ਰਾਵਣ ਮਹਾਨ ਸ਼ਕਤੀਸ਼ਾਲ ਰਾਜਾ ਸੀ ਜਿਸ ਦੇ ਜੀਵਨ ਵਿਚ ਮਰਿਆਦਾ ਅਤੇ ਬੇਮਰਿਆਦਾ ਲਈ ਕੋਈ ਫਰਕ ਨਹੀਂ ਸੀ। ਇਹ ਹੋ ਨਹੀਂ ਸਕਦਾ ਕਿ ਸੀਤਾ ਜੀ ਦਾ ਸਤਿ ਕਾਇਮ ਰਹਿ ਗਿਆ ਹੋਵੇ। ਜਿਹੜੇ ਸ਼ਰਧਾਲੂ ਪੁਰਸ਼ ਸਨ ਉਹ ਕਹਿੰਦੇ ਸਨ ਕਿ ਸੀਤਾ ਜੀ ਦੀ ਅਗਨ ਪ੍ਰੀਕਸ਼ਾ ਹੋਈ ਹੈ। ਉਹ ਅਗਨ ਵਿਚ ਸਾਬਤ ਨਿਕਲ ਆਈ ਹੈ। ਉਸ ਤੇ ਦੋਸ਼ ਨਹੀਂ ਲਾਉਣਾ ਚਾਹੀਦਾ।

ਇਕ ਸਮਾਂ ਐਸਾ ਆਇਆ ਜਿਸ ਤੇ ਸ੍ਰੀ ਰਾਮ ਚੰਦਰ ਜੀ ਨੇ ਲੋਕ ਰਾਏ ਜਾਨਣ ਦਾ ਯਤਨ ਕੀਤਾ। ਆਪ ਬੀਰ ਯਾਤਰਾ ਕਰਕੇ ਥਾਂ-ਥਾਂ ਜਾ ਕੇ ਲੋਕਾਂ ਤੋਂ

ਪੁਛਦੇ ਰਹੇ ਕਿ ਤੁਹਾਡਾ ਕੀ ਖਿਆਲ ਹੈ? ਤਾਂ ਉਹ ਕਹਿ ਦਿੰਦੇ ਕਿ ਖਿਆਲ ਦੀ ਕੀ ਗੱਲ ਹੈ। ਰਾਵਣ ਤੋਂ ਤਾਂ ਕੋਈ ਬਚ ਹੀ ਨਹੀਂ ਸਕਦਾ। ਅਸੀਂ ਕਿਹੜਾ ਅਗਨ ਪ੍ਰੀਕਸ਼ਾ ਦੇਖੀ ਹੈ, ਸੁਣਿਆ ਹੀ ਹੈ। ਸੁਣੀ ਅਤੇ ਦੇਖੀ ਗੱਲ ਵਿਚ ਬਹੁਤ ਫਰਕ ਹੈ। ਕੀ ਪਤਾ ਇਹ ਗੱਲ ਆਪੇ ਬਣਾ ਲਈ ਹੋਵੇ। ਸ੍ਰੀ ਰਾਮ ਚੰਦਰ ਨੇ ਅੱਛਾ ਨਹੀਂ ਕੀਤਾ। ਉਹ ਅੱਜ ਅਯੁੱਧਿਆ ਦੇ ਤਖਤ ਤੇ ਬਿਰਾਜਮਾਨ ਹਨ। ਉਹ ਰਾਮ ਅਵਤਾਰ ਨਹੀਂ ਹਨ, ਰਾਜੇ ਹਨ। ਰਾਜ ਦੇ ਨਿਯਮ ਹੁੰਦੇ ਹਨ ਜਿਨ੍ਹਾਂ ਦਾ ਪਾਲਣ ਕਰਨਾ ਰਾਜੇ ਲਈ ਬਹੁਤ ਅਵਸ਼ਕ ਹੁੰਦਾ ਹੈ। ਉਸ ਦਾ ਸਭ ਤੋਂ ਮੁੱਖ ਫਰਜ਼ ਲੋਕ ਰਾਏ ਹੁੰਦਾ ਹੈ ਜਿਸ ਦੀ ਕਦਰ ਰਾਜੇ ਨੂੰ ਆਪਣੇ ਸਾਰੇ ਕੰਮ ਪਿਛੇ ਰੱਖ ਕੇ ਕਰਨੀ ਪੈਂਦੀ ਹੈ। ਸ੍ਰੀ ਰਾਮ ਚੰਦਰ ਜੀ ਤਾਂ ਸੀਤਾ ਜੀ ਨੂੰ ਪਿਆਰ ਕਰਦੇ ਹੀ ਹਨ ਕਿਉਂਕਿ ਉਹ ਉਨ੍ਹਾਂ ਦੀ ਪਤਨੀ ਹੈ। ਉਨ੍ਹਾਂ ਨੂੰ ਲੋਕ ਰਾਏ ਦੀ ਕੋਈ ਪ੍ਰਵਾਹ ਨਹੀਂ ਹੈ। ਉਨ੍ਹਾਂ ਦਾ ਫਰਜ਼ ਬਣਦਾ ਹੈ ਕਿ ਉਹ ਲੋਕ ਰਾਏ ਜਾਨਣ ਅਤੇ ਸੀਤਾ ਜੀ ਦਾ ਤਿਆਗ ਕਰਨ।

ਅਖੀਰ ਇਸੇ ਤਰ੍ਹਾਂ ਹੋਇਆ। ਸ੍ਰੀ ਰਾਮ ਚੰਦਰ ਜੀ ਨੇ ਸ੍ਰੀ ਵਸ਼ਿਸ਼ਟ ਜੀ ਦੀ ਸਲਾਹ ਨਾਲ ਇਕ ਦਰਬਾਰ ਕੀਤਾ ਜਿਸਦਾ ਮੁੱਖ ਵਿਸ਼ਾ ਲੋਕ ਰਾਏ ਦਾ ਜਾਨਣਾ ਸੀ ਕਿ ਕੀ ਪਰਜਾ ਸੀਤਾ ਜੀ ਨੂੰ ਪਵਿੱਤਰ ਸਮਝਦੀ ਹੈ? ਸ੍ਰੀ ਰਾਮ ਚੰਦਰ ਜੀ ਤੇ ਸੀਤਾ ਜੀ ਪਰਿਵਾਰਕ ਸੁੱਖ ਮਾਨਣ? ਪਰਜਾ ਇਸ ਗੱਲ ਨਾਲ ਸਹਿਮਤ ਨਹੀਂ ਹੈ ਅਤੇ ਸੀਤਾ ਜੀ ਨੂੰ ਕਲੰਕਿਤ ਜਾਣ ਕੇ ਉਸ ਦਾ ਤਿਆਗ ਕਰ ਦੇਣ? ਭਾਵੇਂ ਸ੍ਰੀ ਰਾਮ ਚੰਦਰ ਜੀ, ਲਛਮਣ, ਭਰਤ ਅਤੇ ਸ਼ਤਰੂਗਨ, ਸਾਰੇ ਹੀ ਸੀਤਾ ਜੀ ਦੀ ਪਵਿੱਤਰਤਾ ਅੱਗੇ ਸੀਸ ਨਿਵਾਉਂਦੇ ਸਨ। ਰਿਸ਼ੀ ਮੁਨੀ ਵੀ ਉਸ ਨੂੰ ਪਵਿੱਤਰ ਸਮਝਦੇ ਹੋਏ ਦੇਵੀ ਮੰਨਦੇ ਸਨ ਅਤੇ ਉਸਦੀਆਂ ਗੁਪਤ ਸ਼ਕਤੀਆਂ ਤੋਂ ਪੂਰੀ ਤਰ੍ਹਾਂ ਜਾਣੂੰ ਸਨ ਪਰ ਫੇਰ ਵੀ ਲੋਕ ਰਾਏ ਲਈ ਗਈ। ਬਹੁਤਿਆਂ ਨੇ ਸੀਤਾ ਜੀ ਉਪਰ ਸ਼ੱਕ ਕੀਤਾ ਅਤੇ ਉਸ ਨੂੰ ਕਲੰਕਤ ਜਾਣਿਆ।

ਸ੍ਰੀ ਰਾਮ ਚੰਦਰ ਜੀ ਮਹਾਰਾਜ ਨੂੰ ਰਾਜਾ ਰਾਮ ਹੋਣ ਦੀ ਹੈਸੀਅਤ ਵਿਚ ਸੀਤਾ ਜੀ ਦਾ ਤਿਆਗ ਕਰਨਾ ਪਿਆ। ਲਛਮਣ ਜੀ ਨੇ ਸੀਤਾ ਜੀ ਨੂੰ ਰੱਥ ਵਿਚ ਬਿਠਾਇਆ ਅਤੇ ਉਹ ਨਦੀਆਂ ਨਾਲੇ ਲੰਘਦਾ ਹੋਏ 25-30 ਦਿਨਾਂ ਵਿਚ ਅੰਮ੍ਰਿਤਸਰ ਦੇ ਨੇੜੇ ਪਹੁੰਚੇ। ਜਿਥੇ ਉਸ ਸਮੇਂ ਘੋਰ ਗਹਿਬਰ ਵਣ ਸਨ ਪਰ ਉਥੇ ਆਦਿ ਵਾਸੀਆਂ ਦਾ ਵਾਸਾ ਬਹੁਤ ਘਟ ਚੁਕਿਆ ਸੀ ਕਿਉਂਕਿ ਆਰੀਅਨਾਂ ਨੇ ਉਨ੍ਹਾਂ ਦੇ ਵੱਡੇ-ਵੱਡੇ ਰਾਜ ਖੋਹ ਕੇ ਉਨ੍ਹਾਂ ਨੂੰ ਦੱਖਣ ਦਿਸ਼ਾ ਵਲ ਧੱਕ ਦਿਤਾ ਸੀ ਅਤੇ ਪੰਜਾਬ ਪੂਰੀ ਤਰ੍ਹਾਂ ਖਾਲੀ ਕਰਾ ਲਿਆ ਸੀ। ਉਥੇ ਇਕ ਮਹਾਨ ਰਿਸ਼ੀ ਬਾਲਮੀਕ ਜੀ ਦਾ ਆਸ਼ਰਮ ਸੀ, ਉਥੇ ਸੀਤਾ ਜੀ ਨੂੰ ਛੱਡ ਗਏ।

ਸੀਤਾ ਜੀ ਵੀ ਜਾਣਦੀ ਸੀ ਕਿ ਮੇਰੇ ਪਤੀ ਇਸ ਸਮੇਂ ਲੋਕ ਰਾਏ ਦੀ ਕਦਰ ਕਰਦੇ ਹੋਏ ਕਿੰਨਾ ਦੁੱਖ ਮਹਿਸੂਸ ਕਰ ਰਹੇ ਹੋਣਗੇ ਅਤੇ ਮੇਰੇ ਦੁਖ ਨੂੰ ਕਿਵੇਂ ਮਹਿਸੂਸ ਕਰਦੇ ਹੋਣਗੇ। ਕਿਉਂਕਿ ਮੈਂ ਤਾਂ ਉਨ੍ਹਾਂ ਤੋਂ ਬਗੈਰ ਇਕ ਸਾਹ ਵੀ ਨਹੀਂ ਲੈ ਸਕਦੀ।

ਇਹ ਭਾਰਤੀ ਇਤਿਹਾਸ ਵਿਚ ਐਸੀ ਦੁਖਾਂਤ ਕਥਾ ਹੈ ਜੋ ਅੱਜ ਵੀ ਪਿਆਰ ਕਰਨ ਵਾਲਿਆਂ ਨੂੰ, ਕਦਰਾਂ ਵਾਲਿਆਂ ਨੂੰ ਹਲੂਣਾ ਦੇ ਜਾਂਦੀ ਹੈ। ਸ੍ਰੀ ਰਾਮ ਚੰਦਰ ਜੀ ਸੀਤਾ ਜੀ ਨੂੰ ਬਣਵਾਸ ਦੇ ਕੇ ਆਪ ਰਾਜ ਕਰਨ ਲਗ ਗਏ। ਸੰਸਾਰ ਵਿਚ ਵਾਹਿਗੁਰੂ ਜੀ ਨੇ ਐਸਾ ਕੋਈ ਨਿਯਮ ਨਹੀਂ ਬਣਾਇਆ ਜਿਸ ਕਰਕੇ ਸਾਰੇ ਲੋਕ ਕਿਸੇ ਦੀ ਪ੍ਰਸੰਸਾ ਕਰਨ ਜਾਂ ਸਾਰੇ ਲੋਕ ਕਿਸੇ ਦੀ ਨਿੰਦਿਆ ਕਰਨ। ਇਥੋਂ ਤਕ ਕਿ ਬੁਰੇ ਤੋਂ ਬੁਰੇ ਆਦਮੀ ਵਿਚ ਵੀ ਕੋਈ ਨਾ ਕੋਈ ਗੁਣ ਹੁੰਦਾ ਹੈ। ਜਿਸ ਕਰਕੇ ਉਸ ਦੇ ਗੁਣਾਂ ਦੀ ਕਦਰ ਉਸ ਨੂੰ ਵੀ ਪਿਆਰਾ ਬਣਾ ਦਿੰਦੀ ਹੈ।

ਇਸੇ ਸਬੰਧ ਵਿਚ ਇਕ ਕਥਾ ਹੈ ਕਿ ਇਕ ਵਾਰੀ ਫਿਰੋਜ਼ਪੁਰ ਵਿਚ ਇਕ ਬੜਾ ਖੂਨ-ਖੁਆਰ ਡਾਕੂ ਹੋਇਆ ਹੈ ਜਿਸ ਦਾ ਨਾਮ ਸੰਮੀ ਡਾਕੂ ਕਹਿ ਕੇ ਲੋਕ ਜਾਣਦੇ ਸਨ। ਇਕ ਵਾਰੀ ਇਕ ਬਿਰਧ ਮਾਤਾ ਨੂੰ ਸੰਦੇਸ਼ਾ ਆਇਆ ਕਿ ਉਸ ਦੀ ਲੜਕੀ ਨੇ ਇਕ ਪੁੱਤਰ ਨੂੰ ਜਨਮ ਦਿਤਾ ਹੈ, ਉਨ੍ਹਾਂ ਨੇ ਵਧਾਈਆਂ ਭੇਜੀਆਂ ਹਨ। ਮਾਤਾ ਨੇ ਉਸ ਸਮੇਂ ਦੇ ਰਿਵਾਜ਼ ਅਨੁਸਾਰ ਘਿਓ ਲਿਆ, ਚਾਰੇ ਮਗਜ਼ ਆਦਿ ਪਾ ਕੇ ਜੱਚਾ ਦੇ ਖਾਣ ਵਾਸਤੇ ਪੰਜੀਰੀ ਬਣਾਈ ਜਿਸ ਵਿਚ ਖੂਬ ਕਲਾਂ, ਕਮਰ ਕਸ ਆਦਿ ਸਿਹਤ ਨੂੰ ਠੀਕ ਕਰਨ ਵਾਲੀਆਂ ਚੀਜ਼ਾਂ ਪਾਈਆਂ ਅਤੇ ਨਾਲ ਹੀ ਉਸ ਨਵਜੰਮੇ ਬੱਚੇ ਵਾਸਤੇ ਸ਼ੁਕਲੇ ਬਣਾਏ। ਸੋਨੇ ਦਾ ਕੜਾ ਬਣਾਇਆ ਅਤੇ ਲੜਕੀ ਦੀ ਸੱਸ ਨੂੰ ਦੇਣ ਲਈ ਗਰੀਬੋ ਗਰੀਬ ਇਕ ਗਹਿਣਾ ਬਣਾਇਆ। ਪੰਜ ਚਾਰ ਤਿਓਰ ਬਣਾ ਕੇ ਉਹ ਲੜਕੀ ਨੂੰ ਦੇਣ ਵਾਸਤੇ ਤੁਰ ਪਈ। ਉਸ ਨੇ ਪੰਜੀਰੀ ਵਾਲੀ ਬਲਟੋਹੀ ਸਿਰ ਉਪਰ ਚੁੱਕ ਲਈ, ਗਹਿਣੇ ਵੀ ਉਸ ਨੇ ਪੰਜੀਰੀ ਵਿਚ ਗੁਪਤ ਕਰਕੇ ਰੱਖ ਲਏ ਅਤੇ ਪੈਸੇ ਵੀ ਉਸ ਨੇ ਕਿਸੇ ਢੰਗ ਕਪੜਿਆਂ ਵਿਚ ਸੀਅ ਕੇ ਛੁਪਾਏ ਹੋਏ ਸਨ। ਅਜੇ ਮੂੰਹ ਹਨ੍ਹੇਰਾ ਸੀ। ਸਾਜਰੇ ਦੀ ਤੁਰੀ ਹੋਈ ਉਹ ਮਾਤਾ ਉਸ ਥਾਂ ਪਹੁੰਚ ਗਈ ਜਿਥੇ ਇਕ ਦਰਖਤਾਂ ਦੀ ਲੰਮੀ ਝੜੀ ਸੀ। ਆਮ ਤੌਰ ਤੇ ਉਸ ਥਾਂ ਤੇ ਸਰਕਾਰ ਦੇ ਭਗੌੜੇ, ਕਾਤਲ, ਡਾਕੂ ਆਦਿ ਰਿਹਾ ਕਰਦੇ ਸਨ। ਉਸ ਸਮੇਂ ਉਹ ਉਸ ਝੜੀ ਵਿਚੋਂ ਲੰਘਣ

ਤੋਂ ਬਹੁਤ ਝਿਜਕ ਰਹੀ ਸੀ। ਉਹ ਕੀ ਦੇਖਦੀ ਹੈ ਕਿ ਉਸ ਦੇ ਸਾਮ੍ਹਣੇ ਇਕ ਬਹੁਤ ਮਜ਼ਬੂਤ ਸਰੀਰ ਵਾਲਾ ਬੰਦਾ ਆ ਗਿਆ। ਜਿਸ ਦੇ ਮੋਢੇ ਤੇ ਗੰਡਾਸੀ ਰੱਖੀ ਹੋਈ ਸੀ। ਜਿਸ ਦਾ ਕੱਦ ਇਕ ਬਲਵਾਨ ਪਹਿਲਵਾਨ ਵਰਗਾ ਸੀ। ਉਸ ਦੇ ਮੁਛਹਿਰੇ ਉਪਰ ਨੂੰ ਖੜ੍ਹੇ ਸਨ। ਦੇਖਣ ਤੇ ਡਰ ਲਗਦਾ ਸੀ, ਮਾਤਾ ਇਕ ਦਮ ਘਬਰਾ ਗਈ।

ਤਾਂ ਉਸ ਨੇ ਪਹਿਲ ਕਰਦਿਆਂ ਕਿਹਾ ਕਿ ਮਾਤਾ! ਤੂੰ ਐਨੇ ਸਾਜਰੇ ਆ ਗਈ, ਤੈਨੂੰ ਡਰ ਨਹੀਂ ਲੱਗਿਆ – ਇਸ ਝੜੀ ਵਿਚ ਲੰਘਣ ਤੋਂ? ਤਾਂ ਮਾਤਾ ਨੇ ਕਿਹਾ ਕਿ ਮੈਨੂੰ ਪਤਾ ਹੈ ਇਥੇ ਸੰਮੀ ਡਾਕੂ ਰਹਿੰਦਾ ਹੈ। ਉਹ ਤਾਂ ਕਿਸੇ ਨੂੰ ਛਡਦਾ ਹੀ ਨਹੀਂ ਪਰ ਮੈਂ ਕੀ ਕਰਾਂ। ਮੇਰੀ ਲੜਕੀ ਦੇ ਘਰ ਪੁੱਤਰ ਹੋਇਆ ਹੈ। ਉਸ ਦੇ ਲਈ ਮੈਂ ਪੰਜੀਰੀ ਲੈ ਕੇ ਜਾ ਰਹੀ ਹਾਂ। ਤਾਂ ਉਸ ਨੇ ਕਿਹਾ ਕਿ ਕੋਈ ਟੂੰਮ, ਛੱਲਾ ਵੀ ਲੈ ਜਾਣਾ ਸੀ। ਤਾਂ ਮਾਤਾ ਨੇ ਕਿਹਾ ਕਿ ਗਰੀਬ ਆਦਮੀ ਹਾਂ ਇਹ ਪੰਜੀਰੀ ਹੀ ਬੜੀ ਮੁਸ਼ਕਲ ਨਾਲ ਬਣਾਈ ਹੈ। ਉਸ ਬੰਦੇ ਨੇ ਕਿਹਾ ਕਿ ਮਾਤਾ! ਬਲਟੋਹੀ (ਟੋਕਣੀ) ਮੈਨੂੰ ਦੇ ਦੇ, ਮੈਂ ਤੈਨੂੰ ਜੰਗਲ ਲੰਘਾ ਦੇਵਾਂ। ਐਵੇਂ ਕੋਈ ਚੋਰ, ਡਾਕੂ ਖੋਹ ਕੇ ਖਾ ਲਵੇ। ਮਾਤਾ ਨੇ ਕਿਹਾ ਕਿ ਪੁੱਤਰ! ਤੂੰ ਤਾਂ ਮੈਨੂੰ ਰੱਬ ਵਰਗਾ ਹੋ ਕੇ ਟਕਰਿਆ ਹੈਂ ਮੈਂ ਕਿਸ ਤਰ੍ਹਾਂ ਤੇਰਾ ਧੰਨਵਾਦ ਕਰਾਂ। ਉਸ ਨੇ ਕਿਹਾ ਕਿ ਮਾਤਾ! ਆਦਮੀ ਬੁਰਾ ਵੀ ਹੁੰਦਾ ਹੈ ਉਸ ਵਿਚ ਕਈ ਚੰਗੀਆਂ ਆਦਤਾਂ ਵੀ ਹੁੰਦੀਆਂ ਹਨ। ਬੁਰੇ ਵਿਚ ਬੁਰਿਆਈ ਹੀ ਨਹੀਂ ਹੁੰਦੀ, ਕਈ ਗੁਣ ਵੀ ਹੁੰਦੇ ਹਨ। ਬੁਰੇ ਬੰਦੇ ਵਿਚ ਜੋ ਗੁਣ ਹਨ, ਉਨ੍ਹਾਂ ਨਾਲ ਸਾਂਝ ਪਾ ਲੈਣੀ ਚਾਹੀਦੀ ਹੈ, ਜੋ ਬੁਰਿਆਈ ਹੈ ਉਸ ਨੂੰ ਨਜ਼ਰ ਅੰਦਾਜ਼ ਕਰ ਦੇਣਾ ਚਾਹੀਦਾ ਹੈ। ਐਨਾ ਕਹਿ ਕੇ ਉਸ ਨੇ ਬਲਟੋਹੀ ਸਿਰ ਤੇ ਰੱਖ ਲਈ। ਮਾਈ ਦਾ ਡਰ ਦੂਰ ਕਰਦਾ ਹੋਇਆ ਉਸ ਨੂੰ ਜੰਗਲ ਪਾਰ ਕਰਾ ਆਇਆ। ਜਦੋਂ ਉਹ ਬਲਟੋਹੀ ਮਾਤਾ ਨੂੰ ਦੇਣ ਲੱਗਿਆ ਤਾਂ ਕਿਹਾ ਕਿ ਲੈ ਮਾਤਾ, ਹੁਣ ਤੈਨੂੰ ਕੋਈ ਖਤਰਾ ਨਹੀਂ ਹੈ, ਇਸ ਝੜੀ ਵਿਚ ਹੀ ਖਤਰਾ ਸੀ। ਇਹ ਵੀ ਕਈ ਮੀਲ ਦਾ ਇਕ ਜੰਗਲ ਹੀ ਹੈ। ਉਸ ਡਾਕੂ ਨੇ ਆਪਣੇ ਕੋਲੋਂ ਹੀ 30 ਰੁਪਏ ਦਿਤੇ ਅਤੇ ਕਿਹਾ ਕਿ ਲੜਕੀ ਨੂੰ ਟੂੰਮ ਟਿਲਾ ਬਣਾ ਕੇ ਦੇ ਦੇਵੀਂ। ਵਧਾਈਆਂ ਦੀ ਖੁਸ਼ੀ ਹੈ। ਮਾਤਾ ਨੇ ਅਸੀਸਾਂ ਦਿਤੀਆਂ, ਪੁੱਤਰ ਜਵਾਨੀ ਮਾਣ! ਜਗ ਜੀਉਂਦਾ ਰਹਿ! ਤੈਨੂੰ ਮਹਾਰਾਜ ਜੀ ਬਰਕਤਾਂ ਬਖਸ਼ਣ। ਜਦੋਂ ਉਹ ਮੁੜਨ ਲੱਗਿਆ ਤਾਂ ਮਾਤਾ ਨੇ ਉਸ ਨੂੰ ਕਿਹਾ ਕਿ ਪੁੱਤਰ! ਤੂੰ ਮੈਨੂੰ ਆਪਣਾ ਨਾਮ ਤਾਂ ਦਸਿਆ ਹੀ ਨਹੀਂ? ਤਾਂ ਉਸ ਨੇ ਕਿਹਾ ਕਿ ਮਾਤਾ! ਤੂੰ ਮੇਰਾ ਨਾਮ ਪੁੱਛ ਕੇ ਕੀ ਲੈਣਾ ਹੈ। ਮੈਨੂੰ ਤਾਂ ਲੋਕ ਬਹੁਤ ਬੁਰਾ ਕਹਿੰਦੇ ਹਨ। ਮੇਰੇ ਤੋਂ ਦਹਿਸ਼ਤ ਖਾਂਦੇ ਹੋਏ ਰੋਟੀ ਖਾਣਾ ਵੀ ਭੁੱਲ ਜਾਂਦੇ ਹਨ। ਕਹਿਣ ਲੱਗੀ, "ਤੂੰ ਤਾਂ ਐਨਾ ਚੰਗਾ ਹੈਂ। ਕੀ ਗੱਲ?" ਉਸ ਨੇ ਕਿਹਾ ਕਿ ਗੱਲ ਤਾਂ ਕੋਈ ਨਹੀਂ ਬਦ ਨਾਲੋਂ ਬਦਨਾਮ ਜ਼ਿਆਦਾ ਗਿਣਿਆ ਜਾਂਦਾ ਹੈ। ਉਸ ਨੇ ਕਿਹਾ ਕਿ ਬੇਟਾ! ਸੰਜੋਗਾਂ ਨਾਲ ਫੇਰ ਮੇਲੇ ਹੋ ਜਾਂਦੇ ਹਨ, ਮੈਂ ਆਪਣੀ ਲੜਕੀ ਨਾਲ ਜਾ ਕੇ ਤੇਰਾ ਜਸ ਕਰਾਂਗੀ। ਤਾਂ ਉਸ ਨੇ ਕਿਹਾ ਕਿ ਮੈਂ ਹੀ ਸੰਮੀ ਡਾਕੂ ਹਾਂ। ਤਾਂ ਮਾਤਾ ਹੈਰਾਨ ਹੋ ਗਈ ਕਿ ਇਹ ਸੰਮੀ ਡਾਕੂ ਸੀ ਜਿਸ ਨੇ ਮੈਨੂੰ ਐਨੇ ਘੋਰ ਵਣ ਵਿਚੋਂ ਲੰਘਾ ਦਿਤਾ ਅਤੇ 30 ਰੁਪਏ ਭੀ ਦਿਤੇ। ਸੋ ਇਸ ਤਰ੍ਹਾਂ ਦੇ ਨਾਲ ਆਦਮੀ ਵਿਚ ਬਹੁਤ ਵਾਰੀ ਔਗੁਣ ਵੀ ਹੋਇਆ ਕਰਦੇ ਹਨ ਪਰ ਉਸ ਦੇ ਮੁਕਾਬਲੇ ਤੇ ਗੁਣ ਵੀ ਬਹੁਤ ਵੱਡੇ ਹੋਇਆ ਕਰਦੇ ਹਨ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਪਿਆਰਿਓ! ਤੁਸੀਂ ਗੁਣਾਂ ਨਾਲ ਸਾਂਝ ਪਾਓ, ਔਗੁਣਾਂ ਨੂੰ ਨਜ਼ਰ ਅੰਦਾਜ਼ ਕਰ ਦੇਵੋ। ਜਿਵੇਂ ਕਿ ਫੁਰਮਾਨ ਹੈ –

***ਗੁਣਾ ਕਾ ਹੋਵੈ ਵਾਸੁਲਾ***
***ਕਢਿ ਵਾਸੁ ਲਈਜੈ॥***
***ਜੇ ਗੁਣ ਹੋਵਨਿ ਸਾਜਨਾ***
***ਮਿਲਿ ਸਾਝ ਕਰੀਜੈ॥***
***ਸਾਝ ਕਰੀਜੈ ਗੁਣਹ ਕੇਰੀ***
***ਛੋਡਿ ਅਵਗਣ ਚਲੀਐ॥***
***ਪਹਿਰੇ ਪਟੰਬਰ ਕਰਿ ਅਡੰਬਰ***
***ਆਪਣਾ ਪਿੜੁ ਮਲੀਐ॥ ਅੰਗ – ੭੬੫***

ਸੰਸਾਰ ਦਾ ਸੁਭਾਅ ਹੈ ਕਿ ਕਿਸੇ ਵਿਚ 99 ਗੁਣ ਹੋਣ ਪਰ ਇਕ ਅਵਗੁਣ ਹੋਵੇ ਤਾਂ ਉਸ ਨੂੰ ਅਵਗੁਣਹਾਰ ਕਹਿਣਗੇ। ਆਪਣੇ ਕਿਰਦਾਰ ਵਲ ਝਾਤੀ ਮਾਰ ਕੇ ਨਹੀਂ ਦੇਖਦੇ ਅਤੇ ਦੂਸਰੇ ਦੇ ਨੁਕਸ ਕੱਢਣ ਵਾਸਤੇ ਤਿਆਰ ਬਰ ਤਿਆਰ ਰਹਿੰਦੇ ਹਨ। ਭਾਵੇਂ ਲਿਖਾਰੀ ਹੋਵੇ, ਭਾਵੇਂ ਕੋਈ ਬੁਲਾਰਾ ਹੋਵੇ, ਉਹ ਆਪਣੇ ਵਲ ਨਹੀਂ ਦੇਖਦੇ।

ਇਕ ਵਾਰੀ ਇਸ ਤਰ੍ਹਾਂ ਆਉਂਦਾ ਹੈ ਕਿ ਇਕ ਬੀਬੀ ਤੋਂ ਕੋਈ ਭੁੱਲ ਹੋ ਗਈ। ਉਸ ਦਾ ਕਿਸੇ ਪਰਪੁਰਸ਼ ਨਾਲ ਸੰਗ ਹੋ ਗਿਆ। ਉਸ ਸਮੇਂ ਦੇ ਕਾਨੂੰਨ ਅਨੁਸਾਰ ਆਦਮੀ ਨੂੰ ਤਾਂ ਸਜ਼ਾ ਨਾ ਮਿਲੀ ਪਰ ਬੀਬੀ ਨੂੰ ਸੰਗਸਾਰ (ਪੱਥਰ ਮਾਰ-ਮਾਰ ਕੇ ਮਾਰਨ) ਕਰਨ ਦੀ ਸਜ਼ਾ ਮਿਲੀ। ਉਥੇ ਨੇੜੇ ਹੀ ਈਸਾ ਜੀ ਨਿਵਾਸ ਰਖਦੇ ਸਨ। ਉਹ ਉਥੇ ਦੌੜ ਕੇ ਚਲੀ ਗਈ ਅਤੇ ਕਹਿਣ ਲੱਗੀ, ਹੇ ਪ੍ਰਭੂ! ਮੇਰੇ ਤੋਂ ਭੁੱਲ ਹੋ ਗਈ। ਕਿਉਂਕਿ ਮੇਰਾ ਮਨ ਐਨਾ ਬੇਸਮਝੀ ਵਿਚ ਆਇਆ ਕਿ ਮੈਨੂੰ ਸਤਿ ਤੇ ਅਸਤਿ ਦੀ ਪਛਾਣ ਨਾ ਰਹੀ, ਮੈਨੂੰ ਕਿਸੇ ਤਰੀਕੇ ਨਾਲ ਬਚਾ ਲਵੋ। ਹੇ ਪ੍ਰਭੂ! ਮੈਂ ਆਪ ਦੀ ਸ਼ਰਨ ਵਿਚ ਆਈ ਹਾਂ, ਮੈਨੂੰ ਬਚਾ ਲਓ।

ਤਾਂ ਈਸਾ ਜੀ ਨੇ ਕਿਹਾ ਕਿ ਬੇਟੀ! ਇਸ ਸੰਸਾਰ ਵਿਚ ਪ੍ਰਭੂ ਤੋਂ ਬਿਨਾਂ ਕਿਸੇ ਦਾ ਜੀਵਨ ਸੁੱਚਾ ਨਹੀਂ ਹੈ। ਕਿਸੇ ਜੀਵ ਉਪਰ ਕ੍ਰਿਪਾ ਹੋ ਜਾਵੇ ਤਾਂ ਸਤ ਕਾਇਮ ਰਹਿ ਜਾਂਦਾ ਹੈ। ਪਰ ਜੋ ਅਵਗੁਣ ਕਰਕੇ ਪਸ਼ਚਾਤਾਪ ਕਰ ਲੈਂਦਾ ਹੈ, ਉਹ ਵੀ ਪ੍ਰਭੂ ਦੇ ਦਰ ਤੇ ਮਾਫ ਹੋ ਜਾਂਦਾ ਹੈ। ਪ੍ਰਭੂ ਬਖਸ਼ਿੰਦ ਹੈ, ਉਹ ਕਿਸੇ ਦੇ ਔਗੁਣ ਨਹੀਂ ਵਿਚਾਰਦਾ। ਜਦੋਂ ਸੱਚੇ ਦਿਲੋਂ ਉਸ ਪਾਸ ਅਰਦਾਸ ਕਰੋ ਉਹ ਔਗੁਣ ਮਾਫ ਕਰ ਦਿੰਦਾ ਹੈ। ਬੇਟਾ! ਇਨ੍ਹਾਂ ਨੂੰ ਅੱਗੇ ਆਉਣ ਦੇਹ। ਜਦੋਂ ਪੱਥਰ ਮਾਰਨ ਵਾਲਿਆਂ ਨੇ ਘੇਰਾ ਪਾ ਲਿਆ ਤਾਂ ਉਸ ਸਮੇਂ ਈਸਾ ਜੀ ਦੇ ਹੱਥ ਵਿਚ ਭੀ ਇਕ ਪੱਥਰ ਸੀ ਕਿਉਂਕਿ ਰਾਜੇ ਦਾ ਹੁਕਮ ਸੀ ਕਿ ਸਭ ਨੂੰ ਪੱਥਰ ਮਾਰਨੇ ਪੈਣੇ ਹਨ। ਈਸਾ ਜੀ ਨੇ ਆਪਣੀ ਬਾਂਹ ਉਚੀ ਕੀਤੀ। ਗਰਜਵੀਂ ਆਵਾਜ਼ ਵਿਚ ਕਿਹਾ ਠਹਿਰੋ! ਇਸ ਅਬਲਾ ਦੇ ਉਹ ਪੱਥਰ ਮਾਰੇ ਜਿਸ ਨੇ ਕਦੇ ਆਪ ਕੋਈ ਗਲਤੀ ਨਾ ਕੀਤੀ ਹੋਵੇ। ਆਪਣੇ ਅੰਦਰੋਂ ਵਿਚਾਰੋ, ਅੱਲਾਹ ਦੀ ਦਰਗਾਹ ਵਿਚ ਗੁਨਹਗਾਰ ਨਾ ਬਣੋ। ਇਕ ਤਾਂ ਪਹਿਲਾਂ ਗੁਨਾਹ ਕੀਤੇ ਹਨ ਅਤੇ ਦੂਸਰਾ ਇਸ ਅਬਲਾ ਨੂੰ ਪੱਥਰ ਮਾਰ-ਮਾਰ ਕੇ ਮਾਰਨ ਦਾ ਗੁਨਾਹ ਕਰ ਰਹੇ ਹੋਂ। ਈਸਾ ਜੀ ਦੀ ਗੱਲ ਸੁਣ ਕੇ ਸਭ ਦੀਆਂ ਬਾਹਵਾਂ ਨੀਵੀਆਂ ਹੋ ਗਈਆਂ ਤੇ ਚੁੱਪ ਚਾਪ ਖੜ੍ਹੇ ਹੋ ਗਏ। ਇਸ ਤਰ੍ਹਾਂ ਅਵਗੁਣ ਸਭ ਦੇ ਅੰਦਰ ਹਨ। ਕੋਈ ਵਿਰਲਾ ਪੁਰਸ਼ ਹੀ ਹੈ, ਜਿਸ ਦੇ ਅੰਦਰ ਕੋਈ ਅਵਗੁਣ ਨਾ ਹੋਵੇ। ਸਭ ਤੋਂ ਵੱਡਾ ਅਵਗੁਣ ਹੈ ਕਿ ਪ੍ਰਭੂ ਨੂੰ ਭੁੱਲੇ ਰਹਿਣਾ। ਉਸ ਤੋਂ ਦਾਤਾਂ ਲੈ ਕੇ ਭੁੱਲੇ ਰਹਿਣਾ ਇਸ ਨੂੰ ਅਕ੍ਰਿਤਘਣ ਕਿਹਾ ਜਾਂਦਾ ਹੈ। ਅਕ੍ਰਿਤਘਣ ਵਾਸਤੇ ਮਹਾਂਪੁਰਸ਼ਾਂ ਨੇ ਬਹੁਤ ਬਚਨ ਕੀਤੇ ਹਨ। ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਫੁਰਮਾਨ ਕੀਤਾ ਹੈ-

***ਮਦ ਵਿਚਿ ਰਿੱਧਾ ਪਾਇਕੈ ਕੁੱਤੇ ਦਾ ਮਾਸ॥***
***ਧਰਿਆ ਮਾਣਸ ਖੋਪਰੀ ਤਿਸੁ ਮੰਦੀ ਵਾਸੁ॥***
***ਰੱਤੂ ਭਰਿਆ ਕੱਪੜਾ ਕਰਿ ਕੱਜਣ ਤਾਸੁ॥***
***ਢੱਕ ਲੈ ਚੱਲੀ ਚੂਹੜੀ ਕਰਿ ਭੋਗ ਬਿਲਾਸੁ॥***
***ਆਖਿ ਸੁਣਾਏ ਪੁੱਛਿਆ ਲਾਹੇ ਵਿਸਵਾਸੁ॥***
***ਨਦਰੀ ਪਵੈ ਅਕ੍ਰਿਤਘਣ ਮਤ ਹੋਇ ਵਿਣਾਸੁ॥***
***ਭਾਈ ਗੁਰਦਾਸ ਜੀ, ਵਾਰ 35/9***

ਸੋ ਗੱਲ ਆਪਾਂ ਰਾਮ ਚੰਦਰ ਜੀ ਦੀ ਕਰ ਰਹੇ ਸੀ। ਸਾਰੇ ਲੋਕਾਂ ਦੀ ਨਿੰਦਿਆ, ਨੁਕਤਾਚੀਨੀ ਸੁਣ ਕੇ ਸੀਤਾ ਜੀ ਨੂੰ ਰਾਮ ਚੰਦਰ ਜੀ ਨੂੰ ਮਜਬੂਰਨ ਦੂਰ ਜੰਗਲਾਂ ਵਿਚ ਛੱਡਣਾ ਪਿਆ। ਆਪ ਉਹ ਰਾਜ ਕਰਨ ਲੱਗੇ।

ਇਕ ਵਾਰੀ ਲਛਮਣ ਜੀ ਨੂੰ ਨਾਲ ਲੈ ਕੇ ਆਪ ਆਪਣੇ ਰਾਜ ਵਿਚ ਭ੍ਰਮਣ ਕਰਦੇ ਹੋਏ ਜਾ ਰਹੇ ਸਨ। ਅਚਾਨਕ ਗੱਲਬਾਤ ਛਿੜ ਗਈ ਤੇ ਕਹਿਣ ਲੱਗੇ, "ਲਛਮਣ! ਮੇਰੇ ਤੋਂ ਸੀਤਾ ਜੀ ਦਾ ਤਿਆਗ ਤਾਂ ਪਰਜਾ ਨੇ ਕਰਾ ਦਿਤਾ ਹੁਣ ਤਾਂ ਮੇਰੀ ਨਿੰਦਿਆ ਨਹੀਂ ਕਰਦੇ ਹੋਣਗੇ?" ਲਛਮਣ ਜੀ ਨੇ ਕਿਹਾ ਕਿ ਹੇ ਪ੍ਰਭੂ! ਸੰਸਾਰ ਦਾ ਸੁਭਾਅ ਹੈ। ਇਹ ਕਦੇ ਵੀ ਇਕ ਗੱਲ ਉਤੇ ਸਹਿਮਤ ਨਹੀਂ ਹੁੰਦਾ, ਜਿਵੇਂ ਭਾਵਰ ਸਾਮ੍ਰਿਤ ਵਿਚ ਲਿਖਿਆ ਹੈ-

***ਗੁਣ ਮਾਰਗ ਸੂਧੈ ਚਲੋ ਖਲ ਨਿੰਦਾ ਡਰ ਡਾਰ।***
***ਵਿਧਿ ਖਲ ਕੁਛ ਐਸੇ ਰਚੇ ਗੁਣ ਮੇਂ ਦੋਸ਼ ਉਚਾਰ।***

ਭਾਵੇਂ ਆਪ ਕਿੰਨੇ ਵੀ ਸੁਥਰੇ ਰਸਤੇ ਉਪਰ ਚਲੋ ਫੇਰ ਵੀ ਮੂਰਖ ਲੋਕ ਨਿੰਦਾ ਕਰਦੇ ਰਹਿੰਦੇ ਹਨ। ਨਿੰਦਕਾਂ ਦਾ ਇਹ ਸੁਭਾਅ ਹੀ ਹੁੰਦਾ ਹੈ ਕਿ ਉਹ ਗੁਣ ਵਿਚ ਵੀ ਦੋਸ਼ ਭਾਲਦੇ ਹਨ। ਜਿਵੇਂ ਸੀਸ ਮਹੱਲ ਵਿਚ ਇਕ ਕੀੜਾ ਦਾਖਲ ਕੀਤਾ ਜਾਵੇ, ਉਹ ਕੀੜਾ ਦੀਵਾਰਾਂ ਉਪਰ ਦੌੜਿਆ ਤਲਾਸ਼ ਕਰਦਾ ਹੈ ਕਿ ਕਿਤੇ ਕੋਈ ਤਰੇੜ ਮਿਲ ਜਾਵੇ। ਇਸ ਤਰ੍ਹਾਂ ਨਿੰਦਕ ਪੁਰਸ਼, ਮਹਾਂਪੁਰਸ਼ਾਂ ਦੇ ਪਹਾੜਾਂ ਜਿੱਡੇ ਵੱਡੇ ਗੁਣਾਂ ਦੀ ਕਦਰ ਤਾਂ ਨਹੀਂ ਕਰਦਾ ਪਰ ਉਨ੍ਹਾਂ ਦੀ ਕ੍ਰਿਆ ਨੂੰ ਨਾ ਸਮਝ ਕੇ ਉਨ੍ਹਾਂ ਵਿਚ ਦੋਸ਼ ਆਰੋਪਣ ਕਰਦਾ ਹੈ। ਭਾਵਰ ਸਾਮ੍ਰਿਤ ਵਿਚ ਆਉਂਦਾ ਹੈ ਕਿ ਦੁਨੀਆਂ ਦਮੂਹੀ ਹੈ ਸਾਰੇ ਲੋਕ ਨਾ ਕਿਸੇ ਵੀ ਸੂਰਤ ਵਿਚ ਕਿਸੇ ਨੂੰ ਚੰਗਾ ਕਹਿੰਦੇ ਹਨ, ਨਾ ਹੀ ਕਿਸੇ ਨੂੰ ਮਾੜਾ ਕਹਿੰਦੇ ਹਨ। ਉਹ ਆਪਣੀ ਸੋਚ ਦੀ ਐਨਕ ਨਾਲ ਦੁਨੀਆਂ ਦੇ ਗੁਣਾਂ, ਔਗੁਣਾ ਦਾ ਨਿਰਣਾ ਕਰਦੇ ਹਨ -

***ਸੇਵ ਕਰੋ ਤੁ ਕਹੇਂ ਕੁਛ ਚਾਹਿਤ***
***ਨਾਹਿ ਕਰੋ ਤੁ ਕਹੇਂ ਢਿਠਤਾਈ।***
***ਜੋ ਪਦ ਬੰਦਨ ਜਾਇ ਕਰੋਂ***
***ਤੁ ਕਹੇਂ ਹਮ ਤੇ ਉਰ ਮਾਹਿੰ ਡਰਾਈ।***
***ਨਾਹਿ ਕਰੋ ਤੁ ਕਹੇਂ ਯਹਿ ਮੂਰਖ***
***ਬ੍ਰਿਧ ਅਬ੍ਰਿਧ ਕੀ ਸਾਰ ਨ ਕਾਈ।***
***ਜਾਨਤ ਹੈ ਜਨ ਕਾਤਮਜਾਪਤਿ***
***ਔਰ ਕਰੋਂ ਅਬ ਕਾਹਿ ਸੁਨਾਈ।***
***ਜਗ ਲਾਜ ਜਹਾਂ ਜਹਾਜਕਹੇਂ***
***ਜੜਤਾ ਬ੍ਰਤ ਧਾਰਣ ਤੇ ਖਲ ਦੰਭ ਉਚਾਰੇ।***
***ਰਣ ਸੂਰ ਕੋ ਕ੍ਰੂਰ ਕਹੇਂ ਜਗ ਮੇਂ***
***ਰਿਜੁ ਭਾਵਹਿ ਬੁਧਿ ਬਿਹੀਨ ਪੁਕਾਰੇ।***
***ਮਧੁ ਬੈਨਨ ਦੀਨ ਕਹੇਂ ਨਰ ਕੋ***
***ਜੁ ਬਖਾਨ ਕਰੈ ਸੁ ਬਚਾਲ ਬਿਚਾਰੇ।***
***ਗੁਣ ਕੌਨ ਅਹੇ ਗੁਣਵਾਨਨ ਕੋ ਖਲ ਦੋਖਨ***
***ਤੇ ਜੋਇ ਨਾਹਿੰ ਲਤਾਰੇ।***

*'ਚਲਦਾ..........।"*

# ਸੱਚਾ ਰੰਗ-ਸਾਧ ਕਾ ਸੰਗ-ਨਾਮ ਕਾ ਰੰਗ

**(''ਹੋਲੀ ਕੀਨੀ ਸੰਤ ਸੇਵ'' ਦੇ ਉਪਲਕਸ਼ ਵਿਚ)**

*ਸੰਤ ਵਰਿਆਮ ਸਿੰਘ ਜੀ*
*ਬਾਨੀ, ਵਿ. ਗੁ. ਰੂ. ਮਿਸ਼ਨ।*

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ- ੨੮੯*

*ਧਾਰਨਾ - ਪ੍ਰਭ ਸਭ ਕਿਛੁ ਤੇਰਾ ਜੀ,*
*ਮੈਂ ਕਿਛੁ ਨਾਹੀ - ਮੈਂ ਕਿਛੁ ਨਾਹੀ।*

*ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥*
*ਈਘੈ ਨਿਰਗੁਨ ਊਘੈ ਸਰਗੁਨ*
*ਕੇਲ ਕਰਤ ਬਿਚਿ ਸੁਆਮੀ ਮੇਰਾ ॥ ੧ ॥ ਰਹਾਉ ॥*
*ਨਗਰ ਮਹਿ ਆਪਿ ਬਾਹਰਿ ਫੁਨਿ ਆਪਨ*
*ਪ੍ਰਭ ਮੇਰੇ ਕੋ ਸਗਲ ਬਸੇਰਾ ॥*
*ਆਪੇ ਹੀ ਰਾਜਨੁ ਆਪੇ ਹੀ ਰਾਇਆ*
*ਕਹ ਕਹ ਠਾਕੁਰੁ ਕਹ ਕਹ ਚੇਰਾ ॥ ੧ ॥*
*ਕਾ ਕਉ ਦੁਰਾਉ ਕਾ ਸਿਉ ਬਲਬੰਚਾ*
*ਜਹ ਜਹ ਪੇਖਉ ਤਹ ਤਹ ਨੇਰਾ ॥*
*ਸਾਧ ਮੂਰਤਿ ਗੁਰੁ ਭੇਟਿਓ ਨਾਨਕ*
*ਮਿਲਿ ਸਾਗਰ ਬੂੰਦ ਨਹੀ ਅਨ ਹੇਰਾ ॥ ੨ ॥ ੧ ॥ ੧੧੭ ॥*
*ਅੰਗ- ੮੨੭*

*ਧਾਰਨਾ - ਖੇਲੇ ਸੁਆਮੀ ਮੇਰਾ*
*ਨਿਰਗੁਣ ਹੋ ਕੇ, ਸਰਗੁਣ ਹੋ ਕੇ।*

ਸਾਧਸੰਗਤ ਜੀ, ਚਿੱਤ ਬਿਰਤੀਆਂ ਇਕਾਗਰ ਕਰੋ। ਨੇਤਰਾਂ ਦੇ ਨਾਲ ਗੁਰੂ ਸਰੂਪ ਦਾ ਧਿਆਨ ਧਰੋ। ਕੰਨਾਂ ਦੇ ਨਾਲ, ਜੋ ਬੋਲਿਆ ਜਾ ਰਿਹਾ ਹੈ, ਇਸ ਨੂੰ ਵਿਚਾਰ ਕੇ ਹਿਰਦੇ 'ਚ ਧਾਰਨ ਕਰੋ। ਦੂਰ-ਦਰਾਜ਼ ਤੋਂ ਸੰਗਤਾਂ ਪਹੁੰਚੀਆਂ ਹੋਈਆਂ ਨੇ। ਬਹਿਰਾਮ ਤੋਂ ਸੰਗਤ ਆਈ ਹੈ, ਧਮੋਟ ਤੋਂ ਆਏ ਨੇ, ਦਿੱਲੀ ਤੋਂ ਆਏ ਨੇ, ਹੋਰ ਦੂਰ-ਦਰਾਜ਼ ਤੋਂ ਅਮਰੀਕਾ ਤੋਂ ਆਏ ਹੋਏ ਪ੍ਰੇਮੀ ਵੀ ਬੈਠੇ ਨੇ। ਥੋੜ੍ਹਾ ਜਿਹਾ ਧਿਆਨ ਦੇ ਕੇ ਸਰਵਣ ਕਰੋ ਕਿਉਂਕਿ ਜੋ ਅੱਜ ਤਿਉਹਾਰ ਹੈ, ਉਸਨੂੰ ਰੰਗਾਂ ਦਾ ਤਿਉਹਾਰ ਕਿਹਾ ਜਾਂਦਾ ਹੈ। ਬੜੀ ਖੁਸ਼ੀ ਦੇ ਨਾਲ ਰੰਗ ਉਤੇ ਪੁਆਏ ਜਾ ਰਹੇ ਨੇ। ਖਾਸ ਕਰਕੇ ਜੋ ਲਾਲ ਰੰਗ ਹੈ, ਗੁਲਾਬੀ ਰੰਗ ਹੈ, ਉਸਨੂੰ ਜ਼ਿਆਦਾ ਪਸੰਦ ਕੀਤਾ ਜਾ ਰਿਹਾ ਹੈ। ਇਸ ਦੇ ਪਿੱਛੇ ਕੋਈ ਬਹੁਤ ਵੱਡੀ ਚੀਜ਼ ਹੈ। ਦੁਨਿਆਵੀ ਅਤੇ ਅਧਿਆਤਮਕ ਦੋ ਪੱਖ ਹੋਇਆ ਕਰਦੇ ਨੇ। ਦੁਨਿਆਵੀ ਉਹਦਾ ਬਾਹਰਲਾ ਪਾਸਾ ਹੋਇਆ ਕਰਦਾ ਹੈ, ਅਧਿਆਤਮਕ ਅੰਦਰਲਾ ਪਾਸਾ ਹੋਇਆ ਕਰਦਾ ਹੈ। ਵਿਚਾਰਨਾ ਸੁਘੜ ਬੰਦੇ ਦਾ ਆਪਣਾ ਕੰਮ ਹੋਇਆ ਕਰਦਾ ਹੈ। ਉਹਦੀ ਆਪਣੀ ਸੋਝੀ ਦੇ ਮੁਤਾਬਿਕ ਹੈ। ਸੋ ਰੰਗ ਨੂੰ ਬਹੁਤ ਪਸੰਦ ਕੀਤਾ ਜਾ ਰਿਹਾ ਹੈ। ਲੇਕਿਨ ਇਹ ਰੰਗ ਜੋ ਹੈ ਹੁਣ ਪੈ ਰਿਹਾ ਹੈ, ਖੁਸ਼ੀਆਂ ਨੇ ਬਹੁਤ ਮਨ ਦੇ ਅੰਦਰ, ਬੱਚੇ ਦੇਖੇ ਨੇ ਕਿ ਦੌੜੇ ਹੀ ਫਿਰਦੇ ਨੇ ਮੋਟਰ-ਸਾਇਕਲਾਂ 'ਤੇ, ਸੈਲੰਸਰ ਲਾਹੇ ਹੋਏ ਨੇ, ਐਨੀ ਖੱਪ ਪੈ ਰਹੀ ਹੈ। ਕੋਈ ਖੁਸ਼ੀ ਦਾ ਐਸਾ ਵਾਤਾਵਰਣ ਹੈ ਜਿਸਦੇ ਅੰਦਰ ਇਸ ਜੀਵ ਨੂੰ ਕੁਝ ਅਤੀ ਵਿਸ਼ੇਸ਼, ਕੁਝ ਚੰਗੇਰਾ ਮਹਿਸੂਸ ਹੋ ਰਿਹਾ ਹੈ। ਆਦਮੀ ਦੇ ਅੰਦਰ ਜਜ਼ਬੇ ਹੁੰਦੇ ਨੇ। ਉਨ੍ਹਾਂ ਵਿਚੋਂ ਬਹੁਤ ਸਾਰੇ ਜਜ਼ਬੇ ਮਾਰੂ ਹੁੰਦੇ ਨੇ, ਉਨ੍ਹਾਂ 'ਤੇ ਕੰਟਰੋਲ ਕਰਨਾ ਜ਼ਰੂਰੀ ਹੋਇਆ ਕਰਦਾ ਹੈ। ਬਹੁਤ ਸਾਰੇ ਐਸੇ ਹੁੰਦੇ ਨੇ ਜੋ ਕੇਵਲ ਖੁਸ਼ੀਆਂ ਦਿੰਦੇ ਨੇ। ਉਹ ਖੁਸ਼ੀਆਂ ਜਿਸ ਤਰ੍ਹਾਂ ਦੇ ਨਾਲ ਬਰਫ ਜੰਮੀ ਹੋਵੇ, ਧੁੱਪ ਪੈ ਜਾਵੇ ਤੇ ਬਰਫ ਪਿਘਲ ਕੇ ਪਾਣੀ ਬਣ ਜਾਂਦੀ ਹੈ, ਮੈਦਾਨਾਂ 'ਚ ਆ ਜਾਂਦਾ ਹੈ, ਬੇਅੰਤ ਪਰਉਪਕਾਰ ਕਰਦਾ ਹੈ ਤੇ ਉਸ ਤੋਂ ਬਾਅਦ ਜਾ ਕੇ ਸਮੁੰਦਰ ਵਿਚ ਫੇਰ ਲੀਨ ਹੋ ਜਾਂਦਾ ਹੈ। ਇਸੇ ਤਰ੍ਹਾਂ ਦੇ ਨਾਲ ਜੋ ਖੁਸ਼ੀਆਂ ਹਨ, ਉਹ ਇਕ ਨਰੋਈ ਨਿਸ਼ਾਨੀ ਹੋਇਆ ਕਰਦੀ ਹੈ, ਸਿਹਤ ਦੀ, ਸਮਾਜ ਦੀ। ਜੇ ਰੋਂਦੂ ਹੋਵੇ ਆਦਮੀ ਤਾਂ ਉਹਦੀ ਸਿਹਤ ਵੀ ਖਰਾਬ ਹੈ ਤੇ ਖਿਝਿਆ-ਖਿਝਿਆ, ਦੂਜਿਆਂ ਨੂੰ ਵੀ ਬੁਰਾ ਮੰਨਦਾ ਹੈ, ਉਹਦੇ ਅੰਦਰ ਜੀਵਨ ਰੌ ਨਹੀਂ ਰੁਮਕਿਆ ਕਰਦੀ। ਇਹ ਗੱਲ ਸਮਝਣੀ ਚਾਹੀਦੀ ਹੈ। ਇਕ ਖੁਸ਼ੀ ਹੈ ਜੋ ਥੋੜ੍ਹੀ ਦੇਰ ਹੈ ਜਿਹਨੂੰ ਛਿਨ-ਭੰਗਰ ਕਹਿੰਦੇ ਨੇ। ਕੀ ਕੋਈ ਐਸੀ ਖੁਸ਼ੀ ਵੀ ਹੈ ਜਿਹੜੀ ਕਦੇ ਹਟੇ ਹੀ ਨਾ। ਉਹ ਖੁਸ਼ੀ ਕਦੇ ਵੀ ਨਿਵਾਣ ਵਲ ਨਾ ਜਾਵੇ, ਵਧਦੀ ਤਾਂ ਜਾਵੇ, ਹੇਠਾਂ ਨੂੰ ਨਾ ਆਵੇ। ਸੋ

ਮਹਾਰਾਜ ਜੀ ਫੁਰਮਾਨ ਕਰਦੇ ਨੇ ਕਿ ਪਿਆਰਿਓ! ਇਹ ਲਾਲ ਰੰਗ ਜੋ ਬਾਹਰਲਾ ਹੈ, ਇਹ ਲਹਿ ਜਾਏਗਾ ਜਦੋਂ ਮੂੰਹ ਧੋਵੋਂਗੇ, ਨਾਵ੍ਹੋਂਗੇ, ਕੱਚਾ ਰੰਗ ਹੈ, ਲੇਕਿਨ ਇਕ ਰੰਗ ਐਸਾ ਹੈ ਜੋ ਵੱਡੇ ਭਾਗਾਂ ਵਾਲੇ ਪੁਰਸ਼ਾਂ ਨੂੰ ਪ੍ਰਾਪਤ ਹੋਇਆ ਕਰਦਾ ਹੈ, ਹੈ ਉਹ ਵੀ ਲਾਲ। ਇਹ ਰੰਗ ਜੋ ਹੈ ਕੱਪੜਾ ਰੰਗ ਲਓ ਮੈਲਾ ਹੋ ਜਾਏਗਾ, ਲੇਕਿਨ ਇਸ ਰੰਗ ਦੇ ਵਿਚ ਖਾਸੀਅਤ ਹੈ ਕਿ ਕਦੇ ਵੀ ਮੈਲਾ ਨਹੀਂ ਹੋਏਗਾ। ਉਹਦੇ ਬਾਰੇ ਮਹਾਰਾਜ ਜੀ ਇਸ ਤਰ੍ਹਾਂ ਫੁਰਮਾਨ ਕਰਦੇ ਨੇ –

*ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ ॥*
*ਮੈਲਾ ਕਦੇ ਨ ਹੋਵਈ ਨਹ ਲਾਗੈ ਦਾਗਾ ॥* *ਅੰਗ – ੮੦੮*

ਐਸਾ ਰੰਗ ਦੁਨੀਆਂ ਦੇ ਅੰਦਰ ਜੇ ਇਕ ਵਾਰੀ ਲਗ ਜਾਵੇ, ਮੁੜ ਕੇ ਨਾ ਮੈਲਾ ਹੁੰਦਾ ਹੈ, ਨਾ ਦਾਗ ਲਗਦਾ ਹੈ। ਬਹੁਤ ਵੱਡੀ ਬਾਤ ਮਹਾਰਾਜ ਜੀ ਨੇ ਫੁਰਮਾ ਦਿਤੀ ਹੈ ਕਿ ਹੈ ਕੋਈ ਐਸਾ ਰੰਗ ਸੰਸਾਰ ਦੇ ਅੰਦਰ? ਜੋ ਮਲੀਨ ਨਹੀਂ ਹੁੰਦਾ, ਚਾਹੇ ਦੁਖ ਆ ਜਾਵੇ, ਚਾਹੇ ਸੁਖ ਆ ਜਾਣ, ਚਾਹੇ ਕਿੰਨੀ ਹੀ ਬਿਪਤਾ ਆ ਜਾਵੇ, ਕਿੰਨੀਆਂ ਹੀ ਉਦਾਸੀਆਂ ਆ ਜਾਣ, ਰੰਗ ਕਦੇ ਮੈਲਾ ਨਹੀਂ ਹੋਏਗਾ। ਚਾਹੇ ਆਹ ਸਰੀਰ ਦੇ ਟੁਕੜੇ-ਟੁਕੜੇ ਕਰਕੇ ਰਖ ਦਿਓ, ਫੇਰ ਵੀ ਮੈਲਾ ਨਹੀਂ ਹੋਏਗਾ –

*ਕਾਇਆ ਕਾਪਰੁ ਚੀਰ ਬਹੁ ਫਾਰੇ*
*ਹਰਿ ਰੰਗੁ ਨ ਲਹੈ ਸਭਾਗਾ ॥* *ਅੰਗ – ੯੮੫*

ਬੜਾ ਵਧੀਆ ਰੰਗ ਹੈ ਜੇ ਕਿਤੇ ਮਿਲ ਜਾਵੇ। ਪਰ ਇਹ ਹੈ ਕਿ ਜੇ ਰੰਗਣ ਵਾਲਾ ਰੰਗ ਦੇਵੇ, ਇਹ ਸ਼ਰਤ ਹੈ, ਇਹ ਆਪਣੇ ਹੱਥ ਵਿਚ ਗੱਲ ਨਹੀਂ ਹੈ। ਰੰਗਣ ਵਾਲੇ ਦੇ ਹੱਥ ਵਿਚ ਹੈ ਕਿ ਜੇ ਕਿਤੇ ਕ੍ਰਿਪਾ ਕਰਕੇ ਉਹ ਰੰਗ ਦੇਵੇ, ਤਾਂ ਮੁੜ ਇਹ ਰੰਗ ਨਹੀਂ ਲਹਿਆ ਕਰਦਾ। ਇਸ ਦਾ ਦੂਸਰਾ ਨਾਂ ਕੀ ਹੈ? ਜੇ ਹੋਰ ਸਮਝਣਾ ਹੋਵੇ ਕਿ ਰੰਗ ਬੜੇ ਨੇ ਸਾਡੇ ਅੰਦਰ ਰੰਗੇ ਹੋਏ, ਬੜੇ ਭੈੜੇ ਰੰਗ ਨੇ, ਬੁਰੇ ਰੰਗ ਨੇ। ਇਕ ਰੰਗ ਤਾਂ ਉਹ ਨੇ ਜਿਨ੍ਹਾਂ ਦਾ ਇਕ ਗਰੁੱਪ ਹੈ ਬਹੁਤ ਵੱਡਾ, ਸਮਝੋ ਜੋ ਕੁਛ ਮੈਂ ਕਹਿ ਰਿਹਾ ਹਾਂ। ਉਹ ਗਰੁੱਪ ਐਸਾ ਹੈ ਕਿ ਨਫਰਤ ਦਾ ਰੰਗ ਹੈ, ਨਿੰਦਿਆ ਦਾ ਰੰਗ ਹੈ, ਈਰਖਾ ਦਾ ਰੰਗ ਹੈ, ਕ੍ਰੋਧ ਦਾ ਰੰਗ ਹੈ, ਲੋਭ ਦਾ, ਮੋਹ ਦਾ ਰੰਗ ਹੈ, ਕਾਮ ਦਾ ਰੰਗ ਹੈ, ਗੁਮਾਨ ਦਾ, ਆਸ਼ਾਵਾਂ ਦਾ, ਤ੍ਰਿਸ਼ਨਾਵਾਂ ਦਾ ਰੰਗ ਹੈ, ਵਿਸ਼ੇ-ਵਿਕਾਰਾਂ ਦੇ ਭੋਗਾਂ ਦਾ ਰੰਗ ਹੈ। ਬੇਅੰਤ ਰੰਗ ਨੇ ਇਸ ਕਿਸਮ ਦੇ ਅੰਦਰ। ਇਸ ਰੰਗ ਦੇ ਵਿਚ ਜੇ ਰੰਗ ਲਿਆ ਜਾਵੇ ਆਹ ਚੋਲਾ, ਕਹਿੰਦੇ ਪਿਆਰਿਓ! ਇਹ ਪ੍ਰਮੇਸ਼ਰ ਨੂੰ ਬਿਲਕੁਲ ਨਹੀਂ ਭਾਉਂਦਾ। ਇਹ ਐਨੇ ਗਲਤ ਰੰਗ ਨੇ ਕਿ ਅੱਖਾਂ ਨੂੰ ਦੇਖਣ ਵਾਸਤੇ ਵੀ ਚੰਗੇ ਨਹੀਂ ਲਗਦੇ। ਕਿੰਨੀਓਂ ਸੁੰਦਰਤਾ ਹੋਵੇ ਇਹ ਰੰਗ ਉਹਨੂੰ ਮੈਲਾ ਕਰ ਦਿੰਦੇ ਨੇ –

*ਇਹੁ ਤਨੁ ਮਾਇਆ ਪਾਹਿਆ ਪਿਆਰੇ*
*ਲੀਤੜਾ ਲਬਿ ਰੰਗਾਏ ॥*
*ਮੇਰੈ ਕੰਤ ਨ ਭਾਵੈ ਚੋਲੜਾ ਪਿਆਰੇ ਕਿਉ ਧਨ ਸੇਜੈ ਜਾਏ ॥*
*ਅੰਗ – ੭੨੨*

ਕਹਿੰਦੇ, ਉਹ ਭਾਉਂਦਾ ਹੀ ਨਹੀਂ ਹੈ। ਜਿਹਨੇ ਸ੍ਰਿਸ਼ਟੀ ਸਾਜੀ ਹੈ, ਵਾਹਿਗੁਰੂ, ਮਾਲਕ-ਏ-ਕੁਲ ਹੈ ਉਹਨੂੰ ਇਹ ਰੰਗ ਨਹੀਂ ਭਾਉਂਦਾ। ਉਹ ਰੰਗ ਬਦਬੂਦਾਰ ਨੇ, ਅੱਖਾਂ ਨੂੰ ਦੇਖਣ ਨੂੰ ਚੰਗੇ ਨਹੀਂ ਲਗਦੇ। ਖਿੱਚ ਨਹੀਂ ਪਾਉਂਦੇ, ਇਨ੍ਹਾਂ ਨੂੰ ਮਾਇਆ ਦੇ ਰੰਗਾਂ ਦੀ ਕਿਸਮ ਦਿਤੀ ਗਈ ਹੈ। ਜਿਹੜੇ ਦੂਸਰੇ ਇਹਦੇ ਮੁਕਾਬਲੇ 'ਤੇ ਰੰਗ ਨੇ, ਉਹਨੂੰ ਨਾਮ ਦਾ ਰੰਗ ਆਖਿਆ ਗਿਆ ਹੈ। ਅਸਰ ਸਰੀਰ ਦੇ ਉਤੇ ਇਨ੍ਹਾਂ ਦਾ ਵੀ ਹੁੰਦਾ ਹੈ, ਅਸਰ ਉਨ੍ਹਾਂ ਦਾ ਵੀ ਹੁੰਦਾ ਹੈ। ਮਾਇਆ ਦੇ ਰੰਗਾਂ ਵਿਚ ਨਿਰਾਸਤਾ ਆਉਂਦੀ ਹੈ, ਨਫਰਤ ਆਉਂਦੀ ਹੈ, ਸਰੀਰ ਦੇ ਜਿਹੜੇ ਸੈਲ ਨੇ ਉਹ ਨਾਸ ਹੁੰਦੇ ਰਹਿੰਦੇ ਨੇ ਤੇ ਐਸਾ ਭੈੜਾ ਰੰਗ ਹੈ ਕਿ ਸਰੀਰ ਦੇ ਉਤੇ ਵੀ ਅਸਰ ਪਾਉਂਦਾ ਹੈ। ਮਨ ਦੇ ਉਤੇ ਵੀ ਅਸਰ ਪਾਉਂਦਾ ਹੈ, ਬੁੱਧੀ ਦੇ ਉਤੇ ਵੀ ਅਸਰ ਪਾਉਂਦਾ ਹੈ, ਚਿੱਤ 'ਤੇ ਵੀ ਅਸਰ ਪਾਉਂਦਾ ਹੈ। ਆਦਮੀ ਦਾ ਸਰੀਰ ਜਿਹੜਾ ਹੈ, ਇਨ੍ਹਾਂ ਰੰਗਾਂ ਕਰਕੇ ਵਕਤ ਤੋਂ ਪਹਿਲਾਂ ਹੀ ਬੁੱਢਾ ਹੋ ਜਾਂਦਾ ਹੈ। ਲੇਕਿਨ ਦੂਸਰਾ ਰੰਗ ਕਿਹੜਾ ਹੈ? ਉਸ ਰੰਗ ਨੂੰ ਜੇ ਕੈਟਾਗਿਰੀ ਦੇ ਵਿਚ ਲਿਆਂਦਾ ਜਾਵੇ ਤਾਂ ਉਹ ਨਾਮ ਦਾ ਰੰਗ ਹੈ। ਨਾਮ ਦਾ ਰੰਗ ਜੋ ਹੈ ਉਹ ਮਹਿਸੂਸ ਕਿਸ ਚੀਜ਼ ਨਾਲ ਹੁੰਦਾ ਹੈ? ਦੋ ਚੀਜ਼ਾਂ ਹੁੰਦੀਆਂ ਨੇ – ਇਕ ਤਾਂ ਆਦਮੀ ਦੇ ਅੰਦਰ ਹਰ ਵਕਤ ਖੇੜਾ ਰਹਿੰਦਾ ਹੈ, ਜਦੋਂ ਆਦਮੀ ਮੁਰਝਾ ਜਾਵੇ ਤਾਂ ਸਮਝ ਲਓ ਕਿ ਟੁੱਟ ਗਿਆ, ਕੋਈ ਗਲਤੀ ਹੋ ਗਈ ਬੜੀ ਭਾਰੀ, ਮੁਰਝਾਹਟ ਆ ਗਈ, ਸੋਮੇ ਨਾਲੋਂ ਟੁੱਟ ਗਿਆ। ਪ੍ਰਮੇਸ਼ਰ ਤੋਂ ਬੇ-ਵਿਸ਼ਵਾਸ਼ੀ ਹੋ ਗਈ। ਪਿੱਠ ਕਰ ਲਈ ਪ੍ਰਮੇਸ਼ਰ ਵਲ। ਕਿਉਂਕਿ ਉਹ ਪਿਆਰ ਦਾ ਸੋਮਾ ਹੈ ਉਹਦੇ ਵਿਚੋਂ ਨਿਰਾ ਹੀ ਪਿਆਰ ਆਉਂਦਾ ਹੈ –

*ਜਤ੍ਰ ਤਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ।*
*ਜਾਪੁ ਸਾਹਿਬ*

ਉਹ ਪਿਆਰ ਦੇ ਸੋਮੇ ਨਾਲੋਂ ਟੁੱਟ ਗਿਆ, ਟੁੱਟਣ ਦੇ ਨਾਲ ਰੰਗ ਫਿੱਕਾ ਪੈ ਗਿਆ। ਚੜ੍ਹਿਆ ਨਹੀਂ ਪੂਰੀ ਤਰ੍ਹਾਂ ਨਾਲ ਅਜੇ। ਜਦੋਂ ਪੂਰੀ ਤਰ੍ਹਾਂ ਚੜ੍ਹ ਗਿਆ - ***'ਕਾਇਆ ਕਾਪਰੁ ਚੀਰ ਬਹੁ ਫਾਰੇ, ਹਰਿ ਰੰਗੁ ਨ ਲਹੈ ਸਭਾਗਾ ॥'***

ਭਾਈ ਮਤੀ ਦਾਸ ਜੀ ਨੂੰ ਫਰਜ਼ੀ ਦੋਸ਼ ਲਗ ਗਿਆ ਕਿ ਇਸ ਬੰਦੇ ਨੇ ਇਹ ਗੱਲ ਕਹੀ ਹੈ ਕਿ ਜੇ ਚਾਹਾਂ ਤਾਂ ਮੈਂ ਦਿੱਲੀ ਤੇ ਲਾਹੌਰ ਨੂੰ ਗਰਕ ਕਰ ਦੇਵਾਂ। ਇਹ ਗੱਲ ਜ਼ਰੂਰ ਹੈ ਕਿ ਇਸਦੇ ਮੁਰਸ਼ਦ ਨੇ ਕਿਹਾ ਕਿ ਇਹ ਗੱਲ ਆਪਾਂ ਨਹੀਂ ਕਰਨੀ। ਸੋ ਜਾਣਦੇ ਨੇ ਕਿ ਇਹਨੇ ਹੁਣ ਇਹ ਗੱਲ ਤਾਂ ਕਰਨੀ ਨਹੀਂ ਹੈ। ਇਹਨੂੰ ਸਜ਼ਾ ਦੇ ਦੇਈਏ ਚੰਗੀ ਤਰ੍ਹਾਂ ਨਾਲ। ਕਹਿਣ ਲੱਗੇ, ਇਹਨੂੰ ਲੱਕੜੀਆਂ 'ਚ ਬੰਨ੍ਹ ਕੇ, ਸ਼ਤੀਰਾਂ 'ਚ, ਸਿਰ ਦੇ ਉਤੇ ਆਰਾ ਰੱਖ ਕੇ, ਦੋਹਾਂ ਪਾਸਿਓ ਤੋਂ ਖਿੱਚ ਕੇ ਇਹਨੂੰ, ਦੋ ਹਿੱਸਿਆਂ 'ਚ ਚੀਰ ਦਿਓ। ਸਜ਼ਾ ਮਿਲ ਗਈ। ਸੁਣਾ ਦਿਤੀ ਗਈ, ਰੰਗ ਨਹੀਂ ਲਹਿਆ। ਲਾਲੀ ਚੜ੍ਹੀ ਪਈ ਹੈ। ਉਸ ਤੋਂ ਬਾਅਦ ਫੱਟਿਆਂ 'ਚ ਬੰਨ੍ਹ ਦਿਤਾ ਗਿਆ, ਜਲਾਦ ਨੇ ਕਿਹਾ ਭਾਈ ਮਤੀ ਦਾਸ! ਇਕ ਗੱਲ ਅਸੀਂ ਪੁੱਛਦੇ ਹੁੰਦੇ ਹਾਂ, ਪਹਿਲਾਂ ਉਹ ਇਹ ਹੈ ਕਿ ਮੌਤ ਤੇ ਦੀਨ-ਏ-ਇਸਲਾਮ, ਇਹ ਦੋਵੇਂ ਤੁਲਨਾ 'ਚ ਨੇ। ਜੇ ਤੂੰ ਦੀਨ ਵਿਚ ਆ ਜਾਵੇਂ, ਤੈਨੂੰ ਜੀਉਣ ਦੀ ਗਾਰੰਟੀ ਦੇ ਦਿਤੀ ਜਾਵੇਗੀ ਤੇ ਨਹੀਂ ਤਾਂ ਫੇਰ ਸਜ਼ਾ-ਏ-ਮੌਤ ਹੈ ਹੀ। ਦੋਹਾਂ 'ਚੋਂ ਚੁਣ ਲੈ।

ਕਹਿਣ ਲੱਗੇ, ਜਲਾਦ! ਇਸ ਵੇਲੇ ਮੈਂ ਕੀ ਚੁਣਨਾ ਹੈ, ਜਿਹਨੂੰ ਤੁਸੀਂ ਮੌਤ ਕਹਿੰਦੇ ਓਂ, ਇਹ ਮੇਰੇ ਵਾਸਤੇ ਮੌਤ ਨਹੀਂ ਹੈ, ਅਸੀਂ ਮੌਤ ਤੋਂ ਜਿੱਥੇ ਅੱਗੇ ਦਾ ਚੱਕਰ ਸ਼ੁਰੂ ਹੁੰਦਾ ਹੈ, ਕਾਲ ਤੋਂ ਉਤੇ, ਉਥੋਂ ਸਾਡਾ ਜੀਵਨ ਸ਼ੁਰੂ ਹੋਇਆ ਕਰਦਾ ਹੈ। ਮੌਤ ਨੂੰ ਅਸੀਂ ਪਾਰ ਕਰ ਗਏ ਹਾਂ ਜਿਉਂਦੇ-ਜਿਉਂਦੇ। ਮੌਤ ਹਉਮੈ ਨੂੰ ਹੋਇਆ ਕਰਦੀ ਹੈ -

*ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ ਪਾਈ ॥*
*ਜਨਮ ਮਰਣੁ ਉਸ ਹੀ ਕਉ ਹੈ ਰੇ ਓਹਾ ਆਵੈ ਜਾਈ ॥*

*ਅੰਗ - ੯੯੯*

ਸੋ ਇਹ ਤਾਂ ਕੋਈ ਗੱਲ ਨਹੀਂ ਹੈ ਜਿਹੜੀ ਤੂੰ ਕਹਿੰਦਾ ਹੈਂ।

ਜਲਾਦ ਕਹਿਣ ਲੱਗਿਆ ਕਿ ਦੂਸਰਾ ਇਹ ਹੈ ਕਿ ਤੇਰੀ ਕੋਈ ਅੰਤਮ ਇੱਛਾ ਹੋਵੇ, ਖਾਣ ਪੀਣ ਤੋਂ ਰਹਿ ਗਿਆ ਹੋਵੇਂ, ਕੋਈ ਹੋਰ ਇੱਛਿਆ ਹੋਵੇ, ਉਹ ਜੇ ਤੂੰ ਮੈਨੂੰ ਦੱਸੇਂ ਤਾਂ ਤੈਨੂੰ ਫੱਟਿਆਂ 'ਚ ਬੰਨ੍ਹਣ ਤੋਂ ਪਹਿਲਾਂ, ਮੈਂ ਉਹ ਪੂਰੀ ਕਰਨ ਦੀ ਕੋਸ਼ਿਸ਼ ਕਰਾਂ।

ਕਾਜ਼ੀ ਖੜ੍ਹਾ ਹੈ, ਫਤਵਾ ਲਾਉਣ ਵਾਲਾ। ਉਹ ਕਹਿਣ ਲੱਗੇ, ਹੋਰ ਤਾਂ ਮੈਨੂੰ ਕੋਈ ਇੱਛਿਆ ਨਹੀਂ ਹੈ, ਇੱਕ ਇਛਿਆ ਹੈ ਮੇਰੇ ਮਨ ਦੇ ਅੰਦਰ ਕਿ ਤੁਸੀਂ ਮੇਰੀ ਪਿੱਠ ਗੁਰੂ ਵੱਲ ਨਾ ਕਰੋ, ਮੇਰਾ ਚਿਹਰਾ ਓਧਰ ਕਰ ਦਿਓ। ਕਹਿਣ ਲੱਗਿਆ, ਭਾਈ ਮਤੀ ਦਾਸ! ਚਿਹਰਾ ਤਾਂ ਅਸੀਂ ਕਰ ਦਿੰਦੇ ਹਾਂ, ਪਰ ਇਕ ਗੱਲ ਸਮਝ 'ਚ ਨਹੀਂ ਆਈ ਕਿ ਤੇਰੇ ਚਿਹਰੇ ਦੇ ਉਤੇ ਪਿਲੱਤਣ ਕਿਉਂ ਨਹੀਂ ਛਾਈ? ਤੇਰਾ ਚਿਹਰਾ ਲਾਲ ਕਿਉਂ ਹੈ? ਐਨਾ ਲਾਲ ਤਾਂ ਜੇ ਰੰਗ ਲਾਈਏ ਤਾਂ ਵੀ ਨਹੀਂ ਹੁੰਦਾ, ਤੂੰ ਤਾਂ ਇਸ ਤਰ੍ਹਾਂ ਲਾਲ ਹੋ ਗਿਆ ਜਿਵੇਂ ਕੋਈ ਵਿਆਹ ਕਰਾਉਣ ਜਾਂਦਾ ਹੁੰਦਾ ਹੈ, ਜਾਂ ਕੋਈ ਬਹੁਤ ਵੱਡੀ ਉਹਨੂੰ ਪ੍ਰਾਪਤੀ ਹੋਈ ਹੁੰਦੀ ਹੈ। ਇਹਦਾ ਕੋਈ ਕਾਰਨ ਹੈ?

ਭਾਈ ਮਤੀ ਦਾਸ ਜੀ ਕਹਿਣ ਲੱਗੇ, ਤੈਨੂੰ ਇਸ ਵੇਲੇ ਕਾਰਨ ਦੀ ਸਮਝ ਨਹੀਂ ਆਉਣੀ ਕਿਉਂਕਿ ਤੁਹਾਡੇ ਲੋਕਾਂ ਨੂੰ ਅਸਲੀ ਜੀਵਨ ਦਾ ਕੋਈ ਗਿਆਨ ਹੀ ਨਹੀਂ ਹੈ। ਤੁਸੀਂ ਜੀਵਨ ਇਸੇ ਨੂੰ ਕਹਿੰਦੇ ਓਂ ਕਿ ਆਹ ਸਰੀਰ ਰੋਟੀ ਪਾਣੀ ਖਾ ਕੇ, ਜਿਉਂਦਾ ਰਹੇ, ਸਾਹ ਲੈਂਦਾ ਰਹੇ। ਅਸੀਂ ਇਸ ਨੂੰ ਜੀਵਨ ਨਹੀਂ ਕਹਿੰਦੇ। ਸਾਡੀ ਤੇ ਤੁਹਾਡੀ ਸਮਝ ਵਿਚ ਫਰਕ ਹੈ।

ਕਹਿੰਦਾ, "ਇਸ ਨੂੰ ਕੀ ਕਹਿੰਦੇ ਓਂ?"

ਕਹਿੰਦੇ, "ਜਿਹੜਾ ਜੀਵਨ ਰੰਗ ਤੋਂ ਖਾਲੀ ਹੈ, ਪਿਆਰ ਤੋਂ ਖਾਲੀ ਹੈ, ਉਹ ਸਾਡੇ ਵਾਸਤੇ ਜੀਵਨ ਨਹੀਂ, ਭਾਵੇਂ ਉਹ ਬਾਦਸ਼ਾਹ ਹੋਵੇ। ਚਾਹੇ ਸਾਰੀ ਦੁਨੀਆਂ ਤੋਂ ਵੱਧ ਅਮੀਰ ਹੋਵੇ, ਸਾਰੀ ਦੁਨੀਆਂ ਤੋਂ ਵੱਧ ਸੁੰਦਰਤਾ ਉਹਦੇ ਕੋਲ ਹੋਵੇ, ਸਾਰੀ ਦੁਨੀਆਂ ਤੋਂ ਵੱਧ ਚਤੁਰ ਹੋਵੇ। ਬਹੁਤ ਵੱਡੀ ਕੁਲ ਨਾਲ ਸਬੰਧ ਰੱਖਣ ਵਾਲਾ ਹੋਵੇ ਪਰ ਪਿਆਰਿਆ! ਅਸੀਂ ਉਹਨੂੰ ਜੀਉਂਦਾ ਨਹੀਂ ਕਹਿੰਦੇ, ਜਦੋਂ ਤੱਕ ਜੀਵਨ ਉਹਦੇ ਅੰਦਰ ਨਹੀਂ ਪ੍ਰਵੇਸ਼ ਕੀਤਾ, ਜਦੋਂ ਤੱਕ ਉਹਨੂੰ ਲਾਲ ਰੰਗ ਨਹੀਂ ਲੱਗਿਆ। ਓਨੀਂ ਦੇਰ ਤੱਕ ਅਸੀਂ ਜੀਵਨ ਨਹੀਂ ਕਹਿੰਦੇ। ਉਸ ਵੇਲੇ ਤੱਕ ਉਹ ਜਿਹੜਾ ਜੀਵਨ ਹੈ, ਉਸਨੂੰ ਅਸੀਂ ਮੁਰਦਾ ਹੀ ਕਹਿੰਦੇ ਹਾਂ -

*ਧਾਰਨਾ - ਮਿਰਤਕ ਕਹੀਏ ਨਾਨਕਾ,*
*ਜਿਹ ਪ੍ਰੀਤ ਨਹੀਂ ਭਗਵੰਤ।*

*ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥*
*ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥*
*ਅੰਗ - ੨੫੩*

ਪੰਜ ਸਿਫਤਾਂ ਅਤੀ ਉੱਤਮ ਦੀਆਂ, ਜੇ ਸਾਰੀਆਂ ਦੀਆਂ ਸਾਰੀਆਂ ਇੱਕੋ ਬੰਦੇ ਵਿਚ ਹੋਣ। ਸੰਸਾਰ 'ਚ ਐਸਾ ਕੋਈ ਬੰਦਾ ਨਹੀਂ ਜਿਹਦੇ 'ਚ ਇਹ ਪੰਜ ਸਿਫਤਾਂ ਹੋਣ। ਸਭ ਤੋਂ ਸੁੰਦਰ ਹੋਵੇ, ਬਹੁਤ ਉੱਚੀ ਕੁਲ, ਖਾਨਦਾਨ ਨਾਲ ਸਬੰਧ ਰੱਖਣ ਵਾਲਾ ਹੋਵੇ, ਕਿਸੇ ਨੂੰ ਵੀ ਗੱਲ ਦੇ ਵਿਚ ਵਾਰੇ ਨਾ ਆਉਣ ਦੇਵੇ। ਹਰ ਨੁਕਤੇ ਤੋਂ, ਹਰ ਵਿਸ਼ੇ ਦੇ ਉਤੇ ਗੱਲ ਕਰ ਸਕਦਾ ਹੋਵੇ ਤੇ ਮੂੰਹ ਦੇ ਗਿਆਨ ਦੇ ਨਾਲ ਦੂਸਰਿਆਂ 'ਤੇ ਪ੍ਰਭਾਵ ਪਾ ਸਕੇ ਕਿ ਇਹ ਤਾਂ ਬਹੁਤ ਵੱਡਾ ਵਿਦਵਾਨ, ਗਿਆਨਵਾਨ ਪੁਰਸ਼ ਹੈ, ਧਨ ਉਸ ਕੋਲ ਐਨਾ ਹੋਵੇ ਕਿ ਕਿਸੇ ਕੋਲ ਹੋਵੇ ਹੀ ਨਾ। ਸੰਸਾਰ ਵਾਸਤੇ ਤਾਂ ਉਹ ਬੰਦਾ ਅਲੌਕਿਕ ਹੈ, ਉਹ ਬੜਾ ਅਜੀਬ ਬੰਦਾ ਹੈ, ਉਹ ਉੱਚੇ ਬੰਦਿਆਂ ਦੇ ਵਿਚ ਗਿਣਿਆ ਜਾਏਗਾ, ਪਰ ਜਦੋਂ ਰੂਹਾਨੀਅਤ ਦੀ ਕਸਵੱਟੀ ਦੇ ਨਾਲ ਨਾਪੀਏ ਤਾਂ ਮਹਾਰਾਜ ਕਹਿੰਦੇ, ਕੁਛ ਵੀ ਨਹੀਂ ਹੈ। ਉਹ ਤਾਂ ਇਕ ਮਿਰਤਕ ਸਰੀਰ ਹੈ। ***'ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥'*** ਕਿਉਂਕਿ ਜਿਸਦੇ ਅੰਦਰ ਪਿਆਰ ਦੀ ਰੌਂ ਨਹੀਂ ਰੁਮਕਦੀ, ਉਹਨੂੰ ਕਹਿੰਦੇ ਜਿਉਂਦਿਆਂ ਵਿਚ ਨਾ ਗਿਣੋ, ਉਹਦੀ ਤਾਂ ਰਸਾਇਣਕ ਜੀਵਨ ਹੈ। ਰੋਟੀ ਖਾ ਲਈ, ਦਾਲਾਂ ਖਾ ਲਈਆਂ, ਸਬਜ਼ੀਆਂ ਖਾ ਲਈਆਂ, ਸਵੇਰੇ ਉੱਠ ਕੇ ਨਹਾ ਲਿਆ, ਫਿਰਿਆ-ਤੁਰਿਆ, ਕਾਰੋਬਾਰ ਕਰ ਲਿਆ, ਮੁੜ ਕੇ ਫੇਰ ਸੌਂ ਗਿਆ। ਉਹਨੂੰ ਨਹੀਂ ਪਤਾ ਕਿ ਰੂਹਾਨੀ ਜ਼ਿੰਦਗੀ ਕੀ ਹੁੰਦੀ ਹੈ, ਪਿਆਰ ਵਾਲੀ ਜ਼ਿੰਦਗੀ ਕੀ ਹੁੰਦੀ ਹੈ। ਕਿਉਂਕਿ ਉਸ ਨੂੰ ਰੰਗ ਨਹੀਂ ਲੱਗਿਆ ਅਜੇ। ਰੰਗ ਚੜ੍ਹਿਆ ਨਹੀਂ ਹੈ। ਵੱਡਿਆਂ ਭਾਗਾਂ ਵਾਲਾ ਹੁੰਦਾ ਹੈ - *'ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ ॥'* ਜਿਸਨੂੰ ਲਾਲ ਰੰਗ ਲਗ ਜਾਵੇ, ਪਿਆਰ ਅੰਦਰ ਪੈਦਾ ਹੋ ਜਾਵੇ।

ਕਹਿਣ ਲੱਗੇ, ਪਿਆਰਿਆ! ਇਹ ਤੇਰੀ ਸਮਝ 'ਚ ਆਉਣ ਵਾਲੀਆਂ ਗੱਲਾਂ ਨਹੀਂ ਹਨ। ਤੁਹਾਡੀ ਬੁੱਧ ਮੋਟੀ ਹੁੰਦੀ ਹੈ। ਤੁਹਾਡੀ ਜੋ ਬਰਾਬਰੀ ਹੈ ਉਹ ਮਨੁੱਖਾਂ ਦੇ ਵੀ ਬਰਾਬਰ ਨਹੀਂ, ਇਹ ਤਾਂ ਪਸ਼ੂਆਂ ਤੋਂ ਵੀ ਹੇਠਾਂ ਹੈ -

*ਗੁਰ ਮੰਤ੍ਰ ਹੀਣਸ੍ਯ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ ॥*
*ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ ॥* *ਅੰਗ - ੧੩੫੬*

ਜਿਸਨੂੰ ਜੀਵਨ ਦੀ ਸੋਝੀ ਦਾ ਮੰਤਰ ਹੀ ਨਹੀਂ ਮਿਲਿਆ ਗੁਰੂ ਤੋਂ, ਕਹਿੰਦੇ ਉਹ ਦੇਖਣ ਨੂੰ ਤਾਂ ਲਗਦਾ ਹੈ ਬੰਦਾ, ਲੇਕਿਨ ਪਸ਼ੂਆਂ ਤੋਂ ਵੱਧ ਉਹਦੀ ਬੁੱਧੀ ਦੀ ਸੁਰਤ ਨਹੀਂ ਹੈ। ਪਸ਼ੂ 25% ਤੋਂ ਲੈ ਕੇ 50% ਤੱਕ ਵੱਖਰੀ-ਵੱਖਰੀ ਸੁਰਤ, ਵੱਖਰੇ-ਵੱਖਰੇ ਪਸ਼ੂਆਂ ਦੀ ਹੈ। ਮਨੁੱਖ ਦੀ ਸੁਰਤ 50% ਤੋਂ ਉਤੇ ਸ਼ੁਰੂ ਹੁੰਦੀ ਹੈ। ਬ੍ਰਹਮਗਿਆਨੀਆਂ ਦੀ ਸੁਰਤ 75% ਤੋਂ ਸ਼ੁਰੂ ਹੋ ਕੇ 100% ਤੱਕ ਹੁੰਦੀ ਹੈ। ਪੂਰਨ ਹੁੰਦਾ ਹੈ ਉਹ, ਪੂਰੀ ਸੁਰਤ ਵਾਲਾ, ਪੂਰੀ ਹੋਸ਼ ਵਾਲਾ। ਤਿੰਨਾਂ ਹੀ ਲੋਕਾਂ ਦੀਆਂ ਬਾਤਾਂ ਜਾਨਣ ਵਾਲਾ, ਭੂਤ, ਭਵਿੱਖਤ, ਵਰਤਮਾਨ ਨੂੰ ਜਾਨਣ ਵਾਲਾ। ਕੀ ਹੋਣਾ ਹੈ, ਕਿਉਂ ਹੋਣਾ ਹੈ, ਕਦੋਂ ਹੋਣਾ ਹੈ, ਕਿਉਂ ਹੋਇਆ, ਕਦੋਂ ਹੋਇਆ। ਸਭ ਕੁਛ ਜਾਣਦਾ ਹੁੰਦਾ ਹੈ। ਸੁਰਤ 'ਚ ਫਰਕ ਹੈ। ਸੋ ਕਹਿੰਦੇ, ਪੂਰੀ ਸੁਰਤ ਨਹੀਂ ਹੁੰਦੀ ਉਨ੍ਹਾਂ ਦੀ। ਮਨੁੱਖਾਂ ਵਾਲੀ ਵੀ ਸੁਰਤ ਨਹੀਂ ਹੁੰਦੀ। ਮਨੁੱਖ ਦੀ ਸੁਰਤ ਤੋਂ ਵੀ ਹੇਠਾਂ ਹੁੰਦੇ ਨੇ, ਪਸ਼ੂਆਂ ਵਰਗੇ। ਕੁੱਤੇ, ਬਿੱਲੇ, ਸੂਰ, ਸੱਪ, ਗਧੇ, ਕਾਵਾਂ ਵਰਗੀ ਸੁਰਤ ਹੋਇਆ ਕਰਦੀ ਹੈ -

*ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ ॥*
*ਨਾਨਕ ਗੁਰਮੁਖਿ ਸੋ ਬੁਝੈ ਜਾ ਕੈ ਭਾਗ ਮਥੋਰ ॥*
*ਅੰਗ - ੨੫੧*

ਆ ਤਾਂ ਗਏ, ਮਨੁੱਖਾਂ ਵਰਗਾ ਸਰੀਰ ਹੈ। ਲੇਕਿਨ ਹੈ ਪਸ਼ੂ ਪੱਧਰ ਦੇ ਤੇ ਕਹਿਣ ਲੱਗੇ, ਪਿਆਰਿਆ! ਜੇ ਸੁਰਤ ਅੰਦਰ ਜਾਗ ਪਵੇ, ਰੰਗ ਲਗ ਜਾਵੇ ਪਿਆਰ ਦਾ, ਫੇਰ ਇਹ ਖਾਲੀ ਨਹੀਂ ਹੋਇਆ ਕਰਦਾ। ਇਹਦੇ ਅੰਦਰ ਇਕ ਰਸ ਹੋਇਆ ਕਰਦਾ ਹੈ, ਇਕ ਖਿੱਚ ਹੁੰਦੀ ਹੈ। ਪਿਆਰ ਵਾਲੇ ਨੂੰ ਕਿਸੇ ਨੂੰ ਦੇਖ ਲਓ, ਅੰਦਰ ਖਿੱਚ ਹੋਏਗੀ, ਰਸ ਹੋਏਗਾ। ਉਹਦੇ ਜੀਵਨ ਦੇ ਅੰਦਰ ਖੇੜਾ ਹੋਏਗਾ। ਪਿਆਰ ਤੋਂ ਹੀਣਾ ਜੋ ਹੈ ਉਹ ਮੁਰਝਾ ਜਾਏਗਾ। ਕਿੰਨੀਆਂ ਹੀ ਕਿਤਾਬਾਂ ਪੜ੍ਹੀ ਜਾਵੇ, ਕਿੰਨੇ ਹੀ ਵਿਟਾਮਿਨ ਖਾਈ ਜਾਵੇ, ਕਿੰਨੇ ਹੀ ਸੈਰ-ਸਪਾਟੇ ਕਰੀ ਜਾਵੇ, ਕਿੰਨਾ ਹੀ ਲੋਕਾਂ ਨਾਲ ਮਿਲੀ ਜਾਵੇ, ਉਹ ਵਕਤੀ ਅਸਰ ਹੈ, ਉਸ ਤੋਂ ਬਾਅਦ ਫੇਰ ਮੁਰਝਾ ਕੇ ਥੱਲੇ ਗਿਰ ਜਾਏਗਾ। ਸਿਰਫ ਜਿਹੜੇ ਜਾਗੀ ਹੋਈ ਸੁਰਤ ਵਾਲੇ ਨੇ, ਜਿਨ੍ਹਾਂ ਨੂੰ ਰੰਗ ਲੱਗਿਆ ਹੋਇਆ ਹੈ, ਉਨ੍ਹਾਂ ਨੂੰ ਪਿਆਰ ਦਾ ਰਸ ਹਰ ਵਕਤ ਚੜ੍ਹਿਆ ਰਹਿੰਦਾ ਹੈ। ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਚੜ੍ਹੀ ਰਹੇ ਦਿਨ ਰਾਤ,*
*ਨਾਮ ਖੁਮਾਰੀ-ਨਾਮ ਖੁਮਾਰੀ।*

*ਪੋਸਤ ਮਦ ਅਫੀਮ ਭੰਗ ਉਤਰ ਜਾਇ ਪਰਭਾਤਿ।*
*ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤਿ। ਜਨਮਸਾਖੀ*

ਖੁਮਾਰੀ ਦਾ ਜੋ ਰੰਗ ਹੈ ਲਾਲ ਰੰਗ, ਪਿਆਰ ਦਾ ਰੰਗ, ਕਹਿੰਦੇ ਉਹ ਨਹੀਂ ਉਤਰਿਆ ਕਰਦਾ। ਆਰੇ ਦੇ ਨਾਲ ਦੋ ਫਾੜ ਕਰ ਦਿਤੇ ਭਾਈ ਮਤੀ ਦਾਸ ਜੀ ਦੇ, ਨਹੀਂ ਰੰਗ ਉਤਰਿਆ, ਦੇਗਾਂ ਦੇ ਵਿਚ ਭਾਈ ਦਿਆਲਾ ਜੀ ਨੂੰ ਉਬਾਲੇ ਦੇ ਦਿਤੇ, ਨਹੀਂ ਰੰਗ ਉਤਰਿਆ। ਭਾਈ ਮਨੀ ਸਿੰਘ ਜੀ ਦਾ ਬੰਦ-ਬੰਦ ਕੱਟ ਦਿਤਾ, ਰੰਗ ਨਹੀਂ ਉਤਰਿਆ, ਭਾਈ ਤਾਰੂ ਸਿੰਘ ਜੀ ਦੀ ਖੋਪਰੀ ਲਾਹ ਦਿਤੀ, ਨਹੀਂ ਰੰਗ ਉਤਰਿਆ। ਇਹ ਜੋ ਰੰਗ ਹੈ ਦੂਸਰੇ ਰੰਗਾਂ ਨਾਲੋਂ ਸ੍ਰੇਸ਼ਟ ਹੈ, ਇਕ ਵਾਰੀ ਚੜ੍ਹ ਗਿਆ ਤੇ ਮੁੜ ਨਹੀਂ ਉਤਰਦਾ, ਨਾਲ ਨਿਰਮਲ ਹੈ, ਚਮਕਦਾ ਹੈ, ਨਾਲ ਖੁਮਾਰੀ ਦਿੰਦਾ ਹੈ। ਬਾਹਰ ਦੇ ਰੰਗ ਨੂੰ ਅਸੀਂ ਰੱਖ ਨਹੀਂ ਸਕਦੇ। ਸਰੀਰ 'ਤੇ ਗਿਰ ਗਿਆ ਖੁਜਲੀ ਹੋਏਗੀ। ਨਾਹੁਣਾ ਪਵੇਗਾ, ਕੱਪੜਿਆਂ 'ਤੇ ਗਿਰ ਗਿਆ, ਫਟਾਫਟ ਕੱਪੜੇ ਧੋਵਾਂਗੇ। ਲੇਕਿਨ ਪਵਿੱਤਰ ਰੰਗ ਜੋ ਹੈ ਮਹਾਰਾਜ ਕਹਿੰਦੇ ਪਿਆਰਿਓ -

*ਹੋਲੀ ਕੀਨੀ ਸੰਤ ਸੇਵ ॥ ਅੰਗ - ੧੧੮੦*

ਸਾਧੂਆਂ ਦੀ ਸੇਵਾ ਕਰਕੇ, ਹਰੀ ਦਾ ਜਸ ਕਰਕੇ ਜੋ ਹੋਲੀ ਮਨਾਉਂਦਾ ਹੈ, ਉਹ ਪਰਮ ਪਵਿੱਤਰ ਤਿਉਹਾਰ ਤੋਂ ਵਿਸ਼ੇਸ਼ ਲਾਭ ਪ੍ਰਾਪਤ ਕਰਦਾ ਹੈ।

ਸੋ ਇਸ ਤਰ੍ਹਾਂ ਦੇ ਨਾਲ ਹੋਲੇ ਦਾ ਤਿਉਹਾਰ ਆਪ ਸਾਰੇ ਗੁਰੂ ਘਰ ਦੇ ਅੰਦਰ ਕੀਰਤਨ ਕਥਾ ਦੇ ਰੂਪ ਵਿਚ ਇਕੱਠੇ ਹੋ ਕੇ ਮਨਾਇਆ ਜਾਂਦਾ ਹੈ। ਸੋ ਆਪ ਸਾਰੇ ਥਾਂ-ਥਾਂ ਤੋਂ ਗੁਰੂ ਦਰਬਾਰ 'ਚ ਪਹੁੰਚੇ ਓਂ। ਵਿਚਾਰ ਇਹ ਹੈ ਕਿ ਇਹ ਰੰਗ ਲੱਗੇ ਕਿਵੇਂ? ਕੋਈ ਤਰੀਕਾ ਹੈ ਜਿਹਦੇ ਨਾਲ ਇਹ ਰੰਗ ਲਗ ਜਾਵੇ ਤੇ ਚੜ੍ਹਦੀ ਕਲਾ ਦੀ ਅਵਸਥਾ ਪ੍ਰਾਪਤ ਹੋ ਜਾਵੇ, ਸੋਝੀ ਵਾਲਾ ਜੀਵਨ ਪ੍ਰਾਪਤ ਹੋ ਜਾਵੇ? ਸੋ ਇਹ ਜੇ ਵਿਚਾਰ ਸਾਡੀ ਸਮਝ ਵਿਚ ਆ ਜਾਵੇ, ਸਾਡੇ ਲੱਖਾਂ ਹੀ ਦੁੱਖ ਇਕ ਦਮ ਟੁੱਟ ਸਕਦੇ ਹਨ, ਪਰੇਸ਼ਾਨੀਆਂ ਹਟ ਸਕਦੀਆਂ ਨੇ, ਜੀਵਨ ਕੀ ਹੈ? ਵੱਖਰੇ-ਵੱਖਰੇ ਭਾਵ ਨੇ ਜੀਵਨ ਦੇ, ਕਿਸੇ ਨੂੰ ਇਹ ਜੀਵਨ ਮਹਾਨ ਉੱਚਾ-ਸੁੱਚਾ ਤੇ ਰਸ ਭਰਿਆ ਲਗਦਾ ਹੈ। ਕਿਸੇ ਦਾ ਇਹ ਖਿਆਲ ਹੈ ਕਿ ਭਾਈ, ਜੀਵਨ ਦੀ ਬਾਤ ਨਾ ਕਰੋ। ਉਹ ਜੀਵਨ ਦੇ ਬਾਰੇ ਤਾਂ ਗੁਰੂ ਨਾਨਕ ਸਾਹਿਬ ਪਹਿਲਾਂ ਹੀ ਦਸ ਗਏ ਨੇ -

*ਧਾਰਨਾ - ਨਾਨਕ ਦੁਖੀਆ ਸਭੁ ਸੰਸਾਰੁ।*

ਜਿੰਨੀਆਂ ਵੀ ਵੱਡੀਆਂ ਹਸਤੀਆਂ, ਮਸ਼ਹੂਰ ਹਸਤੀਆਂ ਭਾਰਤ ਵਰਸ਼ ਵਿਚ ਹੋਈਆਂ, ਚਾਹੇ ਕੋਈ ਹਿੰਦੂ ਹੈ ਮੁਸਲਮਾਨ ਹੈ, ਗੁਰੂ ਮਹਾਰਾਜ ਨੇ ਸਭ ਦਾ ਜ਼ਿਕਰ ਕਰਕੇ ਸਵਰਗ ਦੇ ਰਾਜੇ ਇੰਦਰ ਤੋਂ ਸ਼ੁਰੂ ਕਰਕੇ ਪਰਸਰਾਮ ਵਰਗੇ ਰਿਸ਼ੀ, ਸ੍ਰੀ ਰਾਮ ਚੰਦਰ ਜੀ, ਪਾਂਡਵਾਂ ਦਾ, ਰਾਵਣ ਦਾ, ਜਨਮੇਜੇ ਦਾ, ਭਰਥਰੀ, ਗੋਪੀ ਚੰਦ, ਰਾਜਿਆਂ ਦਾ, ਪੀਰਾਂ ਦਾ ਸਾਰਿਆਂ ਦਾ ਜ਼ਿਕਰ ਕਰਕੇ ਗੁਰੂ ਮਹਾਰਾਜ ਕਹਿੰਦੇ-

*ਬਾਲੀ ਰੋਵੈ ਨਾਹਿ ਭਤਾਰੁ ॥*
*ਨਾਨਕ ਦੁਖੀਆ ਸਭੁ ਸੰਸਾਰੁ ॥ ਅੰਗ - ੯੫੪*

ਹੁਣ ਇਹਦੇ ਵਿਚ ਇਕ ਬੜੀ ਭਾਰੀ ਸਮੱਸਿਆ ਸਾਡੇ ਸਾਮ੍ਹਣੇ ਆ ਗਈ ਕਿ ਦੁੱਖਾਂ ਦੇ ਸੰਸਾਰ ਵਿਚ ਕੀ ਲੈਣਾ ਹੈ ਜਿਉਂ ਕੇ? ਕੋਈ ਥਾਂ ਐਹੋ ਜਿਹਾ ਹੈ ਜਿੱਥੇ ਸੁੱਖ ਵੀ ਮਿਲ ਜਾਵੇ, ਇਹ ਤਾਂ ਮਹਾਰਾਜ ਨੇ ਢਹਿੰਦੀ ਕਲਾ ਦੀ ਗੱਲ ਕਰ ਦਿਤੀ। ਸੰਸਾਰ ਨੂੰ ਢਹਿੰਦੀ ਕਲਾ ਵਿਚ ਲੈ ਗਏ ਮਹਾਰਾਜ। ਜਿਨ੍ਹਾਂ ਨੂੰ ਨਹੀਂ ਸੋਝੀ ਉਹ ਆਹੀ ਗੱਲ ਕਹਿਣਗੇ ਜਿਹੜੀ ਮੈਂ ਕਹਿੰਦਾ ਹਾਂ। ਜਿਨ੍ਹਾਂ ਨੂੰ ਅਸੀਂ ਬੁੱਧੀਜੀਵੀ ਕਹਿੰਦੇ ਹਾਂ, ਬੜਾ ਉਨ੍ਹਾਂ ਦਾ ਮਾਣ ਹੈ। ਪਰ ਉਹ ਬੁੱਧੀ ਦੀ ਹੱਦ ਤਕ ਨੇ, ਉਸ ਤੋਂ ਅਗਾਂਹਾਂ ਦਾ ਨਹੀਂ ਉਨ੍ਹਾਂ ਨੂੰ ਪਤਾ ਕਿ ਬੁੱਧ ਤੋਂ ਉਤੇ ਹੋਰ ਕੀ ਹੁੰਦਾ ਹੈ -

*ਕਹਿ ਕਬੀਰ ਬੁਧਿ ਹਰਿ ਲਈ ਮੇਰੀ*
*ਬੁਧਿ ਬਦਲੀ ਸਿਧਿ ਪਾਈ ॥ ਅੰਗ - ੩੩੯*

*ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥*
*ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥ ਅੰਗ - ੮*

ਆਦਮੀ ਦੇ ਅੰਦਰ ਐਸੀ ਸ੍ਰੇਸ਼ਟ ਮਤ ਵੀ ਹੈ ਜਿਸਦੇ ਅੰਦਰ ਬੁੱਧੀਆਂ ਬਿਲਕੁਲ ਨਿਰਜਿੰਦ ਪ੍ਰਤੀਤ ਦਿੰਦੀਆਂ ਹਨ। ਸੋ ਜੋ ਨਿਰਜਿੰਦ ਦੀ ਹੱਦ ਵਿਚ ਰਹਿ ਕੇ ਲਿਖਦਾ ਹੈ ਉਹਦੇ ਬਚਨ ਵੀ ਨਿਰਜਿੰਦ ਵਾਲੇ ਨੇ, ਚੜ੍ਹਦੀ ਕਲਾ ਨਹੀਂ ਹੋ ਸਕਦੀ ਉਹਦੇ ਬਚਨਾਂ 'ਚ। ਸੋ ਮਹਾਰਾਜ ਨੇ ਇਕ ਜ਼ਿੰਦਗੀ ਦਾ ਪੱਖ ਦਰਸਾ ਕੇ ਬਚਨ ਕਿਹਾ ਕਿ ਜੇ ਆਹ ਜ਼ਿੰਦਗੀ ਦੀ ਲਾਈਨ ਤੁਰੀ ਆਉਂਦੀ ਹੈ, ਭੋਗਾਂ ਦੀ ਪ੍ਰਾਪਤੀਆਂ ਦੀ - ***'ਸਹੰਸਰ ਦਾਨ ਦੇ ਇੰਦ੍ਰੂ ਰੋਆਇਆ ॥'*** ਇੰਦਰ ਕੋਲ ਕੀ ਘਾਟਾ ਸੀ ਮਾਇਕ ਪਦਾਰਥਾਂ

ਦਾ। ਸੰਸਾਰ ਦੇ ਬਾਦਸ਼ਾਹ ਨਾਲੋਂ 10 ਅਰਬ ਗੁਣਾਂ ਜ਼ਿਆਦਾ ਸੁਖ ਇੰਦਰ ਲੋਕ 'ਚ ਹੋਇਆ ਕਰਦਾ ਹੈ। ਪਾਰਜਾਤ ਵਰਗਾ ਬਿਰਖ ਉਹਦੇ ਬਾਗ ਵਿਚ ਹੈ, ਜਿਸਨੂੰ ਨੰਦਨ ਬਾਗ ਕਹਿੰਦੇ ਨੇ। ਕਾਮਧੇਨ ਵਰਗੀ ਗਊ ਜਿਸਦੇ ਕੋਲ ਖੜ੍ਹ ਕੇ ਕੋਈ ਚੀਜ਼ ਮੰਗ ਲਓ ਉਸੇ ਵੇਲੇ ਮਿਲ ਜਾਂਦੀ ਹੈ ਤੇ ਪਾਰਜਾਤੁ ਰੁਖ ਦੇ ਘੇਰੇ 'ਚ ਜਾ ਕੇ ਜੋ ਹਜ਼ਾਰਾਂ ਹੀ ਮੀਲਾਂ ਦਾ ਹੈ, ਕੋਈ ਗੱਲ ਕਹਿ ਦਿਓ ਕਿ ਇਸ ਤਰ੍ਹਾਂ ਚਾਹੀਦਾ ਹੈ, ਉਸੇ ਵੇਲੇ ਹੋ ਜਾਏਗਾ। ਐਸਾ ਬ੍ਰਿਛ ਕਿਸੇ ਕੋਲ ਹੋਵੇ ਉਹ ਤਾਂ ਜੋ ਮੰਗੇ ਮਿਲ ਜਾਂਦਾ ਹੈ। ਫੇਰ ਕਾਮਧੇਨ ਗਊ ਹੋਵੇ, ਚਿੰਤਾਮਨ ਵੱਟੀ ਹੋਵੇ। ਫੇਰ ਉਹਦੇ ਦੁਖ ਦਾ ਸਵਾਲ ਕੀ ਹੈ? ਉਹ ਕਿਉਂ ਦੁਖੀ ਹੈ? ਕਿਉਂਕਿ ਉਹਨੂੰ ਇਕ ਢੰਗ ਨਹੀਂ ਆਇਆ, ਉਹਨੇ ਮਨ ਵਸੀਕਾਰ ਨਹੀਂ ਕਰਿਆ। ਸੋ ਇਥੋਂ ਫੇਰ ਇਹ ਲਗਦਾ ਹੈ ਕਿ ਜੇ ਮਨ ਵਸੀਕਾਰ ਨਾ ਹੋਵੇ, ਦੁਨੀਆਂ ਦੀ ਕੋਈ ਪ੍ਰਾਪਤੀ ਹੋਵੇ, ਆਦਮੀ ਸੁਖ 'ਚ ਨਹੀਂ ਜਾ ਸਕਿਆ ਕਰਦਾ -

*ਸਹੰਸਰ ਦਾਨ ਦੇ ਇੰਦ੍ਰੁ ਰੋਆਇਆ ॥*
*ਪਰਸ ਰਾਮੁ ਰੋਵੈ ਘਰਿ ਆਇਆ ॥*
*ਅਜੈ ਸੁ ਰੋਵੈ ਭੀਖਿਆ ਖਾਇ ॥*
*ਐਸੀ ਦਰਗਹ ਮਿਲੈ ਸਜਾਇ ॥*
*ਰੋਵੈ ਰਾਮੁ ਨਿਕਾਲਾ ਭਇਆ ॥*
*ਸੀਤਾ ਲਖਮਣੁ ਵਿਛੁੜਿ ਗਇਆ ॥*
*ਰੋਵੈ ਦਹਸਿਰੁ ਲੰਕ ਗਵਾਇ ॥*
*ਜਿਨਿ ਸੀਤਾ ਆਦੀ ਡਉਰੂ ਵਾਇ ॥*
*ਰੋਵਹਿ ਪਾਂਡਹ ਭਏ ਮਜੂਰ ॥*
*ਜਿਨ ਕੈ ਸੁਆਮੀ ਰਹਤ ਹਦੂਰਿ ॥*
*ਰੋਵੈ ਜਨਮੇਜਾ ਖੁਇ ਗਇਆ ॥*
*ਏਕੀ ਕਾਰਣਿ ਪਾਪੀ ਭਇਆ ॥*
*ਰੋਵਹਿ ਸੇਖ ਮਸਾਇਕ ਪੀਰ ॥*
*ਅੰਤਿ ਕਾਲਿ ਮਤੁ ਲਾਗੈ ਭੀੜ ॥*
*ਰੋਵਹਿ ਰਾਜੇ ਕੰਨ ਪੜਾਇ ॥*
*ਘਰਿ ਘਰਿ ਮਾਗਹਿ ਭੀਖਿਆ ਜਾਇ ॥*
*ਰੋਵਹਿ ਕਿਰਪਨ ਸੰਚਹਿ ਧਨੁ ਜਾਇ ॥*
*ਪੰਡਿਤ ਰੋਵਹਿ ਗਿਆਨੁ ਗਵਾਇ ॥*
*ਬਾਲੀ ਰੋਵੈ ਨਾਹਿ ਭਤਾਰੁ ॥*
*ਨਾਨਕ ਦੁਖੀਆ ਸਭੁ ਸੰਸਾਰੁ ॥ ਅੰਗ - ੯੫੪*

ਇਹ ਤਾਂ ਬੜੀ ਗਲਤ ਗੱਲ ਹੋ ਗਈ। ਇਕ ਲਾਈਨ ਗੁਰੂ ਮਹਾਰਾਜ ਨੇ ਦਸ ਦਿਤੀ ਕਿ ਆਹ ਜਿਹੜੀ ਲਾਈਨ ਤੁਰੀ ਆ ਰਹੀ ਹੈ ਇਹਦੇ ਵਿਚ ਕੋਈ ਵੀ ਬੰਦਾ, ਚਾਹੇ ਕਿੰਨੀਆਂ ਹੀ ਪ੍ਰਾਪਤੀਆਂ ਕਰਨ ਵਾਲਾ ਹੈ, ਉਹ ਜ਼ਰੂਰ ਦੁਖੀ ਹੋਵੇਗਾ। ਦੂਸਰੀ ਲਾਈਨ ਕੀ ਹੈ ਮਹਾਰਾਜ ਕਹਿੰਦੇ, ਤੁਸੀਂ ਨਿਰਾਸ਼ਾਵਾਦ 'ਚ ਨਾ ਆਓ। ਦੇਖਿਓ ਕਿਤੇ ਮੇਰੇ ਬਚਨ ਨੂੰ ਇਹ ਕਹਿ ਲਓਂ ਕਿ ਢਹਿੰਦੀ ਕਲਾ ਦਾ ਬਚਨ ਕਰ ਦਿਤਾ। ਮੈਂ ਤਾਂ ਇਕ ਤਸਵੀਰ ਰੱਖੀ ਹੈ ਉਨ੍ਹਾਂ ਬੰਦਿਆਂ ਦੀ ਜਿਹੜੇ ਸੁਖ ਮੰਗਦੇ ਨੇ ਲੇਕਿਨ ਰਾਈ ਜਿੰਨਾ ਸੁਖ ਮੰਗਿਆ ਤੇ ਮਣ ਜਿੰਨਾ ਦੁਖ ਵੀ ਨਾਲ ਆ ਗਿਆ ਉਹਦੇ। ਇਹੋ ਜਿਹਾ ਸੁਖ ਕਹਿੰਦੇ ਮੈਨੂੰ ਨਹੀਂ ਭਾਉਂਦਾ ਮੰਗਿਆ ਹੋਇਆ। ਸੋ ਕੋਈ ਉਹ ਚਾਹੀਦਾ ਹੈ ਜਿਹੜਾ ਸੁਖ ਆ ਕੇ ਸਾਰੇ ਦੁਖ ਜਿੰਨੇ ਵੀ ਨੇ, ਸੁਖਾਂ 'ਚ ਬਦਲ ਜਾਣ। ਦੁੱਖ ਨਾਮ ਦੀ ਕੋਈ ਚੀਜ਼ ਹੀ ਨਾ ਰਹੇ। ਇਹ ਵੀ ਕੋਈ ਰਸਤਾ ਹੈ? ਮਹਾਰਾਜ ਕਹਿੰਦੇ, ਇਹ ਰਸਤਾ ਪਿਆਰਿਓ! ਨਾਮ ਦੇ ਉਤੇ ਵਿਸ਼ਵਾਸ਼ ਲਿਆਉਣ ਨਾਲ ਪ੍ਰਾਪਤ ਹੁੰਦਾ ਹੈ-

*ਮੰਨੇ ਨਾਉ ਸੋਈ ਜਿਣਿ ਜਾਇ ॥*
*ਅਉਰੀ ਕਰਮ ਨ ਲੇਖੈ ਲਾਇ ॥ ਅੰਗ - ੯੫੪*

ਬਾਕੀ ਜਿਹੜੀਆਂ ਚੀਜ਼ਾਂ ਨੇ ਉਹ ਸੁਖ ਨਹੀਂ ਦਿੰਦੀਆਂ, ਉਨ੍ਹਾਂ ਦੇ ਨਾਲ ਆਦਮੀ ਸੁਖੀ ਨਹੀਂ ਹੁੰਦਾ ਕਦੇ ਵੀ ਤੇ ਉਹਦੀ ਹਾਲਤ ਜਿਹੜੀ ਹੈ, ਜੇ ਉਹ ਨਾਮ ਦੇ ਮੰਡਲ ਤੋਂ ਬਾਹਰ ਹੈ। ਪ੍ਰਮੇਸ਼ਰ ਦੇ ਪਿਆਰ ਤੋਂ ਬਾਹਰ, ਪ੍ਰਮੇਸ਼ਰ ਦੇ ਪਿਆਰ ਨਾਲ ਮਨ ਰੰਗਿਆ ਹੋਇਆ ਨਹੀਂ ਹੈ ਤਾਂ ਕਹਿੰਦੇ ਉਹਦੀਆਂ ਬਾਹਰਲੀਆਂ ਪ੍ਰਾਪਤੀਆਂ ਦੇਖ ਕੇ ਨਾ ਅੰਦਾਜ਼ੇ ਲਾਓ ਕਿ ਇਹ ਬੜਾ ਸੁਖੀ ਹੈ। ਉਹਦੀ ਜੋ ਹਾਲਤ ਹੈ ਉਹ ਤਾਂ ਬਿਲਕੁਲ ਨੀਵੀਂ ਹੈ। ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਵਿਸ਼ਟਾ ਕੇ ਕੀਰੇ ,*
*ਸੋ ਪ੍ਰਭੁ ਚਿਤਿ ਨ ਆਵਈ।*

*ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ ॥*
*ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ ॥*
*ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ ॥*
*ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ ॥*
*ਬਿਨੁ ਹਰਿ ਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ ॥*
*ਅੰਗ - ੭੦੭*

ਦੁਨੀਆਂ ਦੀਆਂ ਪ੍ਰਾਪਤੀਆਂ ਕੋਈ ਐਸਾ ਰਸ ਨਾ ਹੋਵੇ ਜੋ ਭੋਗਿਆ ਨਾ ਜਾਂਦਾ ਹੋਵੇ। ਹੀਰੇ ਤੇ

ਮੋਤੀਆਂ ਦੇ ਨਾਲ ਸਜਾਇਆ ਹੋਵੇ ਤੇ ਸੋਨੇ ਦੀਆਂ ਪਲੇਟਾਂ ਦੇ ਨਾਲ ਕੰਧਾਂ ਤੇ ਦਰਵਾਜ਼ੇ ਸਾਰੇ ਸਜਾਵਟ ਨਾਲ ਝਿਲਮਿਲ-ਝਿਲਮਿਲ ਕਰਦੇ ਹੋਣ। ਜੋ ਵੀ ਸੁੱਖ ਦੀ ਇਛਿਆ ਹੋਵੇ ਪ੍ਰਾਪਤ ਕਰ ਲਵੇ, ਪਰ ਅੰਦਰ ਜ਼ਿੰਦਗੀ ਨਹੀਂ ਰੁਮਕੀ ਤਾਂ ਉਹਦਾ ਹਾਲ ਜਿਹੜਾ ਹੈ - 'ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ॥' ਜੇ ਵਾਹਿਗੁਰੂ ਨੂੰ ਭੁੱਲਿਆ ਹੋਇਆ ਹੈ ਤਾਂ ਕੁਛ ਨਹੀਂ ਹੈ, ਹਉਕੇ-ਹਾਵੇ ਨੇ ਉਸਦੇ ਪੱਲੇ। ਬੇਮਲੂਮੇ ਹਉਕੇ ਆਉਂਦੇ ਨੇ। ਝੁੰਜਲਾਹਟ 'ਚ ਰਹਿੰਦਾ ਹੈ, ਚੀਜ਼ਾਂ ਪਈਆਂ ਨੇ ਕੋਲ, ਕੋਈ ਰਸ ਨਹੀਂ ਉਨ੍ਹਾਂ ਦਾ, ਖਾਣ ਵਾਲੀਆਂ ਪਈਆਂ ਨੇ, ਕੋਈ ਰਸ ਨਹੀਂ ਹੈ ਅੰਦਰ ਉਨ੍ਹਾਂ ਦਾ। ਬਹੁਤ ਸੋਹਣੇ ਪਲੰਘ ਨੇ, ਲੇਕਿਨ ਰਸ ਨਹੀਂ ਜ਼ਿੰਦਗੀ ਦੇ ਅੰਦਰ। ਇਹ ਕੋਈ ਜ਼ਿੰਦਗੀ ਹੋਰ ਹੈ, ਚੀਜ਼ ਹੋਰ ਹੈ, ਜਿਹਦਾ ਸਾਨੂੰ ਪਤਾ ਨਹੀਂ ਹੈ। ਮਹਾਰਾਜ ਕਹਿੰਦੇ, ਉਹ ਨਾਮ ਦੇ ਮੰਡਲ ਦੀ ਜ਼ਿੰਦਗੀ ਹੈ ਪਿਆਰਿਓ, ਦੁਨੀਆਂਦਾਰਾਂ ਨੂੰ ਸਮਝ ਨਹੀਂ ਆਈ। ਜਿਹੜਾ ਅਸੀਂ ਕਹਿੰਦੇ ਹਾਂ, 'ਨਾਨਕ ਦੁਖੀਆ ਸਭ ਸੰਸਾਰ।' ਉਸ ਸੰਸਾਰ ਨੂੰ ਕਹਿੰਦੇ ਹਾਂ, ਜਿਹੜਾ ਜ਼ਿੰਦਗੀ ਦੇ ਨਾਲੋਂ ਟੁੱਟ ਕੇ ਮੁਰਦੇ ਪਦਾਰਥਾਂ ਦੇ ਨਾਲ ਜੁੜਿਆ ਹੋਇਆ ਹੈ। ਦੂਜੇ ਅੱਖਰਾਂ 'ਚ ਪ੍ਰਮੇਸ਼ਰ ਦੀ ਹੋਂਦ ਨਾਲੋਂ ਟੁੱਟ ਕੇ ਮਾਇਆ ਦੇ ਨਾਲ ਜੁੜਿਆ ਹੋਇਆ ਹੈ। ਮਾਇਆ ਅੰਧ ਹੈ, ਜੜ੍ਹ ਹੈ, ਜੜ੍ਹ ਦੀ ਸੰਗਤ ਜੜ੍ਹ ਬਣਾ ਦਿੰਦੀ ਹੈ। ਪਰ ਜ਼ਿੰਦਗੀ ਦੀ ਛੋਹ ਪ੍ਰਾਪਤ ਹੈ, ਉਨ੍ਹਾਂ ਦੇ ਅੰਦਰ ਜ਼ਿੰਦਗੀ ਦੀ ਰੌਂ ਰੁਮਕਦੀ ਹੈ, ਖੇੜਾ ਹੀ ਖੇੜਾ, ਬਾਹਰਲੀ ਹਾਲਤ ਚਾਹੇ ਕੁਛ ਹੋਵੇ। ਲੇਕਿਨ ਉਨ੍ਹਾਂ ਦੇ ਅੰਦਰ ਐਸੀ ਚੀਜ਼ ਹੈ ਕਿ ਉਹ ਕਿਸੇ ਤਰੀਕੇ ਨਾਲ ਉਨ੍ਹਾਂ ਦਾ ਰੰਗ ਨਹੀਂ ਲਹਿੰਦਾ ਤੇ ਉਨ੍ਹਾਂ ਦਾ ਚਾਉ ਨਹੀਂ ਮੱਠਾ ਹੁੰਦਾ ਤੇ ਜ਼ਿੰਦਗੀ ਨੂੰ ਮਾਣ ਰਹੇ ਨੇ। ਉਹਦੇ ਬਾਰੇ ਐਸਾ ਫੁਰਮਾਨ ਹੈ -

*ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ ॥*
*ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ ॥*
*ਮਿਤ੍ਰ ਨ ਇਠ ਧਨ ਰੂਪਹੀਣ ਕਿਛੁ ਸਾਕੁ ਨ ਸਿੰਨਾ ॥*
*ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ ॥*
*ਤਿਸ ਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁਪ੍ਰਸੰਨਾ ॥*
*ਅੰਗ - ੭੦੭*

ਕੋਈ ਵੀ ਪ੍ਰਾਪਤੀ ਨਹੀਂ ਦੁਨੀਆਂ ਦੀ। ਪਾਟੇ ਹੋਏ ਕੱਪੜੇ ਨੇ, ਟੁੱਟੀ ਹੋਈ ਝੌਂਪੜੀ 'ਚ ਰਹਿੰਦਾ ਹੈ। ਕੋਈ ਜਾਤ ਨਹੀਂ, ਕੋਈ ਪੱਤ ਨਹੀਂ, ਕੋਈ ਆਦਰ ਦੇਣ ਵਾਲਾ ਨਹੀਂ ਹੈ ਤੇ ਜੰਗਲਾਂ ਦੇ ਵਿਚ ਘੁੰਮਦਾ ਰਹਿੰਦਾ ਹੈ, ਬਾਹਰ ਫਿਰੀ ਜਾਂਦਾ ਹੈ ਰੋਹੀਆਂ 'ਚ। ਮਿੱਤਰ ਵੀ ਕੋਈ ਨਹੀਂ ਹੈ, ਰੂਪਹੀਣ ਵੀ ਹੈ, ਆਸਰਾ ਵੀ ਕੋਈ ਨਹੀਂ, ਸਾਕ ਨਹੀਂ ਕੋਈ ਚੱਜ ਦਾ, ਪਰ ਜੇ ਉਹਦੇ ਅੰਦਰ ਜ਼ਿੰਦਗੀ ਦੀ ਰੌਂ ਰੁਮਕਦੀ ਹੈ, ਲਾਲ ਰੰਗ ਲੱਗਿਆ ਹੋਇਆ ਹੈ ਉਸਨੂੰ ਤਾਂ ਕਹਿੰਦੇ, ***'ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ ॥'*** ਨਾਮ ਦੇ ਵਿਚ ਮਨ ਭਿੱਜ ਗਿਆ ਤਾਂ ਕਹਿੰਦੇ ਰਾਜਾ ਹੈ ਉਹ ਤੇ ਉਹਦਾ ਸਰੀਰ, ਉਹਦਾ ਵਜੂਦ ਐਨਾ ਪਵਿੱਤਰ ਹੈ ਕਿ ਉਹਦੀ ਧੂੜ ਦੇ ਨਾਲ ਸੰਸਾਰ ਉਧਰ ਸਕਦਾ ਹੈ। ਜੇ ਉਹਦੀ ਧੂੜ ਵੱਡੇ-ਵੱਡੇ ਤੀਰਥਾਂ ਦੇ ਵਿਚ ਪੈ ਜਾਵੇ ਉਡ ਕੇ, ਕਹਿੰਦੇ ਉਨ੍ਹਾਂ ਦੀ ਜੋ ਮੈਲ ਹੈ, ਉਹ ਦੂਰ ਹੋ ਜਾਂਦੀ ਹੈ -

*ਗੰਗਾ ਜਮੁਨਾ ਗੋਦਾਵਰੀ ਸਰਸੁਤੀ*
*ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ ॥*
*ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ*
*ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ ॥ ਅੰਗ - ੧੨੬੩*

ਸੋ ਇਹ ਦੋ ਤਰ੍ਹਾਂ ਦੇ ਜੀਵਨ ਨੇ, ਜੋ ਮੈਂ ਬੇਨਤੀ ਕਰੀ ਹੈ ਕਿ ਰੰਗ ਅਸੀਂ ਬਾਹਰੋਂ ਵੀ ਪਾਉਂਦੇ ਹਾਂ। ਉਤਰ ਜਾਂਦਾ ਹੈ, ਰੰਗਾਂ ਦਾ ਤਿਉਹਾਰ ਹੈ, ਲੇਕਿਨ ਜੇ ਕਿਸੇ ਨੂੰ ਅੰਦਰੋਂ ਰੰਗ ਲਗ ਜਾਵੇ, ਫੇਰ ਉਹ ਚੜ੍ਹਿਆ ਹੋਇਆ ਨਹੀਂ ਉਤਰਦਾ। ਖੁਸ਼ਬੂਦਾਰ ਰੰਗ, ਖੇੜੇ ਹੀ ਖੇੜੇ, ਖੁਸ਼ੀਆਂ ਹੀ ਖੁਸ਼ੀਆਂ। ਇਹ ਬੰਦਿਆਂ ਨੂੰ ਚੜ੍ਹਦਾ ਕਿਉਂ ਨਹੀਂ ਹੈ? ਸ੍ਰੀ ਗੁਰੂ ਗ੍ਰੰਥ ਸਾਹਿਬ ਵਰਗੀ ਮੁਕੰਮਲ ਰੂਹਾਨੀਅਤ ਦੀ ਸੋਝੀ ਦੇਣ ਵਾਲੀ ਗੁਰੂ ਰੂਪ ਬਾਣੀ ਹੋਵੇ, ਫੇਰ ਕੀ ਵਜ੍ਹਾ ਹੈ ਕਿ ਉਹਨੂੰ ਮੰਨਣ ਵਾਲੇ ਦੁਖੀ ਕਿਉਂ ਨੇ, ਝੁੰਜਲਾਹਟ ਵਿਚ ਕਿਉਂ ਨੇ, ਢਹਿੰਦੀ ਕਲਾ 'ਚ ਕਿਉਂ ਨੇ? ਕਿਉਂ ਲੜਦੇ ਨੇ, ਕਿਉਂ ਝਗੜਦੇ ਨੇ, ਕਿਉਂ ਪ੍ਰਭਾਵ ਅੱਛਾ ਨਹੀਂ ਪਾਉਂਦੇ? ਕਾਰਨ ਇਹ ਹੈ ਕਿ ਉਨ੍ਹਾਂ ਨੇ ਬਾਣੀ ਨੂੰ ਵਿਚਾਰਿਆ ਨਹੀਂ, ਬਾਣੀ ਨੂੰ ਕਮਾਇਆ ਨਹੀਂ ਹੈ। ਬਾਹਰੋਂ-ਬਾਹਰੋਂ ਸਭ ਕੁਛ ਹੈਗਾ, ਅੰਦਰ ਕੁਛ ਨਹੀਂ ਹੈ, ਖਾਲੀ ਪਏ ਨੇ। ਜੇ ਅੰਦਰ ਹੋਵੇ ਤਾਂ, ਤਾਂ ਗੱਲ ਬਣ ਜਾਂਦੀ ਹੈ।

*ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ ॥*
*ਮੈਲਾ ਕਦੇ ਨ ਹੋਵਈ ਨਹ ਲਾਗੈ ਦਾਗਾ ॥ ਅੰਗ - ੮੦੮*

# ਮੰਝ ਪਿਆਰਾ ਗੁਰੂ ਨੂੰ.......॥

*ਸੰਤ ਵਰਿਆਮ ਸਿੰਘ ਜੀ,*
*ਬਾਨੀ ਟਰੱਸਟ ਰਤਵਾੜਾ ਸਾਹਿਬ*

ਸ਼ਾਨ –........................................।

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*
*ਅੰਗ – ੨੫੬*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ – ੨੮੯*

*ਧਾਰਨਾ – ਤੁਮਰੀ ਓਟ ਤੁਮਾਰੀ ਆਸਾ,*
*ਤੁਧ ਬਿਨ ਹੋਰ ਕੋਈ ਨਾ।*
*ਤੁਝ ਬਿਨੁ ਅਵਰੁ ਨਾਹੀ ਮੈ ਦੂਜਾ ਤੂੰ ਮੇਰੇ ਮਨ ਮਾਹੀ ॥*
*ਤੂੰ ਸਾਜਨੁ ਸੰਗੀ ਪ੍ਰਭੁ ਮੇਰਾ ਕਾਹੇ ਜੀਅ ਡਰਾਹੀ ॥ ੧ ॥*
*ਤੁਮਰੀ ਓਟ ਤੁਮਾਰੀ ਆਸਾ ॥*
*ਬੈਠਤ ਊਠਤ ਸੋਵਤ ਜਾਗਤ*
*ਵਿਸਰੁ ਨਾਹੀ ਤੂੰ ਸਾਸ ਗਿਰਾਸਾ ॥ ੧ ॥ ਰਹਾਉ ॥*
*ਰਾਖੁ ਰਾਖੁ ਸਰਣਿ ਪ੍ਰਭ ਅਪਨੀ*
*ਅਗਨਿ ਸਾਗਰ ਵਿਕਰਾਲਾ ॥*
*ਨਾਨਕ ਕੇ ਸੁਖਦਾਤੇ ਸਤਿਗੁਰ ਹਮ ਤੁਮਰੇ ਬਾਲ ਗੁਪਾਲਾ ॥*
*ਅੰਗ – ੩੭੮*

*ਧਾਰਨਾ – ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,*
*ਸੇਵਾ ਕਰਕੇ ਮਾਣ ਪਾਈਦੈ।*

ਸਾਧਸੰਗਤ ਜੀ ਗੱਜ ਕੇ ਬੋਲਣਾ ਜੀ, ਸਤਿਨਾਮੁ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ ਵਿਚ ਪਹੁੰਚੇ ਹੋਂ। ਚਿੱਤ ਬਿਰਤੀਆਂ ਨੂੰ ਇਕਾਗਰ ਕਰੋ। ਬਿਰਤੀ ਜੋ ਹੈ ਇਹ ਅੱਖਾਂ ਦੇ ਰਾਹੀਂ ਦੌੜਦੀ ਹੈ। ਕੰਨਾਂ ਦੇ ਰਾਹੀਂ ਦੌੜਦੀ ਹੈ। ਸਪਰਸ਼ ਇੰਦਰਿਆਂ ਦੇ ਰਾਹੀਂ ਦੌੜਦੀ ਹੈ, ਨੱਕ ਰਾਹੀਂ ਦੌੜਦੀ ਹੈ ਰਸਨਾ ਰਾਹੀਂ ਦੌੜਦੀ ਹੈ। ਸੋ ਇਹਨੂੰ ਟਿਕਾਉਣ ਦਾ ਇਕੋ ਉਪਾਅ ਹੈ ਕਿ ਕੰਨਾਂ ਦੇ ਨਾਲ–

*ਸ੍ਰਵਨ ਗੋਬਿੰਦ ਗੁਨੁ ਸੁਨਉ ਅਰੁ ਗਾਉ ਰਸਨਾ ਗੀਤਿ ॥ ੧ ॥ ਰਹਾਉ ॥*
*ਕਰਿ ਸਾਧਸੰਗਤਿ ਸਿਮਰੁ ਮਾਧੋ ਹੋਹਿ ਪਤਿਤ ਪੁਨੀਤ ॥*
*ਅੰਗ – ੬੩੧*

ਕੰਨਾਂ ਦੇ ਨਾਲ ਹਰੀ ਦਾ ਜਸ ਸਰਵਣ ਕਰੋ। ਨੇਤਰਾਂ ਦੇ ਨਾਲ ਗੁਰੂ ਸਰੂਪ ਦਾ ਧਿਆਨ ਧਰੋ। ਦੋ ਇੰਦਰੇ ਕਾਬੂ ਹੋ ਗਏ। ਤੀਸਰਾ ਹੈ ਰਸਨਾ ਦੇ ਨਾਲ ਜਦੋਂ ਵਾਰੀ ਆਉਂਦੀ ਹੈ ਗੱਜ ਵੱਜ ਕੇ ਬੋਲੋ। ਚੌਥਾ ਬਹੁਤ ਸੂਖਸ਼ਮ ਇੰਦਰਾ ਹੈ ਇਹਦੇ ਕੋਲ ਮਨ। ਮਨ ਨੂੰ ਕੰਮ ਲਾਓ। ਸ਼ਬਦ ਦੇ ਧਿਆਨ ਵਿਚ ਟਿਕਾਓ। ਬੁੱਧੀ ਨੂੰ ਕੰਮ ਲਾਓ, ਬੁੱਧੀ ਤੋਂ ਵਿਚਾਰ ਸ਼ੁਰੂ ਕਰਾ ਲਓ। ਫੇਰ ਰਸਨਾ ਤੋਂ ਕੰਮ ਲਓ, ਸ਼ਬਦ ਵਿਚ ਗੱਜ ਵੱਜ ਕੇ ਬੋਲੋ। ਜਦੋਂ ਅਸੀਂ ਇਸ ਤਰ੍ਹਾਂ ਦੇ ਨਾਲ ਸਤਿਸੰਗ ਕਰਾਂਗੇ ਤਾ ਸਾਨੂੰ ਪੂਰਾ 100% ਲਾਭ ਹੋਵੇਗਾ। ਦੁਨੀਆਂ ਦਾ ਕੋਈ ਵੀ ਕੰਮ ਪੂਰਾ ਨਹੀਂ ਹੁੰਦਾ, ਜਦੋਂ ਤੱਕ ਸੁਰਤੀ ਬਿਰਤੀ ਇਕਾਗਰ ਨਾ ਹੋਵੇ। ਚਾਹੇ ਬੀਬੀ ਹੈ, ਸੂਈ 'ਚ ਧਾਗਾ ਪਾਉਣਾ ਚਾਹੁੰਦੀ ਹੈ। ਜਦੋਂ ਤਕ ਉਹਦਾ ਸਾਹ ਦੇ ਉਤੇ ਕੰਟਰੋਲ ਨਹੀਂ, ਬਿਰਤੀ ਉਹਦੀ ਇਕਾਗਰ ਨਹੀਂ ਹੈ, ਸੂਈ ਵਿਚ ਧਾਗਾ ਨਹੀਂ ਪਾ ਸਕਦੀ। ਲਿਖਣ ਵਾਲਾ ਬੱਚਾ ਹੈ, ਸਵਾਲ ਕੱਢਦਾ ਹੈ, ਜੇ ਉਹਦੀ ਬਿਰਤੀ ਇਕਾਗਰ ਨਹੀਂ ਤਾਂ ਉਹ ਸਵਾਲ ਨੂੰ ਜਾਣਦਾ ਹੋਇਆ ਵੀ ਕੁਛ ਨਹੀਂ ਲਿਖ ਸਕਦਾ। ਹਿਸਟਰੀ ਦੇ ਪੇਪਰ ਦੇ ਵਿਚ ਸਵਾਲਾਂ ਦੇ ਜਵਾਬ ਦੇਣੇ ਨੇ। ਜੇ ਬਿਰਤੀ ਇਕਾਗਰ ਨਹੀਂ ਹੋ ਸਕਦੀ ਤਾਂ ਜਾਣਦਾ ਹੋਇਆ ਵੀ ਸਭ ਕੁਛ ਭੁੱਲ ਜਾਂਦਾ ਹੈ। ਇਹ ਜੋ ਰੂਹਾਨੀ ਪੜ੍ਹਾਈ ਹੈ, ਇਹ ਅਤਿ ਸੂਖਸ਼ਮ ਹੈ। ਇਹਦੇ ਵਿਚ ਕੋਈ ਬਾਹਰਲੀ ਚੀਜ਼ ਨਹੀਂ ਹੈ। ਅੰਦਰਲੀਆਂ ਚੀਜ਼ਾਂ ਨਾਲ ਵਾਹ ਪੈਂਦਾ ਹੈ ਜਿਹਨੂੰ ਅਸੀਂ ਦੇਖ ਨਹੀਂ ਸਕਦੇ। ਸਾਨੂੰ ਸੋਝੀ ਨਹੀਂ ਹੈ, ਗਿਆਨ ਨਹੀਂ ਹੈ। ਭਾਵੇਂ ਮਨੁੱਖ ਹਾਂ ਮਹਾਰਾਜ ਕਹਿੰਦੇ, ਮਨੁੱਖ ਕੋਲ ਵੀ ਉਹ ਸ਼ਕਤੀ ਨਹੀਂ ਹੈ ਜਿਹੜੀ ਅੰਦਰਲੀਆ ਚੀਜ਼ਾਂ ਨੂੰ ਦੇਖ ਸਕੇ। ਇਹ ਤਾਂ ਇਹਦੀ ਬੁੱਧੀ ਜਿਸ ਵਕਤ ਉੱਚੀ ਹੋਵੇਗੀ, ਉਸ ਵੇਲੇ ਇਹਨੂੰ ਇਕ ਅੱਧੀ ਗੱਲ ਕੋਈ ਸਮਝ ਵਿਚ ਆਉਣ ਲਗ ਜਾਏਗੀ, ਨਹੀਂ ਤਾਂ ਆਉਂਦੀ ਨਹੀਂ ਹੈ। ਮਹਾਂਪੁਰਸ਼ ਬੜੇ ਹੈਰਾਨ ਹੁੰਦੇ ਨੇ ਕਿ ਕੀ ਗੱਲ, ਐਡੇ ਵੱਡੇ–ਵੱਡੇ ਉਪਦੇਸ਼, ਉਹ ਮਹਾਂਪੁਰਸ਼ ਜਿਨ੍ਹਾਂ ਦੇ ਉਪਦੇਸ਼ਾਂ ਨੂੰ ਸਮਝਣ ਵਾਸਤੇ, ਵੱਡੇ–ਵੱਡੇ ਫਿਲਾਸਫਰ ਥੱਕ ਗਏ। ਟੀਕਾਕਾਰ ਥੱਕ ਗਏ, ਟੀਕਾ ਨਹੀਂ ਕਰ ਸਕਦੇ। ਉਹਨਾਂ ਦੇ ਖਿਆਲਾਂ ਦੇ ਉਤੇ ਬੇਅੰਤ ਭਾਸ਼ ਲਿਖੇ ਗਏ। ਪੂਰੇ ਨਹੀਂ ਲਿਖੇ

ਗਏ। ਗੀਤਾ ਕਿੱਡੀ ਕੁ ਚੀਜ਼ ਹੈ, 178 ਜ਼ੁਬਾਨਾਂ ਵਿਚ ਛਪੀ ਹੋਈ ਹੈ। ਬਹੁਤ ਵੱਡੇ ਪੜ੍ਹੇ ਲਿਖੇ ਮਨੁੱਖਾਂ ਨੇ ਭਾਸ਼ ਲਿਖੇ। ਜਦੋਂ ਉਹਦਾ ਅਨੁਵਾਦ ਚੁੱਕ ਕੇ ਦੇਖ ਲਓ, ਇਕ ਦੇ ਨਾਲ ਦੂਸਰੇ ਦਾ ਮੇਲ ਨਹੀਂ ਖਾਂਦਾ। ਇਹ ਨਹੀਂ ਕਿ ਇਕ ਨੇ ਗਲਤ ਲਿਖ ਦਿਤਾ, ਦੂਸਰਾ ਸਹੀ ਲਿਖਦੈ। ਨਹੀਂ, ਦੋਵੇਂ ਸਹੀ ਲਿਖਦੇ ਨੇ। ਪਰ ਉਹ ਐਡਾ ਵਿਸ਼ਾਲ ਵਿਸ਼ਾ ਹੈ ਕਿ ਇੱਕੋ ਹੀ ਬਚਨ ਦੇ ਸੈਂਕੜੇ ਅਰਥ ਆਪੇ ਹੀ ਨਿਕਲ ਆਉਂਦੇ ਨੇ। ਸੋ ਇਸ ਤਰ੍ਹਾਂ ਦੇ ਨਾਲ ਜਦੋਂ ਚਿੱਤ ਬਿਰਤੀ ਇਕਾਗਰ ਕਰਾਂਗੇ ਉਸ ਵੇਲੇ ਸਾਨੂੰ ਸੂਖਸ਼ਮ ਵਿਚਾਰ ਦੀ ਲੋੜ ਪਵੇਗੀ। ਸੋ ਬੁੱਧੀ ਦਾ ਕੰਮ ਹੈ ਵਿਚਾਰ ਕਰਨਾ। ਵਿਚਾਰ ਕਰਕੇ ਫੇਰ ਇਕ ਅੰਦਰ ਪਾਤਰ ਹੈ, ਬਰਤਨ ਹੈ, ਸਟੋਰ ਹੈ ਸਾਡੇ ਅੰਦਰ, ਉਹਨੂੰ ਅੰਤਸ਼ਕਰਣ ਕਹਿੰਦੇ ਨੇ, ਉਸ ਸਟੋਰ ਦੇ ਵਿਚ ਜਮ੍ਹਾਂ ਕਰੀ ਜਾਓ। ਜਦੋਂ ਚੰਗੀਆਂ ਚੀਜ਼ਾਂ ਬਹੁਤੀਆਂ ਹੋ ਜਾਣਗੀਆਂ, ਖੁਸ਼ਬੂਦਾਰ ਚੀਜ਼ਾਂ ਦਾ ਭੰਡਾਰ ਵੱਡਾ ਹੋ ਜਾਏਗਾ, ਫੇਰ ਉਹਦੇ ਵਿਚੋਂ ਸੁਗੰਧੀ ਆਉਣ ਲਗ ਜਾਏਗੀ। ਜਦੋਂ ਮਾੜੀਆਂ ਚੀਜ਼ਾਂ ਬਹੁਤੀਆਂ ਜਮ੍ਹਾਂ ਕਰ ਲਵਾਂਗੇ, ਉਸ ਵੇਲੇ ਉਸੇ ਦੇ ਵਿਚੋਂ ਦੁਰਗੰਧੀ ਆਉਂਦੀ ਹੈ। ਸੁਗੰਧੀ ਤੇ ਦੁਰਗੰਧੀ ਪ੍ਰਗਟ ਹੁੰਦੀ ਹੈ, ਸਰੀਰਕ ਕਿਰਿਆਵਾਂ ਦੇ ਨਾਲ ਜੇ ਦੁਰਗੰਧੀ ਬਹੁਤੀ ਭਰੀ ਹੋਈ ਹੈ ਤਾਂ ਜ਼ੁਬਾਨ ਫਿੱਕਾ ਬੋਲੇਗੀ। ਝੂਠ ਬੋਲੇਗੀ, ਨਿੰਦਿਆ, ਚੁਗਲੀ ਕਰੇਗੀ। ਦੂਜਿਆਂ ਨੂੰ ਖਰਾਬ ਕਰਨ ਵਾਲੀਆਂ ਬਾਤਾਂ ਕਰੇਗੀ ਕਿਉਂਕਿ ਅੰਦਰ ਦੁਰਗੰਧ ਭਰੀ ਹੋਈ ਹੈ। ਜੇ ਅੰਦਰ ਸੁਗੰਧੀ ਭਰੀ ਹੋਈ ਹੈ। ਸ਼ੁਭ ਭੰਡਾਰ ਅੰਦਰ ਗਿਆ ਹੋਇਆ ਹੈ ਵਿਚਾਰ ਕਰਕੇ, ਮਹਾਂਪੁਰਸ਼ਾਂ ਦੇ ਬਚਨ ਦੀ ਵਿਚਾਰ ਕਰਕੇ ਫੇਰ ਉਹਦੇ ਮੁਖ ਤੋਂ ਸਤਿ ਬਚਨ ਨਿਕਲਣਗੇ। ਕਿਸੇ ਦੀ ਨਿੰਦਿਆ ਨਹੀਂ ਕਰੇਗਾ, ਕਿਸੇ ਨੂੰ ਮਾੜਾ ਨਹੀਂ ਕਹੇਗਾ। ਜੇ ਕਹੇਗਾ ਤਾਂ ਇੱਕੋ ਹੀ ਗੱਲ ਕਹੇਗਾ –

*ਹਮ ਨਹੀ ਚੰਗੇ ਬੁਰਾ ਨਹੀ ਕੋਇ ॥ ਅੰਗ- ੭੨੮*

ਕੇਵਲ ਮੂੰਹ ਨਾਲ ਹੀ ਨਹੀਂ ਕਹੇਗਾ ਕਿ ਮੈਂ ਤਾਂ ਚੰਗਾ ਨਹੀਂ, ਉਸ ਤਰ੍ਹਾਂ ਚੰਗਾ ਬਣਿਆ ਬੈਠਾ ਹੈ। ਸੱਚਮੁੱਚ ਹੀ ਉਹਦੇ ਮਨ ਵਿਚ ਹੋ ਜਾਏਗਾ ਕਿ ਮੇਰੇ ਤੋਂ ਸਾਰੇ ਚੰਗੇ ਨੇ ਕਿਉਂਕਿ ਬੁਰੀ ਗੱਲ ਦੇਖਣ ਵਾਲੀ ਉਹਦੇ ਅੰਦਰ ਕੋਈ ਚੀਜ਼ ਰਹੀ ਨਹੀਂ। ਉਹ ਸੰਸਾਰ ਵਿਚ ਜਦੋਂ ਬੁਰਾ ਹੀ ਨਹੀਂ ਸਮਝਦਾ, ਮਾੜਾ ਕਿਸ ਨੂੰ ਕਹੇਗਾ। ਮਾੜਾ ਉਹ ਕਹੇਗਾ ਜਿਹੜਾ ਅਜੇ ਦੁਚਿਤੀ ਵਿਚ ਹੈ ਕਿ ਮੈਂ ਚੰਗਾ ਹਾਂ, ਬਾਕੀ ਸਭ ਮਾੜੇ ਨੇ। ਇਸੇ ਕਰਕੇ ਮਹਾਂਪੁਰਸ਼ਾਂ ਨੂੰ ਕਿਸੇ ਬੰਦੇ ਦੀਆ ਕਮਜ਼ੋਰੀਆਂ, ਜਿਹਨੂੰ ਇਹ ਸੰਸਾਰ ਕਹਿੰਦਾ ਹੈ ਕਿ ਇਹ ਬਹੁਤ ਮਾੜਾ ਹੈ, ਉਹਨਾਂ ਨੂੰ ਮਾੜਾ ਨਹੀਂ ਲੱਗਿਆ ਕਰਦਾ ਕਿਉਂਕਿ ਉਹ ਇਸ ਪਾਸੇ ਧਿਆਨ ਨਹੀਂ ਦਿੰਦੇ, ਉਹ ਆਪਣੇ ਆਪ ਨੂੰ ਜਾਣਦੇ ਨੇ ਕਿ ਮੇਰੇ ਤੋਂ ਤਾਂ ਨਹੀਂ ਮਾੜਾ, ਮੇਰੇ ਤੋਂ ਤਾਂ ਫੇਰ ਵੀ ਚੰਗਾ ਹੀ ਹੈ। ਮਹਾਂਪੁਰਸ਼ ਬੋਲਦੇ ਹੀ ਨਹੀਂ, ਸੱਚਮੁੱਚ ਆਪਣੇ ਆਪ ਨੂੰ ਅਨੁਭਵ ਕਰਕੇ ਬਚਨ ਐਸੇ ਕਰਦੇ ਨੇ –

*ਹਉ ਅਪਰਾਧੀ ਗੁਨਹਗਾਰੁ ਹਉ ਬੇਮੁਖ ਮੰਦਾ।*
*ਚੋਰੁ ਯਾਰੁ ਜੁਆਰਿ ਹਉ ਪਰ ਘਰਿ ਜੋਹੰਦਾ।*
*ਨਿੰਦਕੁ ਦੁਸਟੁ ਹਰਾਮਖੋਰੁ ਠਗੁ ਦੇਸ ਠਗੰਦਾ।*
*ਕਾਮ ਕ੍ਰੋਧੁ ਮਦੁ ਲੋਭੁ ਮੋਹੁ ਅਹੰਕਾਰ ਕਰੰਦਾ।*
*ਬਿਸਾਸਘਾਤੀ ਅਕਿਰਤਘਨ ਮੈ ਕੋ ਨ ਰਖੰਦਾ।*
*ਸਿਮਰਿ ਮੁਰੀਦਾ ਢਾਢੀਆ ਸਤਿਗੁਰੁ ਬਖਸੰਦਾ।*
*ਭਾਈ ਗੁਰਦਾਸ ਜੀ, ਵਾਰ ੩੬/੧*

ਗੁਰੂ ਜੀ ਦੇ ਕੋਲ ਬੇਨਤੀ ਕਰਦੇ ਨੇ ਕਿ ਹੇ ਸਤਿਗੁਰੂ! ਮੈਨੂੰ ਬਖਸ਼ ਦੇ ਤੂੰ। ਕਿਉਂਕਿ ਬਖਸ਼ਣ ਦੀ ਆਦਤ ਪਈ ਹੈ ਤੈਨੂੰ। ਉਹ ਕਿਉਂ ਹੈ? ਕਿਉਂਕਿ ਅੰਦਰਲੇ ਸਟੋਰ ਦੇ ਵਿਚ ਮਾੜੀ ਚੀਜ਼ ਰਹੀ ਨਹੀਂ ਕੋਈ। ਸਭ ਚੰਗਾ ਹੀ ਚੰਗਾ ਹੋ ਗਿਆ। ਹਰੇਕ ਦੇ ਅੰਦਰ ਵਾਹਿਗੁਰੂ ਹੀ ਵਾਹਿਗੁਰੂ ਦਿਸਣ ਲਗ ਗਿਆ। ਜਦੋਂ ਵਾਹਿਗੁਰੂ ਦਿਸਣ ਲਗ ਗਿਆ, ਫੇਰ ਭਰਮ ਖਤਮ ਹੋਣ ਲਗ ਗਿਆ। ਜਦੋਂ ਭਰਮ ਖਤਮ ਹੋਇਆ, ਫੇਰ ਮਾੜਾਪੁਣ ਕਿਸੇ ਲਈ ਖਤਮ ਹੋ ਗਿਆ –

*ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ ॥*
*ਤਿਸ ਕੈ ਭਾਣੈ ਕੋਇ ਨ ਭੂਲਾ*
*ਜਿਨਿ ਸਗਲੋ ਬ੍ਰਹਮੁ ਪਛਾਤਾ ॥ ਅੰਗ- ੬੧੦*

ਜਿਹਨੇ ਪਛਾਣ ਲਿਆ ਕਿ ਹਰ ਘਟ ਦੇ ਅੰਦਰ ਵਾਹਿਗੁਰੂ ਦੀ ਅੰਸ ਹੈ, ਉਹਨੇ ਮਿੱਟੀ ਨੂੰ ਮਾੜਾ ਕੀ ਕਹਿਣੈ, ਮਿੱਟੀ ਤਾਂ ਆਪਣਾ ਸੁਭਾਅ ਵਰਤਦੀ ਹੈ, ਮਾਇਆ ਦਾ ਤ੍ਰਿਗੁਣ ਸੁਭਾਅ ਆਪਣਾ ਵਰਤਦੈ, ਰਜੋ ਗੁਣ, ਤਮੋ ਗੁਣ, ਸਤੋ ਗੁਣ। ਉਹ ਇਸ ਤੋਂ ਉਪਰ ਹੁੰਦੈ। ਜਿਥੇ ਉਹ ਕਿਸੇ ਨੂੰ ਕਿਸੇ ਕਹਿੰਦੈ, ਦੂਜਾ ਕਹਿੰਦੈ, ਉਥੇ ਆਪਣੇ ਆਪ ਨੂੰ ਹੀ ਦੂਜਾ ਕਹਿੰਦਾ ਹੈ। ਆਤਮਾ ਹੀ ਸਾਰੇ ਪ੍ਰੀਪੂਰਨ ਹੈ। ਹੋਰ ਕੋਈ ਹੈ ਨਹੀਂ। ਉਹ ਸਰੀਰਾਂ ਨੂੰ ਨਹੀਂ ਦੇਖਿਆ ਕਰਦਾ ਕਿ ਆਹ ਸਰੀਰ ਫਲਾਣਾ ਹੈ ਜਾਂ ਹੋਰ ਹੈ ਕਿਉਂਕਿ ਉਹਦੇ ਅੰਦਰ ਸਾਰੀ ਚੰਗਿਆਈ ਭਰੀ ਹੁੰਦੀ ਹੈ, ਖੁਸ਼ਬੋ ਹੀ ਖੁਸ਼ਬੋ ਭਰੀ ਹੁੰਦੀ ਹੈ। ਸੋ ਇਸ

ਤਰ੍ਹਾਂ ਮੈਂ ਬੇਨਤੀ ਕਰਦਾ ਹਾਂ ਕਿ ਬੁੱਧੀ ਦੇ ਨਾਲ ਵਿਚਾਰ ਕੇ ਜਦੋਂ ਅਸੀਂ ਗੁਰੂ ਦੀ ਬਾਣੀ ਦਾ ਸਿਧਾਂਤ ਅੰਦਰ ਲਿਜਾਵਾਂਗੇ, ਉਸ ਵੇਲੇ ਸਾਡਾ ਉਬਾਲ (over-flow) ਹੋ ਕੇ ਜਿਹੜੇ ਮਾੜੇ ਸੰਸਕਾਰ, ਮਾੜੀਆਂ ਗੱਲਾਂ ਅੰਦਰ ਪਈਆਂ ਨੇ, ਉਹ ਬਾਹਰ ਨਿਕਲਣੀਆਂ ਸ਼ੁਰੂ ਹੋ ਜਾਣਗੀਆਂ। ਇਸ ਤਰ੍ਹਾਂ ਦੇ ਨਾਲ ਸਮਝੋ ਕਿ ਇਕ ਪਰਾਤ ਮੈਲੇ ਪਾਣੀ ਦੀ ਭਰੀ ਹੋਈ ਹੈ। 20-30 50 ਦਿਨ ਤੋਂ ਪਰਾਤ ਦੇ ਅੰਦਰ ਪਾਣੀ ਪਾਇਆ ਹੋਇਐ। ਉਹਦੇ ਵਿਚ ਜਾਲਾ ਵੀ ਪੈ ਗਿਆ ਤੇ ਮੈਲੀ ਵੀ ਹੋ ਗਈ ਤੇ ਉਹ ਪਾਣੀ ਦੁਰਗੰਧੀ ਵੀ ਦੇਣ ਲਗ ਗਿਆ। ਹੁਣ ਮੂਸਲਾਧਾਰ ਮੀਂਹ ਪੈਣ ਲਗ ਜਾਵੇ, ਪਰਨਾਲੇ ਦੇ ਥੱਲੇ ਕਿਤੇ ਉਹ ਆ ਜਾਏਗਾ। ਫੇਰ ਕੀ ਹੋਏਗਾ, ਮੀਂਹ ਦਾ ਪਾਣੀ ਐਨੇ ਜ਼ੋਰ ਨਾਲ ਪਵੇਗਾ, ਉਸ ਨੂੰ ਉਛਾਲ ਦੇਵੇਗਾ, ਉਛਲ ਕੇ ਜਿਹੜਾ ਗੰਦਾ ਪਾਣੀ ਹੈ ਉਹ ਨਿਕਲਣਾ ਸ਼ੁਰੂ ਹੋ ਜਾਏਗਾ। ਜਦੋਂ ਗੰਦਾ ਪਾਣੀ ਨਿਕਲਦੇ ਨੂੰ ਦੇਰ ਹੋ ਗਈ ਉਸ ਵੇਲੇ ਹੌਲੀ-ਹੌਲੀ ਸਵੱਛ ਪਾਣੀ ਰਹਿ ਜਾਏਗਾ। ਠੀਕ ਇਸੇ ਤਰ੍ਹਾਂ ਦੇ ਨਾਲ ਸਾਡੇ ਅੰਦਰ ਜਿਹੜੀ ਪਰਾਤ ਹੈ। ਜਿਹਦੇ ਵਿਚ ਅਸੀਂ ਦੁਨੀਆਂ ਭਰ ਦੇ ਔਗੁਣ ਸਾਂਭ ਕੇ ਰੱਖੇ ਹੋਏ ਨੇ। ਜਦੋਂ ਉਹਦੇ ਵਿਚ ਗੁਰੂ ਦੀ ਬਾਣੀ ਦੀ ਵਿਚਾਰ ਜਾਵੇਗੀ, ਉਹ ਉੱਛਲ ਕੇ ਨਿਕਲ ਜਾਣਗੇ ਤੇ ਹਿਰਦਾ ਸ਼ੁੱਧ ਹੋ ਜਾਏਗਾ -

*ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ*
*ਕਾਲਾ ਹੋਆ ਸਿਆਹੁ ॥*
*ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ ॥*
*ਅੰਗ - ੬੫੧*

ਪਰ ਜਦੋਂ ਸਤਿਗੁਰੂ ਦੀ ਮੱਤ ਮਿਲ ਗਈ ਤੇ ਸੰਸਾਰ ਵਲੋਂ ਮਨ ਮੁੜ ਗਿਆ। ਪ੍ਰਮੇਸ਼ਰ ਵਲ ਜਾ ਕੇ ਜਿਉਂਦਾ ਹੋ ਗਿਆ, ਫੇਰ ਉਲਟੀ ਮੱਤ ਹੋ ਜਾਏਗੀ। ਉਸ ਵੇਲੇ ਇਹ ਸਾਰੀ ਪਰਾਤ ਮੂਧੀ ਲੱਗੇਗੀ। ਦੂਜਾ ਪਾਸਾ ਨਿਕਲ ਆਏਗਾ ਜਿੱਧਰ ਸਾਫ ਹੈ। ਉਨਮਨੀ ਅਵਸਥਾ ਸਾਨੂੰ ਪ੍ਰਾਪਤ ਹੋ ਜਾਏਗੀ। ਸੋ ਵਿਚਾਰ ਇਹ ਹੈ ਕਿ ਨਾਮ ਦੇ ਨਾਲ ਦੁੱਖਾਂ ਦਾ ਖਾਤਮਾ ਹੋ ਜਾਂਦੈ। ਪਿਛਲੇ ਦੀਵਾਨਾਂ 'ਚ ਇਸ ਬਾਰੇ ਬਹੁਤ ਵਿਸਥਾਰ ਨਾਲ ਗੱਲ ਕੀਤੀ ਕਿ ਨਾਮ ਦੇ ਨਾਲ ਕਿਵੇਂ ਦੁੱਖਾਂ ਦਾ ਖਾਤਮਾ ਹੋ ਜਾਂਦੈ। ਦੁੱਖ ਹੁੰਦਾ ਹੀ ਤਾਂ ਹੈ ਜੇ ਵਾਹਿਗੁਰੂ ਭੁੱਲ ਜਾਵੇ -

*ਦੁਖੁ ਤਦੇ ਜਾ ਵਿਸਰਿ ਜਾਵੈ॥* *ਅੰਗ - ੯੮*

ਉਂਞ ਦੁਖ ਨਹੀਂ ਹੋਇਆ ਕਰਦਾ, ਸੁਖ ਹੀ ਹੋਇਆ ਕਰਦਾ ਹੈ -

*ਦੁਖ ਨਾਹੀ ਸਭੁ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ॥*
*ਅੰਗ - ੧੩੦੨*

ਐਸੀ ਬਿਰਤੀ ਬਣ ਜਾਂਦੀ ਹੈ ਕਿ ਦੁਖ ਨੂੰ ਦੁਖ ਨਹੀਂ ਕਹਿੰਦਾ, ਸੁਖ ਹੀ ਕਹਿਣਾ ਸ਼ੁਰੂ ਕਰ ਦਿੰਦੈ। ਸੁਖ ਦੀ ਪਰਿਭਾਸ਼ਾ ਖਤਮ ਹੋ ਜਾਂਦੀ ਹੈ।

ਇਕ ਵਾਰੀ ਬਹੁਤ ਸਾਰੇ ਮਹਾਤਮਾ ਇਕੱਠੇ ਹੋਏ ਤੇ ਉਹ ਆਪਣੇ-ਆਪਣੇ ਵਿਚਾਰ ਦੇਣ ਲਗ ਗਏ ਕਿ ਕਿੰਨਾ ਕੁ ਦੁਖ ਸਹਿ ਸਕਦੇ ਹੋਂ। ਇਕ ਮਹਾਤਮਾ ਨੇ ਕਿਹਾ ਕਿ ਜੇ ਮੈਂ ਹੱਥ ਅੱਗ ਦੇ ਵਿਚ ਕਰ ਦੇਵਾਂ, ਮੇਰਾ ਹੱਥ ਜਲਣ ਲਗ ਜਾਵੇ, ਉਹ ਮੈਂ ਸਹਿ ਸਕਦਾ ਹਾਂ। ਇਕ ਨੇ ਕਿਹਾ ਕਿ ਮੇਰੀ ਬਾਂਹ ਉਤੇ ਜਿੰਨਾਂ ਮਰਜ਼ੀ ਭਾਰ ਆ ਜਾਵੇ ਉਹ ਮੈਂ ਦੁਖ ਸਹਿ ਸਕਦਾ ਹਾਂ। ਇਕ ਨੇ ਕਿਹਾ ਕਿ ਜੇ ਮੇਰੇ ਸੌ ਤਲਵਾਰ ਲੱਗੇ ਇੱਕੋ ਜ਼ਖਮ ਦੇ ਉਤੇ, ਉਹ ਵੀ ਮੈਂ ਸਹਿ ਸਕਦਾ ਹਾਂ। ਇਸ ਤਰ੍ਹਾਂ ਆਪਣੇ-ਆਪਣੇ ਬਚਨ ਕਰਦੇ ਗਏ। ਉਥੇ ਇਕ ਮਹਾਂਪੁਰਸ਼ ਬੀਬੀ ਬੈਠੀ ਸੀ, ਜਿਸ ਦਾ ਨਾਮ ਰਾਬੀਆ ਸੀ, ਸਾਰੇ ਬੋਲਦੇ ਨੇ, ਉਹ ਚੁੱਪ ਕਰੀ ਬੈਠੀ ਬਚਨ ਸੁਣੀ ਜਾਂਦੀ ਹੈ। ਜਦੋਂ ਉਹਦੀ ਵਾਰੀ ਆਈ ਤਾਂ ਉਸ ਵੇਲੇ ਪੁੱਛਿਆ ਕਿ ਰਾਬੀਆ ਜੀ ਤੁਸੀਂ ਕੋਈ ਵਿਚਾਰ ਨਹੀਂ ਦਸ ਰਹੇ। ਉਹ ਕਹਿਣ ਲੱਗੀ ਕਿ ਮੈਨੂੰ ਤਾਂ ਇਹ ਪਤਾ ਹੀ ਨਹੀਂ ਕਿ ਸੰਸਾਰ 'ਚ ਕੋਈ ਦੁਖ ਵੀ ਹੁੰਦੈ। ਦੁੱਖ ਜੇ ਮੈਨੂੰ ਅਨੁਭਵ ਹੋਵੇ ਤਾਂ ਹੀ ਮੈਂ ਦਸ ਸਕਦੀ ਹਾਂ। ਯਾਨਿ ਦੁਖ ਅਲੋਪ (vanish) ਹੋ ਗਿਆ ਉਹਦੇ ਹਿਰਦੇ ਦੇ ਅੰਦਰੋਂ-

*ਜੇ ਸੁਖੁ ਦੇਹਿ ਤ ਤੁਝਹਿ ਅਰਾਧੀ*
*ਦੁਖਿ ਭੀ ਤੁਝੈ ਧਿਆਈ ॥ ੨ ॥*
*ਜੇ ਭੁਖ ਦੇਹਿ ਤ ਇਤ ਹੀ ਰਾਜਾ*
*ਦੁਖ ਵਿਚਿ ਸੁਖ ਮਨਾਈ ॥* *ਅੰਗ- ੭੫੭*

ਕਿਉਂਕਿ ਉਥੇ ਨਾਮ ਦਾ ਪੂਰੀ ਤਰ੍ਹਾਂ ਪ੍ਰਕਾਸ਼ ਹੋ ਗਿਆ ਸੀ। ਜੇ ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਜੀ ਨੂੰ ਤਵੀ ਦੇ ਉਤੇ ਬਿਠਾ ਕੇ ਭਾਂਬੜ ਹੇਠਾਂ ਜਾਲ ਕੇ ਲੋਹ ਲਾਲ ਕਰ ਦਿਤੀ ਗਈ ਤੇ ਉਹਦੇ ਉਤੇ ਆਪ ਚੌਂਕੜਾ ਮਾਰੀ ਬੈਠੇ ਨੇ। ਉਤੋਂ ਕੜਛੇ ਗਰਮ-ਗਰਮ ਰੇਤ ਦੇ ਸੀਸ ਵਿਚ ਪਾਏ ਜਾ ਰਹੇ ਨੇ। ਉਹ ਇਸ ਕਰਕੇ ਪਾਏ ਜਾਂਦੇ ਸੀ ਕਿ ਇਹ ਕਿਤੇ ਸੁਰਤੀ ਖਿੱਚ ਕੇ ਦਸਵੇਂ ਦੁਆਰ ਨਾ ਲੈ ਜਾਣ। ਉਹਨਾਂ ਨੂੰ ਇਹਨਾਂ ਗੱਲਾਂ ਦਾ ਪਤਾ ਸੀ ਕਿ ਸੀਸ ਜੇ ਗਰਮ

ਰੱਖਿਆ ਜਾਵੇ ਤਾਂ ਸੁਰਤੀ ਨਹੀਂ ਜਾਂਦੀ, ਇਹ ਬਾਹਰ ਰਹੇਗੀ, ਫੇਰ ਤੜਫਣਗੇ। ਜਦੋਂ ਮੀਆਂ ਮੀਰ ਨੇ ਆ ਕੇ ਹਾਲਤ ਦੇਖੀ ਉਸ ਵੇਲੇ ਉਹ ਪੁਕਾਰ ਉਠਿਆ ਦੋਵੇਂ ਬਾਹਾਂ ਖੜ੍ਹੀਆਂ ਕਰਕੇ ਹੇ ਗੁਰੂ ਅਰਜਨ ਪਾਤਸ਼ਾਹ! ਐਡੀ ਬੇਅਦਬੀ ਨਾਮ ਵਾਲੀ ਹਸਤੀ ਦੀ? ਮੈਂ ਨਹੀਂ ਦੇਖ ਸਕਦਾ-ਮੈਂ ਨਹੀਂ ਦੇਖ ਸਕਦਾ। ਦੋਵੇਂ ਬਾਹਾਂ ਖੜ੍ਹੀਆਂ ਕਰ ਕੇ ਤਾਲੀ ਵਜਾਉਣ ਨੂੰ ਤਿਆਰ ਹੋ ਰਿਹੈ। ਮਹਾਰਾਜ ਜਾਣ ਗਏ ਕਿ ਤਾਲੀ ਮਾਰੇਗਾ ਇਹ। ਤਾਲੀ ਮਾਰਨ ਦੀ ਦੇਰ ਸੀ, ਲਾਹੌਰ ਤੇ ਦਿੱਲੀ ਨੇ ਉਸੇ ਵੇਲੇ ਗਰਕ ਹੋ ਜਾਣਾ ਸੀ। ਉਥੇ ਹੀ ਰੋਕ ਦਿਤਾ। ਕਹਿੰਦੇ, ਨਾ ਮੀਆਂ ਮੀਰ ਤਾਲੀ ਨਾ ਮਾਰੀਂ। ਸਾਨੂੰ ਕੁਛ ਨਹੀਂ ਹੋ ਰਿਹਾ। ਪ੍ਰਭੂ ਵਲੋਂ ਇਕ ਦਾਤ ਹੈ -

*ਕੇਤਿਆ ਦੂਖ ਭੂਖ ਸਦ ਮਾਰ ॥*
*ਏਹਿ ਭਿ ਦਾਤਿ ਤੇਰੀ ਦਾਤਾਰ ॥* *ਅੰਗ- ੫*

*ਤੇਰਾ ਕੀਆ ਮੀਠਾ ਲਾਗੈ ॥*
*ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥* *ਅੰਗ- ੩੯੪*

ਕਹਿਣ ਲੱਗੇ, ਦੁਖ ਤਾਂ ਹੈ ਹੀ ਨਹੀਂ। ਸੋ ਇਸ ਤਰ੍ਹਾਂ ਦੇ ਨਾਲ ਉਹ ਸਤਿ, ਚਿਤ, ਅਨੰਦ ਦੀ ਅਵਸਥਾ ਹੁੰਦੀ ਹੈ। ਉਥੇ ਦੁਖ ਲੇਸ਼ ਮਾਤਰ ਵੀ ਨਹੀਂ ਆਇਆ ਕਰਦਾ। ਸੋ ਦੁਖ ਦਾ ਜਨਮ ਹੀ ਏਥੋਂ ਹੋਇਐ ਜਦੋਂ ਪ੍ਰਮੇਸ਼ਰ ਨੂੰ ਭੁੱਲੇ ਹਾਂ।

ਸਿੱਧਾਂ ਨੇ ਪੁੱਛਿਆ, ਹੇ ਨਾਨਕ! ਦੁਖ ਕਿੱਥੋਂ ਪੈਦਾ ਹੋ ਗਿਆ?

ਮਹਾਰਾਜ ਕਹਿਣ ਲੱਗੇ, ਜਗਤ ਦੀ ਉਤਪਤੀ ਜਦੋਂ ਹੋ ਗਈ, ਨਾਲ ਹੀ ਦੁਖ ਹੋ ਗਿਆ। ਕਹਿੰਦੇ ਤੁਸੀਂ ਤਾ ਕਹਿੰਦੇ ਹੋ ਕਿ ਜਗਤ ਹੈ ਹੀ ਨਹੀਂ, ਤਿੰਨ ਕਾਲ ਹੋਇਆ ਹੀ ਨਹੀਂ। ਇਹ ਇਕ ਭਰਮ ਮਾਤਰ ਹੈ। ਫੇਰ ਜਗਤ ਕਿਵੇਂ ਹੋ ਗਿਆ? ਮਹਾਰਾਜ ਕਹਿੰਦੇ, ਇਕ ਹਉਮੈ (ego) ਤੱਤ ਹੈ। ਉਸ ਨੇ ਪ੍ਰਭੂ ਦੀ ਜੋਤ ਦੇ ਕੌਤਕ ਨੂੰ ਜਗਤ ਬਣਾਇਆ ਹੋਇਐ। ਹਉਮੈ ਦੇ ਘੇਰੇ ਦੇ ਅੰਦਰ ਜਿੰਨਾਂ ਸੰਸਾਰ ਹੈ, ਉਹਨੂੰ ਸੰਸਾਰ ਨਜ਼ਰ ਆਉਂਦੈ। ਜਿਹੜੇ ਹਉਮੈ ਦੇ ਘੇਰੇ ਤੋਂ ਉਤੇ ਨੇ, ਉਹਨਾਂ ਨੂੰ ਸੰਸਾਰ ਨਜ਼ਰ ਨਹੀਂ ਆਉਂਦਾ। ਉਹਨਾਂ ਨੂੰ -

*ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ ॥*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ*
*ਨਦਰੀ ਹਰਿ ਨਿਹਾਲਿਆ ॥*
*ਏਹੁ ਵਿਸੁ ਸੰਸਾਰੁ ਤੁਮ ਦੇਖਦੇ*
*ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ ॥*
*ਅੰਗ- ੯੨੨*

ਜਦੋਂ ਹਰੀ ਦਾ ਰੂਪ ਨਜ਼ਰ ਆ ਗਿਆ, ਫੇਰ ਦੁਖ ਹੈ ਨਹੀਂ। ਦੁਖ ਤਾਂ ਹੈ ਜੇ ਭੁੱਲ ਗਏ-ਹਉਮੈ ਤੱਤ ਦੇ ਵਿਚ, ਹਉਮੈ ਦੇ ਅਸਰ ਹੇਠ ਆ ਕੇ। ਫੇਰ ਦੁਖ ਹੋਇਆ ਕਰਦੈ। ਗੱਲ ਨੂੰ ਸਮਝੋ। ਕਿਉਂਕਿ ਦੁਖ ਦੀ ਚਰਚਾ ਚਲ ਪਈ। ਆਹ ਦੂਜੇ ਦੁਖ ਤਾਂ ਮਾਮੂਲੀ ਗੱਲਾਂ ਨੇ ਸਾਰੀਆਂ। ਅਸਲੀ ਦੁਖ ਜਿਥੇ ਜਾਣਾ ਹੈ ਮੈਂ ਉਹਦੀ ਬਾਤ ਕਰ ਰਿਹਾ ਹਾਂ। ਸੋ ਮਹਾਰਾਜ ਕਹਿੰਦੇ -

*ਹਉਮੈ ਵਿਚਿ ਜਗੁ ਉਪਜੈ ਪੁਰਖਾ*
*ਨਾਮਿ ਵਿਸਰਿਐ ਦੁਖੁ ਪਾਈ ॥* *ਅੰਗ- ੯੪੬*

ਸੋ ਨਾਮ ਜੇ ਯਾਦ ਆ ਜਾਵੇ, ਫੇਰ ਕੀ ਹੁੰਦੈ? ਫੇਰ ਸੁੱਖ ਹੋ ਜਾਂਦੈ। ਮਹਾਰਾਜ ਕਹਿੰਦੇ -

*ਲਲਾ ਲਾਵਉ ਅਉਖਧ ਜਾਹੂ ॥*
*ਦੂਖ ਦਰਦ ਤਿਹ ਮਿਟਹਿ ਖਿਨਾਹੂ ॥* *ਅੰਗ- ੨੫੯*

ਇਕ ਅੱਖ ਦੇ ਫੁਨਕਾਰੇ ਦੇ ਅੰਦਰ ਦੁਖ ਤੇ ਦਰਦ ਉਹਦਾ ਮਿਟ ਜਾਂਦਾ ਹੈ। ਉਹ ਕਿਵੇਂ ਮਿਟਦਾ ਹੈ? ਕਹਿੰਦੇ ਜਿਹੜੀ ਦਵਾਈ ਹੈ ਉਹਦੇ ਨਾਲ ਪਿਆਰ ਹੋਣਾ ਚਾਹੀਦਾ ਹੈ। ਹਿਰਦੇ 'ਚ ਪਿਆਰ ਹੋਵੇ। ਉਹ ਦਵਾਈ ਲਗਦੀ ਪਿਆਰ ਨਾਲ ਹੈ। ਬਾਕੀ ਦਵਾਈਆਂ ਅਸੀਂ ਪਾਣੀ ਨਾਲ ਲੈਂਦੇ ਹਾਂ। ਕੋਈ ਦੁੱਧ ਨਾਲ ਲੈਂਦੇ ਹਾਂ, ਕਿਸੇ ਨੂੰ ਸ਼ਰਬਤ ਨਾਲ ਲੈਂਦੇ ਹਾਂ। ਬੇਅੰਤ ਦਵਾਈਆਂ ਨੇ ਜਿਹੜੇ ਕਹਿੰਦੇ ਨੇ ਜੀ, ਖਸ ਦੇ ਸ਼ਰਬਤ ਨਾਲ ਲੈਣੀ ਹੈ ਜਾਂ ਬਦਾਮਾਂ ਦੇ ਸ਼ਰਬਤ ਨਾਲ ਲੈਣੀ ਹੈ। ਕਈ ਦਵਾਈਆਂ ਨੇ ਜਿਹੜੀਆਂ ਕਹਿੰਦੇ ਨੇ ਠੰਡਿਆਈ ਨਾਲ ਲੈਣੀਆਂ ਨੇ। ਕਈ ਕਹਿੰਦੇ ਨੇ ਕਿ ਪਾਣੀ ਨਾਲ ਲੈਣੀ ਹੈ, ਦੁੱਧ ਨਾਲ ਨਹੀਂ ਲੈਣੀ। ਕਈ ਕਹਿੰਦੇ ਨੇ ਦੁੱਧ ਨਾਲ ਦਵਾਈ ਲੈਣੀ ਹੈ। ਕਈ ਕਹਿੰਦੇ ਨੇ, ਲੱਸੀ ਨਾਲ ਇਹ ਦਵਾਈ ਲੈਣੀ ਹੈ। ਇਹ ਜਿਹੜੀ ਨਾਮ ਦੀ ਦਵਾਈ ਲੈਣੀ ਹੈ ਇਹਦੇ ਵਾਸਤੇ ਪਾਣੀ ਨਹੀਂ ਹੈ। ਮਹਾਰਾਜ ਕਹਿੰਦੇ, ਇਹਦੇ ਵਾਸਤੇ ਹੈ ਪ੍ਰੇਮ। ਇਸ ਦਵਾਈ ਦੇ ਨਾਲ ਪ੍ਰੇਮ ਹੋਵੇ, ਪ੍ਰੇਮ ਨਾਲ ਜਦੋਂ ਅਸੀਂ ਇਹ ਦਵਾਈ ਲਵਾਂਗੇ। ਫੇਰ ਕੀ ਹੋਏਗਾ -

*ਨਾਮ ਅਉਖਧੁ ਜਿਹ ਰਿਦੈ ਹਿਤਾਵੈ ॥*
*ਤਾਹਿ ਰੋਗੁ ਸੁਪਨੈ ਨਹੀ ਆਵੈ ॥*
*ਹਰਿ ਅਉਖਧੁ ਸਭ ਘਟ ਹੈ ਭਾਈ ॥*

*ਗੁਰ ਪੂਰੇ ਬਿਨੁ ਬਿਧਿ ਨ ਬਨਾਈ ॥*
*ਗੁਰਿ ਪੂਰੈ ਸੰਜਮੁ ਕਰਿ ਦੀਆ ॥*
*ਨਾਨਕ ਤਉ ਫਿਰਿ ਦੂਖ ਨ ਥੀਆ ॥ ਅੰਗ - ੨੫੯*

'ਹਿਤਾਵੈ' ਕਹਿੰਦੇ ਨੇ ਜਿਹਨੂੰ ਪਿਆਰੀ ਲੱਗੇ। ਪਿਆਰ ਦੀ ਨਿਸ਼ਾਨੀ ਇਹ ਹੁੰਦੀ ਹੈ ਕਿ -

*ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।*
*ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ।*
*ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ।*
*ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।*
*ਡਾ. ਭਾਈ ਵੀਰ ਸਿੰਘ ਜੀ*

'ਖਿੱਚ' ਹੋਇਆ ਕਰਦੀ ਹੈ ਪਿਆਰ ਦੀ ਨਿਸ਼ਾਨੀ। ਹਰ ਵਕਤ ਖਿੱਚ ਪਈ ਰਹਿਣੀ ਇਹ ਪਿਆਰ ਹੈ। ਖਿੱਚ ਤੋਂ ਬਗੈਰ ਬੰਦਾ ਮੁਰਦਾ ਹੈ। ਜੇ ਖਿੱਚ ਹੀ ਨਹੀਂ ਕਿਸੇ ਦੇ ਅੰਦਰ ਤਾਂ ਸਮਝ ਲਓ, ਲੋਥਾਂ ਤੁਰੀਆਂ ਫਿਰਦੀਆਂ ਨੇ। ਐਸਾ ਮਹਾਰਾਜ ਦਾ ਫੁਰਮਾਨ ਹੈ -

*ਧਾਰਨਾ - ਮਿਰਤਕ ਕਹੀਏ ਨਾਨਕਾ,*
*ਜਿਹ ਪ੍ਰੀਤ ਨਹੀਂ ਭਗਵੰਤ।*
*ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥*
*ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥*
*ਅੰਗ- ੨੫੩*

ਇੰਨੀਆਂ ਸਿਫ਼ਤਾਂ ਦੇ ਹੁੰਦਿਆਂ ਹੋਇਆ ਫੇਰ ਵੀ ਉਹ ਲੋਥ ਹੈ। 'ਅਤਿ ਸੁੰਦਰ' ਉਹਦੇ ਮੁਕਾਬਲੇ 'ਤੇ ਕੋਈ ਹੋਰ ਵਿਅਕਤੀ ਦੁਨੀਆਂ ਦਾ ਸੁੰਦਰ ਨਾ ਹੋਵੇ। 'ਕੁਲੀਨ' ਸਬ ਤੋਂ ਉੱਚੀ ਕੁਲ ਨਾਲ ਸਬੰਧ ਰਖਦਾ ਹੋਵੇ। 'ਚਤੁਰ' ਉਹਦੇ ਮੁਕਾਬਲੇ 'ਤੇ ਕੋਈ ਵੀ ਅਕਲ ਦਾ ਧਨੀ ਨਾ ਹੋਵੇ। 'ਮੁਖਿ ਙਿਆਨੀ' ਮੂੰਹ ਦੇ ਨਾਲ ਬੇਅੰਤ ਬਚਨ ਕਰਨ ਵਾਲਾ ਹੋਵੇ। 'ਧਨਵੰਤ' ਸਾਰੀ ਦੁਨੀਆਂ ਦੇ ਵਿਚੋਂ ਧਨਵਾਨ ਹੋਵੇ। ਪੰਜ ਸਿਫ਼ਤਾਂ ਇਕ ਬੰਦੇ ਵਿਚ ਹੋਣ। ਮਹਾਰਾਜ ਕਹਿੰਦੇ ਉਹ ਵੀ ਜਿਉਂਦਾ ਨਹੀਂ ਕਿਉਂਕਿ ਉਹਦੇ ਅੰਦਰ ਪਿਆਰ ਨਹੀਂ ਹੈ। ਪਿਆਰ ਇਕ ਰੌ ਹੈ ਜਿਹੜੀ ਵਾਹਿਗੁਰੂ ਵਲੋਂ ਹਿਰਦੇ 'ਚ ਆ ਕੇ ਟਿਕਦੀ ਹੈ। ਉਹ ਰੌ ਦੀ ਨਿਸ਼ਾਨੀ ਹੁੰਦੀ ਹੈ ਕਿ ਆਦਮੀ ਖਿੱਚ ਵਿਚ ਰਹਿੰਦਾ ਹੈ ਹਰ ਵਕਤ। ਖਿੱਚ ਪਈ ਰਹਿੰਦੀ ਹੈ। ਜਿਹਨੂੰ ਖਿੱਚ ਪਈ ਰਹਿੰਦੀ ਹੈ ਉਹ ਤਾਂ ਜਿਉਂਦਾ ਹੈ -

*ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥*
*ਨਾਨਕ ਅਵਰੁ ਨ ਜੀਵੈ ਕੋਇ ॥*
*ਜੇ ਜੀਵੈ ਪਤਿ ਲਥੀ ਜਾਇ ॥*
*ਸਭੁ ਹਰਾਮੁ ਜੇਤਾ ਕਿਛੁ ਖਾਇ ॥ ਅੰਗ- ੧੪੨*

ਕਹਿੰਦੇ, ਹਰਾਮ ਖਾਂਦੇ ਨੇ ਜਿਹਨਾਂ ਦੇ ਅੰਦਰ ਖਿੱਚ ਨਹੀਂ ਹੈ। ਪਸ਼ੂਆਂ ਵਾਂਗੂੰ ਪੇਟ ਭਰਦੇ ਨੇ। ਕੇਵਲ ਅੰਨ ਖਾਣ ਵਾਸਤੇ ਜਿਉਂਦੇ ਨੇ। ਅੰਨ ਮੁਕਾਉਣ ਵਾਸਤੇ, ਕੱਪੜੇ ਪਾਵਨ ਵਾਸਤੇ, ਇਹਦੇ ਵਾਸਤੇ ਉਹਨਾਂ ਦੀ ਜ਼ਿੰਦਗੀ ਹੈ। ਜ਼ਿੰਦਗੀ ਨੂੰ ਮਾਣਦੇ (enjoy) ਨਹੀਂ ਕਰਦੇ, ਕਿਉਂਕਿ ਅੰਦਰ ਪਿਆਰ ਦੀ ਅੰਸ ਨਹੀਂ ਹੈ। ਅੰਸ ਨਾ ਹੋਣ ਕਰਕੇ - ***'ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥'*** ਕਹਿੰਦੇ, ਉਹ ਤਾਂ ਮਰਿਆ ਹੋਇਆ ਬੰਦਾ ਹੈ ਕਿਉਂਕਿ ਉਹਦੇ ਅੰਦਰ ਖਿੱਚ ਨਹੀਂ ਹੈ। ਸੋ ਜੇ ਇਹੀ ਖਿੱਚ ਨਾਮ ਵਲ ਹੋਵੇ। ਫੇਰ ਕਹਿੰਦੇ ਕੀ ਹੁੰਦੈ, ਮਹਾਰਾਜ ਕਹਿੰਦੇ? ਕਿੰਨਾ ਸਾਦਾ ਸ਼ਬਦ ਹੈ, ਸਿਧਾਂਤ ਕਿੰਨਾ ਗਹਿਰਾ ਹੈ ਇਹਦੇ ਅੰਦਰ। ਰੋਜ਼ ਹੀ ਪੜ੍ਹਦੇ ਹਾਂ ਅਸੀਂ - ***'ਨਾਮ ਅਉਖਧੁ ਜਿਹ ਰਿਦੈ ਹਿਤਾਵੈ ॥'*** ਬਿਮਾਰੀਆਂ ਕਿਉਂ ਹੋਣ ਜੇ ਅਸੀਂ ਇਸ ਤੁਕ ਨੂੰ ਅੰਦਰ ਵਸਾ ਲਈਏ, ਬਿਮਾਰ ਹੁੰਦਾ ਹੀ ਨਹੀਂ ਬੰਦਾ। ਉਹ ਤਾਂ ਹੁੰਦੈ ਜਦੋਂ ਅਸੀਂ ਉਲੰਘਣਾ ਕਰਦੇ ਹਾਂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਾਕਾਂ ਦੀ, ਉਪਦੇਸ਼ਾਂ ਦੀ। ਫੇਰ ਕੁਦਰਤੀ ਬਿਮਾਰ ਹੋ ਜਾਂਦੇ ਹਾਂ। ਸੋ ਨਾਮ ਦੀ ਦਵਾਈ ਜੇ ਕਿਸੇ ਦੇ ਹਿਰਦੇ ਵਿਚ ਪਿਆਰੀ ਲੱਗੇ, ਖਿੱਚ ਖਾਵੇ। ਫੇਰ ਉਹ ਕੀ ਕਰੇਗਾ, ਹਰ ਵਕਤ ਨਾਮ ਦੇ ਵਿਚ ਰਹੇਗਾ। ਨਾਮ ਬਾਹਰੋਂ ਤਾਂ ਨਹੀਂ ਆਉਣਾ, ਕਿਤੋਂ! ਅੰਦਰੋਂ ਹੀ ਆਉਣੈ। ਜਿਹੜੀ ਚੀਜ਼ ਮੌਜੂਦ ਹੈ, ਕਿਸੇ ਨੇ ਰੋਕਣੀ ਨਹੀਂ ਹੈ, ਕਿਸੇ ਨੇ ਟੋਕਣੀ ਨਹੀਂ ਹੈ। ਫੇਰ ਤਾਂ ਉਹਦੇ ਪਿਆਰ ਵਿਚ ਹਰ ਵਕਤ ਹੀ ਰਹੇਗਾ। ਜਦੋਂ ਪਿਆਰ ਵਿਚ ਰਹੇਗਾ - ***'ਤਾਹਿ ਰੋਗੁ ਸੁਪਨੈ ਨਹੀ ਆਵੈ ॥'*** ਸੁਪਨੇ ਦੇ ਵਿਚ ਵੀ ਨਾ ਮਾਨਸਿਕ, ਨਾ ਸਰੀਰਿਕ, ਨਾ ਆਧੀ, ਬਿਆਧੀ, ਉਪਾਧੀ, ਕਿਸੇ ਕਿਸਮ ਦਾ ਦੁਖ ਉਹਨੂੰ ਨਹੀਂ ਆ ਸਕੇਗਾ - ***'ਹਰਿ ਅਉਖਧੁ ਸਭ ਘਟ ਹੈ ਭਾਈ ॥'*** ਕਿੱਥੋਂ ਮਿਲੇ ਇਹ ਦਵਾਈ? ਮਹਾਰਾਜ ਕਹਿੰਦੇ, ਦੂਰ ਨਹੀਂ ਰੱਖੀ ਅਕਾਲ ਪੁਰਖ ਨੇ, ਜਿਹਨੇ ਸੰਸਾਰ ਦੀ ਸਾਜਨਾ ਕਰੀ ਹੈ, ਜਿਸ ਤਰ੍ਹਾਂ ਬਾਹਰ ਜੜ੍ਹੀਆਂ-ਬੂਟੀਆਂ ਪੈਦਾ ਕਰੀਆਂ ਨੇ ਕਿ ਆਹ ਮਨੁੱਖ ਨੇ ਗਲਤ ਕੰਮ ਕਰਕੇ ਬਿਮਾਰ ਹੋਣੈ ਤੇ ਅੰਦਰਲੀ ਦਵਾਈ ਦਾ ਇਹਨੂੰ ਪਤਾ ਨਹੀਂ ਲਗਣਾ ਤਾਂ ਪ੍ਰਮੇਸ਼ਰ ਨੇ ਰਹਿਮ ਕਰ ਦਿਤਾ ਸਾਡੇ ਉਤੇ, ਬਖਸ਼ਿਸ਼ ਕਰ ਦਿਤੀ, ਮਿਹਰ ਕਰ ਦਿਤੀ ਕਿ ਬਾਹਰੋਂ ਦਵਾਈ ਲੈ ਲਏਗਾ।

*'ਚਲਦਾ..........॥'*

*(ਵੀਡੀਓ ਫਿਲਮ ਦੀਵਾਨ ਨੰਬਰ 115)*

# ਦਮਿ ਦਮਿ ਸਦਾ ਸਮਾਲਦਾ ਦੰਮੁ ਨ ਬਿਰਥਾ ਜਾਇ ॥

*ਸੰਤ ਬਾਬਾ ਹਰਪਾਲ ਸਿੰਘ ਜੀ*
*ਐਡੀਟਰ-ਇਨ-ਚੀਫ, ਆਤਮ ਮਾਰਗ*

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧਸੰਗਤ ਜੀਓ! ਖਿਆਲਾਂ ਨੂੰ ਬਾਹਰ ਜਾਣ ਤੋਂ ਰੋਕੀਏ, ਚਿੱਤ ਬਿਰਤੀਆਂ ਨੂੰ ਕਰੀਏ ਇਕਾਗਰ, ਰਸਨਾ ਦੀ ਪਵਿੱਤਰਤਾ ਦੇ ਵਾਸਤੇ, ਸਾਰੇ ਹੀ ਉਚਾਰਨ ਕਰੋ ਜੀ 'ਸਤਿਨਾਮੁ ਸ੍ਰੀ ਵਾਹਿਗੁਰੂ।'

*ਅਬਿਨਾਸੀ ਜੀਅਨ ਕੋ ਦਾਤਾ ਸਿਮਰਤ ਸਭ ਮਲੁ ਖੋਈ ॥*
*ਗੁਣ ਨਿਧਾਨ ਭਗਤਨ ਕਉ ਬਰਤਨਿ*
*ਬਿਰਲਾ ਪਾਵੈ ਕੋਈ ॥ ੧ ॥*
*ਮੇਰੇ ਮਨ ਜਪਿ ਗੁਰ ਗੋਪਾਲ ਪ੍ਰਭੁ ਸੋਈ ॥*
*ਜਾ ਕੀ ਸਰਣਿ ਪਇਆਂ ਸੁਖੁ ਪਾਈਐ*
*ਬਾਹੁੜਿ ਦੂਖੁ ਨ ਹੋਈ ॥ ੧ ॥ ਰਹਾਉ ॥*
*ਵਡਭਾਗੀ ਸਾਧਸੰਗੁ ਪਰਾਪਤਿ*
*ਤਿਨ ਭੇਟਤ ਦੁਰਮਤਿ ਖੋਈ ॥*
*ਤਿਨ ਕੀ ਧੂਰਿ ਨਾਨਕੁ ਦਾਸੁ ਬਾਛੈ*
*ਜਿਨ ਹਰਿ ਨਾਮੁ ਰਿਦੈ ਪਰੋਈ ॥ ਅੰਗ- ੬੧੮*

ਗੁਰੂ ਮਹਾਰਾਜ ਦੀ ਮਿਹਰ ਸਦਕਾ ਸਾਨੂੰ ਸਤਿਸੰਗ ਕਰਨ ਦੇ ਸੁਭਾਗ ਪ੍ਰਾਪਤ ਹੋ ਰਹੇ ਹਨ। ਸਤਿਸੰਗ ਦੇ ਲਾਭ ਹੀ ਲਾਭ ਹਨ -

*ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ ॥*
*ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ ॥ ਅੰਗ- ੧੩੭੭*

ਥੋੜ੍ਹਾ ਜਿਹਾ ਸਮਾਂ ਵੀ ਜੇ ਆਪਾਂ ਗੁਰੂ ਚਰਨਾਂ ਦੇ ਵਿਚ ਬੈਠ ਕੇ, ਨਾਮ ਦੇ ਵਿਚ ਸਾਡੀ ਬਿਰਤੀ ਜਾਵੇ, ਝਲਕਾਰਾ ਵੱਜ ਜਾਵੇ -

*ਨਿਮਖ ਏਕ ਹਰਿ ਨਾਮੁ ਦੇਇ*
*ਮੇਰਾ ਮਨੁ ਤਨੁ ਸੀਤਲੁ ਹੋਇ ॥ ਅੰਗ - ੪੪*

'ਨਿਮਖ' ਅੱਖ ਦੇ ਝਮਕਣ ਜਿੰਨਾ ਸਮਾਂ। ਐਨਾ ਕੇ ਵੀ ਝਲਕਾਰਾ ਵੱਜ ਗਿਆ। ਜਦੋਂ ਐਨਾ ਕੁ ਵੀ ਸਮਾਂ ਮਿਲ ਗਿਆ, ਸਮਝੋ ਕੋਈ ਸਾਡੇ ਸ਼ੁਭ ਕਰਮ ਫਲ ਦੇਣ ਵਾਸਤੇ, ਸੰਚਿਤ ਕਰਮ ਫਲ ਦੇਣ ਵਾਸਤੇ ਤਿਆਰ ਹੋਏ ਹਨ ਤੇ ਅਸੀਂ ਗੁਰੂ ਚਰਨਾਂ ਦੇ ਵਿਚ ਹਾਜ਼ਰ ਹੋਏ ਹਾਂ। ਕਰਮ ਫਿਲਾਸਫੀ ਭਾਵੇਂ ਬਹੁਤ ਲੰਮੀ ਹੈ ਪਰ ਤਿੰਨ ਪ੍ਰਕਾਰ ਦੇ ਪ੍ਰਮੁੱਖ ਕਰਮ ਹਨ- ਜਿਨ੍ਹਾਂ ਦੇ ਵਿਚ ਕ੍ਰਿਆਮਾਨ ਕਰਮ ਹੈ, ਸੰਚਿਤ ਕਰਮ ਹੈ, ਪਰਾਲਬਧ ਕਰਮ ਹੈ। ਕ੍ਰਿਆਮਾਨ, ਵਰਤਮਾਨ ਸਮੇਂ ਵਿਚ ਆਪਾਂ ਕਰ ਰਹੇ ਹਾਂ। ਸੰਚਿਤ ਕਰਮ, ਜਿਹੜੇ ਜਮ੍ਹਾਂ ਪਏ ਸ਼ੁਭ ਕਰਮ ਹਨ, ਗੁਰੂ ਚਰਨਾਂ ਵਿਚ ਆਏ। ਪਰਾਲਬਧ ਦੇ ਵਿਚ ਜੋ ਕਰਮ ਹਨ -

*ਭੋਗੇ ਬਿਨ ਭਾਗੇ ਨਹੀਂ ਕਰਮ ਗਤੀ ਬਲਵਾਨ।*

ਉਹ ਚੰਗਾ ਮੰਦਾ ਕਰਮ ਜਿਹੜਾ ਹੈ ਉਹ ਪਰਾਲਬਧ ਅਨੁਸਾਰ ਭੋਗਿਆ ਜਾਂਦਾ ਹੈ। ਜਦੋਂ ਗੁਰੂ ਚਰਨਾਂ ਨਾਲ ਜੁੜ ਜਾਈਏ -

*ਗੁਰ ਕਾ ਸਬਦੁ ਕਾਟੈ ਕੋਟਿ ਕਰਮ ॥ ਅੰਗ- ੧੧੯੫*

ਐਸੇ ਜਿਹੜੇ ਉਲਟੇ ਕਰਮ ਹਨ -

*ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ ॥*
*ਅੰਗ- ੧੩੩*

ਉਹ ਸਾਰੇ ਜਿਹੜੇ ਹਨ, ਦਗਧ ਹੋ ਜਾਂਦੇ ਹਨ, ਸ਼ੁਭ ਕਰਮ ਫਲ ਦੇਣ ਵਾਸਤੇ ਤਿਆਰ ਹੋ ਜਾਂਦੇ ਹਨ-

*ਬਿਨੁ ਭਾਗਾ ਸਤਸੰਗੁ ਨ ਲਭੈ*
*ਬਿਨੁ ਸੰਗਤਿ ਮੈਲੁ ਭਰੀਜੈ ਜੀਉ ॥ ਅੰਗ- ੯੫*

ਭਾਗਾਂ ਤੋਂ ਬਗੈਰ ਸੰਗਤ ਨਹੀਂ ਮਿਲਦੀ ਤੇ ਸੰਗਤ ਤੋਂ ਬਗੈਰ ਮੈਲ ਪੈ ਜਾਂਦੀ ਹੈ। ਕਿੰਨੀ ਮੈਲ ਲੱਗੀ ਹੈ। ਅੰਤਸ਼ਕਰਣ ਚਾਰ ਦਾ ਜੋੜ ਹੈ-ਮਨ, ਚਿਤ, ਬੁੱਧ ਤੇ ਅਹੰਭਾਵ। ਇਹ ਜਿਹੜਾ ਅਹੰਭਾਵ ਹੈ, ਹੰਗਤਾ, ਮਮਤਾ, ਮੈਂ ਮੇਰੀ ਇਹ ਅੰਤਸ਼ਕਰਣ ਦੇ ਉਤੇ ਐਸੀ ਮੈਲ ਹੈ ਕਿ -

*ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ*
*ਕਾਲਾ ਹੋਆ ਸਿਆਹੁ ॥*
*ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ ॥*
*ਅੰਗ- ੬੫੧*

ਇਹ ਮੈਲ ਜਨਮਾਂ-ਜਨਮਾਂ ਦੀ ਲੱਗੀ ਹੋਈ ਹੈ। ਇਹ ਮੈਲ ਉਤਰਦੀ ਹੀ ਇਸ ਤਰ੍ਹਾਂ ਹੈ -

*ਗੁਨ ਗਾਵਤ ਤੇਰੀ ਉਤਰਸਿ ਮੈਲੁ ॥*
*ਬਿਨਸਿ ਜਾਇ ਹਉਮੈ ਬਿਖੁ ਫੈਲੁ ॥ ਅੰਗ- ੨੮੯*

ਜੋ ਇਹ ਗੁਰੂ ਦਾ ਮੰਤਰ ਹੈ, ਗੁਰਮਤਿ ਦੇ ਵਿਚ ਜੋ ਮੰਤ੍ਰ ਹੈ, ਉਹ ਪੰਜ ਪਿਆਰੇ ਜਦੋਂ ਅੰਮ੍ਰਿਤ ਛਕਾਉਂਦੇ ਹਨ, ਜਦੋਂ ਗੁਰੂ ਗ੍ਰੰਥ ਪਾਤਸ਼ਾਹ ਜੀ ਨੂੰ ਗੁਰੂ ਧਾਰਨ ਕਰਦੇ ਹਾਂ ਤਾਂ ਦ੍ਰਿੜ੍ਹ ਕਰਵਾਉਂਦੇ ਹਨ। ਮੂਲਮੰਤਰ ਹੈ, ਗੁਰਮੰਤ੍ਰ ਹੈ। ਇਹ ਮੰਤਰ ਉਸ ਨਾਮ ਤਕ ਪਹੁੰਚਾਉਂਦੇ ਹਨ ਕਿਉਂਕਿ ਜਿਹੜਾ ਨਾਮ ਹੈ -

*ਸਤਸੰਗਤਿ ਕੈਸੀ ਜਾਣੀਐ ॥*
*ਜਿਥੈ ਏਕੋ ਨਾਮੁ ਵਖਾਣੀਐ ॥* *ਅੰਗ- ੭੨*

ਸਤਿਸੰਗ ਦੀ ਨਿਸ਼ਾਨੀ ਇਹ ਹੈ ਕਿ ਨਾਮ ਨਾਲ ਜੁੜਿਆ ਜਾਂਦਾ ਹੈ -

*ਨਾਮ ਕੇ ਧਾਰੇ ਸਗਲੇ ਜੰਤ ॥*
*ਨਾਮ ਕੇ ਧਾਰੇ ਖੰਡ ਬ੍ਰਹਮੰਡ ॥* *ਅੰਗ- ੨੮੪*

ਪਰ ਉਹ ਨਾਮ ਸਭ ਦੇ ਅੰਦਰ ਹੋਣ ਦੇ ਬਾਵਜੂਦ ਪ੍ਰਗਟ ਕਰਨ ਦਾ ਇਕ ਮਨੁੱਖ ਤੋਂ ਬਿਨਾਂ ਕਿਸੇ ਨੂੰ ਅਧਿਕਾਰ ਨਹੀਂ ਹੈ। ਤਾਂ ਹੀ ਤਾਂ -

*ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ*
*ਸੁ ਅੰਮ੍ਰਿਤੁ ਗੁਰ ਤੇ ਪਾਇਆ ॥* *ਅੰਗ- ੯੧੮*

ਉਹ ਇਸ ਖੋਜ ਵਿਚ ਪੈਂਦੇ ਹਨ। ਉਹ ਲੋਚਾ ਰਖਦੇ ਨੇ ਕਿ ਸਾਨੂੰ ਵੀ ਮਾਨੁਖ ਤਨ ਮਿਲੇ -

*ਇਸ ਦੇਹੀ ਕਉ ਸਿਮਰਹਿ ਦੇਵ ॥*
*ਸੋ ਦੇਹੀ ਭਜੁ ਹਰਿ ਕੀ ਸੇਵ ॥* *ਅੰਗ- ੧੧੫੯*

ਉਹ ਇਸ ਨੂੰ ਲੱਭਦੇ ਹਨ, ਲੋਚਦੇ ਹਨ, ਖੋਜਦੇ ਹਨ ਕਿ ਮਾਨੁਖ ਤਨ ਮਿਲੇ। ਸਾਨੂੰ ਵੀ ਮਾਨੁਖਾ ਤਨ ਭਗਤੀ ਲਈ ਮਿਲਿਆ ਹੈ -

*ਗੁਰ ਸੇਵਾ ਤੇ ਭਗਤਿ ਕਮਾਈ ॥*
*ਤਬ ਇਹ ਮਾਨਸ ਦੇਹੀ ਪਾਈ ॥* *ਅੰਗ- ੧੧੫੯*

ਇਸੇ ਵਾਸਤੇ ਮਿਲਿਆ ਹੈ ਕਿ ਅਸੀਂ ਇਸ ਦੇ ਨਾਲ ਸੇਵਾ ਤੇ ਸਿਮਰਨ ਕਰੀਏ -

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥* *ਅੰਗ - ੧੨*

ਬਾਕੀ ਕੰਮ ਹਨ ਉਹ ਪਰਾਲਬਧ ਦੇ ਅਨੁਸਾਰ ਹੁੰਦੇ ਹਨ, ਉਹ ਮਿਲਣਾ ਹੀ ਮਿਲਣਾ ਹੈ ਪਰਾਲਬਧ ਦੇ ਅਨੁਸਾਰ। ਰਹਿਰਾਸ ਸਾਹਿਬ 'ਚ ਰੋਜ਼ ਪੜ੍ਹਦੇ ਹਾਂ, ਸੁਣਦੇ ਹਾਂ -

*ਕਾਹੇ ਰੇ ਮਨ ਚਿਤਵਹਿ ਉਦਮੁ*
*ਜਾ ਆਹਰਿ ਹਰਿ ਜੀਉ ਪਰਿਆ ॥*
*ਸੈਲ ਪਥਰ ਮਹਿ ਜੰਤ ਉਪਾਏ*
*ਤਾ ਕਾ ਰਿਜਕੁ ਆਗੈ ਕਰਿ ਧਰਿਆ ॥* *ਅੰਗ - ੧੦*

ਜ਼ਿੰਦਗੀ ਦਾ ਸਫ਼ਰ ਕਿੰਨਾ ਸਮਾਂ ਤਾਂ ਸੌਂ ਕੇ ਲੰਘ ਗਿਆ, ਜ਼ਿੰਦਗੀ ਦਾ ਤੀਜਾ ਹਿੱਸਾ। ਬਾਕੀ ਕੰਮਾਂ ਕਾਰਾਂ ਦੇ ਵਿਚ, ਧੰਦਿਆਂ ਵਿਚ, ਵਿਸ਼ੇ ਵਿਕਾਰਾਂ ਵਿਚ ਲੰਘ ਗਿਆ। ਸਮਾਂ ਨਹੀਂ ਕਿਸੇ ਨੂੰ ਉਡੀਕਦਾ। ਸਤਿਸੰਗ ਦਾ ਪ੍ਰਯੋਜਨ ਹੀ ਅਸਲ ਵਿਚ ਨਾਲ ਜਾਂਦਾ ਹੈ। ਬਾਕੀ ਕੁਛ ਨਹੀਂ ਜਾਂਦਾ। ਸਤਿਸੰਗ ਦੇ ਵਿਚ ਅਸੀਂ ਬੈਠਦੇ ਹਾਂ, ਪ੍ਰਮੇਸ਼ਰ ਨਾਲ ਜੁੜਦੇ ਹਾਂ, ਮਨ ਨੂੰ ਪ੍ਰਮੇਸ਼ਰ ਨਾਲ ਲਾਉਣ ਲਈ ਮਨਾਉਂਦੇ ਹਾਂ ਕਿ ਪਿਆਰਿਆ! ਹੁਣ ਤਕ ਤੂੰ ਆਪਣੀਆਂ ਮਨ ਮਰਜ਼ੀਆਂ ਕਰ ਲਈਆਂ। ਹੁਣ ਤੂੰ -

*ਗੁਰ ਕੀ ਮਤਿ ਤੂੰ ਲੇਹਿ ਇਆਨੇ ॥* *ਅੰਗ- ੨੮੮*

ਹੁਣ ਤੂੰ ਇਹ ਧਾਰਨ ਕਰ। ਕਿਉਂਕਿ ਸਾਰਾ ਕੰਮ ਮਨ ਦਾ ਹੈ -

*ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ ॥*
*ਮਨ ਹੀ ਮਨ ਸਿਉ ਕਹੈ ਕਬੀਰਾ*
*ਮਨ ਸਾ ਮਿਲਿਆ ਨ ਕੋਇ ॥* *ਅੰਗ- ੩੪੨*

*ਮਨ ਸਮਝਾਵਨ ਕਾਰਨੇ ਕਛੂਅਕ ਪੜੀਐ ਗਿਆਨ ॥*
*ਅੰਗ- ੩੪੦*

ਮਨ ਨੂੰ ਸਮਝਾਉਣ ਦਾ ਇਹ ਇਕ ਯਤਨ ਹੈ। ਸਤਿਸੰਗ ਵਿਚ ਆਉਂਦੇ ਹਾਂ, ਕਿਉਂਕਿ ਸਤਿਸੰਗ ਐਸਾ ਹੈ ਕਿ -

*ਸੰਤਸੰਗਿ ਅੰਤਰਿ ਪ੍ਰਭੁ ਡੀਠਾ ॥*
*ਨਾਮੁ ਪ੍ਰਭੂ ਕਾ ਲਾਗਾ ਮੀਠਾ ॥* *ਅੰਗ- ੨੯੩*

ਨਹੀਂ ਤਾਂ ਕੀ ਹੈ? -

*ਅੰਮ੍ਰਿਤੁ ਕਉਰਾ ਬਿਖਿਆ ਮੀਠੀ ॥*
*ਸਾਕਤ ਕੀ ਬਿਧਿ ਨੈਨਹੁ ਡੀਠੀ ॥* *ਅੰਗ- ੮੯੨*

ਇਸ ਤਰ੍ਹਾਂ ਦੇ ਨਾਲ ਸਮਾਂ ਲੰਘ ਜਾਂਦਾ ਹੈ-

*ਇਹ ਠਹਿਰਨ ਜਾਂਚ ਨਾ ਜਾਣਦਾ,*
*ਲੰਘ ਗਿਆ ਨਾ ਮੁੜ ਕੇ ਆਂਵਦਾ।* *ਭਾਈ ਵੀਰ ਸਿੰਘ ਜੀ*

ਜਿਹੜਾ ਸਮਾਂ ਲੰਘ ਗਿਆ ਉਹ ਨਹੀਂ ਵਾਪਸ ਆਉਂਦਾ। ਸਮੇਂ ਨੂੰ ਸੰਭਾਲਣਾ, ਕਿਰਿਆਮਾਨ ਕਰਮ, ਵਰਤਮਾਨ ਦੇ ਵਿਚ -

*ਜੋ ਕਿਛੁ ਕਰਹਿ ਸੋਈ ਅਬ ਸਾਰੁ ॥*
*ਫਿਰਿ ਪਛੁਤਾਹੁ ਨ ਪਾਵਹੁ ਪਾਰੁ ॥* *ਅੰਗ- ੧੧੫੯*

ਹੁਣੇ ਹੀ ਜੋ ਕਰਨਾ ਹੈ ਕਰੀਏ। ਇਹੀ ਨਾਲ ਜਾਣਾ ਹੈ। ਬਾਕੀ ਕੰਮ ਨਹੀਂ ਨਾਲ ਜਾਣੇ। ਬਾਕੀ ਕੰਮ ਤਾਂ ਇਨਸਾਨ ਕਰਦਾ-ਕਰਦਾ, ਮੁਕਾਉਂਦਾ-ਮੁਕਾਉਂਦਾ, ਮੁੱਕ ਜਾਂਦਾ ਹੈ, ਸੋਚਦਾ ਹੈ ਕਿ ਮੈਂ ਐਨਾ ਕੰਮ ਕਰਕੇ, ਐਨਾ ਧੰਨ ਇਕੱਠਾ ਕਰ ਲਿਆ। ਉਹ ਕਿਸ ਕੰਮ ਆਇਆ? ਕਿਸੇ ਕੰਮ ਦਾ ਨਹੀਂ। ਉਹ ਤਾਂ ਨਾਲ ਨਹੀਂ ਗਿਆ। ਦੂਜੇ ਪਾਸੇ ਸਵਾਸਾਂ ਰੂਪੀ ਜਿਹੜਾ ਧਨ ਹੈ ਉਹ ਘਟਦਾ ਚਲਾ ਜਾਂਦਾ ਹੈ। ਰੋਜ਼ ਸਵਾਸ ਜਿਹੜੇ ਮਿਲੇ ਨੇ -

*ਛਣਿ ਘਾਲੇ ਸਭ ਦਿਵਸ ਸਾਸ*
*ਨਹ ਬਢਨ ਘਟਨ ਤਿਲੁ ਸਾਰ ॥*
*ਜੀਵਨ ਲੋਰਹਿ ਭਰਮ ਮੋਹ ਨਾਨਕ ਤੇਊ ਗਵਾਰ ॥*

*ਅੰਗ- ੨੫੪*

ਇਹ ਕੋਈ ਪਤਾ ਨਹੀਂ ਕਿ ਕਿਹੜਾ ਦਮ ਆਖਰੀ ਹੈ। ਇਥੇ ਸਨਹੋਜ਼ੇ, ਮਹਾਂਪੁਰਖ 1998 ਰਤਵਾੜਾ ਸਾਹਿਬ ਦੀ ਪਾਵਨ ਧਰਤੀ ਤੋਂ ਆਏ। ਸਤਿਸੰਗ ਹੋਏ। ਇਥੇ ਉਹਨਾਂ ਨੇ ਇਕ ਬਚਨ ਕੀਤਾ ਕਿ ਸਤਿਸੰਗ ਨਾ ਛੱਡਿਓ। ਸਤਿਸੰਗ ਕਰਦੇ ਰਹਿਓ। ਸਤਿਸੰਗ 'ਚ ਜਾਂਦੇ ਹਾਂ, ਸਮ, ਦਮ, ਨਿਯਮ ਅਪਣਾਉਂਦੇ ਹਾਂ। ਸਮ ਹੁੰਦਾ ਹੈ ਤਨ ਦੀਆਂ ਰਹਿਤਾਂ ਰੱਖਣੀਆਂ, ਦਮ ਹੁੰਦੈ ਕਿ ਸਵਾਸ ਨੂੰ, ਮਨ ਨੂੰ ਕੰਟਰੋਲ ਕਰਨਾ, ਇੰਦਰੀਆਂ ਦਾ ਦਮਨ ਕਰਨਾ। ਇਸ ਦੇ ਦਸ-ਦਸ ਅੰਗ ਸਮ, ਦਮ, ਯਮ ਨਿਯਮ ਨੇ। ਫੇਰ ਆਸਣ ਹੈ, ਫੇਰ ਪ੍ਰਾਣਾਯਾਮ ਹੈ, ਪ੍ਰਤਿਹਾਰ ਹੈ ਇਸ ਤਰ੍ਹਾਂ ਦੇ ਬਹਿਰੰਗ ਸਾਧਨ ਕਰਦੇ-ਕਰਦੇ, ਧਾਰਨਾ, ਧਿਆਨ, ਸਮਾਧੀ 'ਚ ਅਸਥਿਤ ਹੋਣਾ। ਸਤਿਸੰਗ ਵਿਚ ਮਨ ਨੂੰ ਰੋਕਣ ਦੀਆਂ ਜੁਗਤੀਆਂ ਹੁੰਦੀਆਂ ਨੇ। ਉਹਨਾਂ ਨੇ ਫੇਰ ਉਹ ਜੁਗਤ ਵੀ ਦੱਸੀ। ਕਿਉਂਕਿ ਉਸ ਅਵਸਥਾ ਦੇ ਮਾਲਕ -

*ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ ॥*
*ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥*

*ਅੰਗ - ੩੧੯*

ਉਹ ਅਵਸਥਾ ਭੇਤ ਦੀਆਂ ਬਾਤਾਂ, ਉਹਨਾਂ ਨੇ ਬਾਬਾ ਸਤਨਾਮ ਸਿੰਘ ਜੀ ਨੂੰ ਸਮਝਾਉਣਾ ਕੀਤੀਆਂ। ਜਿਨ੍ਹਾਂ ਦੀ ਕਰਨੀ ਨੂੰ ਦੇਖ ਅੱਜ ਸਾਰੇ ਹੀ ਕਿੰਨੇ ਵੈਰਾਗ ਵਿਚ ਉਹ ਜਿਹੜੀ ਜੁਗਤ ਸਤਿਪੁਰਸ਼ਾਂ ਨੇ ਦਰਸਾਈ, ਉਹਨਾਂ ਨੇ ਆਪ ਸੰਗਤ ਨੂੰ ਜੋੜਦੇ ਹੋਏ ਸਰੀਰ ਦਾ ਪ੍ਰਤਿਆਗ ਕੀਤਾ। ਮੀਡੀਏ ਦਾ ਯੁੱਗ ਹੈ, ਉਹ ਵੀਡੀਓ ਵਾਇਰਲ ਹੈ, ਸਾਰਿਆਂ ਨੇ ਦੇਖੀ ਹੈ ਕਿ ਕਿਸ ਤਰ੍ਹਾਂ -

*ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ।*

*ਭਾਈ ਗੁਰਦਾਸ ਜੀ*

ਆਪਣਾ ਜਨਮ ਤਾਂ ਸਵਾਰਿਆ ਹੀ। ਕਿੰਨਿਆਂ ਨੂੰ ਨਾਮ ਬਾਣੀ ਦੇ ਨਾਲ ਜੋੜਿਆ। ਇਹ ਜੁਗਤ ਹੁੰਦੀ ਹੈ। ਸਤਿਸੰਗ ਦੇ ਵਿਚੋਂ ਇਹ ਜੁਗਤ ਮਿਲਦੀ ਹੈ। ਸ਼ੁਰੂਆਤ ਦੇ ਵਿਚ ਸਾਡੀ ਐਨੀ ਮਨੋ-ਅਵਸਥਾ ਨਹੀਂ ਹੁੰਦੀ। ਜੁਗਤ ਦਸ ਦਿੰਦੇ ਨੇ ਕਿਉਂਕਿ ਸਾਰੀ ਬਾਣੀ ਨਿਰਦੇਸ਼ ਦੇ ਰਹੀ ਹੈ ਕਿ ਗੁਰੂ ਕਦੇ ਦੇਹ ਨਹੀਂ ਹੋਇਆ। ਜੇ ਗੁਰੂ ਜੀ ਨੇ ਦੇਹ ਧਾਰਨ ਵੀ ਕੀਤੀ ਤਾਂ ਜਿਹੜੀ ਬਾਣੀ ਆਈ, ਉਹ ਗੁਰੂ ਹੈ। ਗੁਰੂਆਂ ਦੇ ਰਾਹੀਂ ਆਈ, ਭਗਤਾਂ ਦੇ ਰਾਹੀਂ ਆਈ, ਭੱਟਾਂ ਰਾਹੀਂ, ਗੁਰਸਿੱਖਾਂ ਰਾਹੀਂ ਆਈ ਜੋ ਵੀ ਹੈ, ਸਾਰੀ ਬਾਣੀ ਹੀ ਹੈ -

*ਧੁਰ ਕੀ ਬਾਣੀ ਆਈ ॥*
*ਤਿਨਿ ਸਗਲੀ ਚਿੰਤ ਮਿਟਾਈ ॥* *ਅੰਗ- ੬੨੮*

ਚਿੰਤਾ ਕਿਵੇਂ ਮਿਟਦੀ ਹੈ ਜਦੋਂ ਚਿੰਤਨ ਕਰਦੇ ਹਾਂ -

*ਸਾਸਿ ਸਾਸਿ ਸਿਮਰਹੁ ਗੋਬਿੰਦ ॥*
*ਮਨ ਅੰਤਰ ਕੀ ਉਤਰੈ ਚਿੰਦ ॥* *ਅੰਗ- ੨੯੫*

ਉਥੋਂ ਤਕ ਪਹੁੰਚਣ ਵਾਸਤੇ ਚਾਰ ਬਾਣੀਆਂ ਬੈਖਰੀ, ਪਸੰਤੀ ਬਾਣੀ ਅਤੇ ਪਰਾ ਬਾਣੀ, ਚਾਰ ਖਾਣੀਆਂ, ਅੰਡਜ, ਜੇਰਜ, ਸੇਤਜ, ਉਤਭੁਜ। ਸ਼ੁਰੂ ਵਿਚ ਬੋਲ ਕੇ ਕੀਤਾ ਜਾਂਦਾ ਹੈ -

*ਜਪਿ ਮਨ ਸਤਿ ਨਾਮੁ ਸਦਾ ਸਤਿ ਨਾਮੁ ॥* *ਅੰਗ- ੬੭੦*

*ਇਛਾ ਪੂਰਕੁ ਸਰਬ ਸੁਖਦਾਤਾ ਹਰਿ*
*ਜਾ ਕੈ ਵਸਿ ਹੈ ਕਾਮਧੇਨਾ ॥*
*ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ*
*ਤਾ ਸਰਬ ਸੁਖ ਪਾਵਹਿ ਮੇਰੇ ਮਨਾ ॥* *ਅੰਗ- ੬੬੯*

ਸਾਰੀਆਂ ਇਛਾਵਾਂ ਦੀ ਪੂਰੀਆਂ ਕਰਨ ਵਾਲਾ ਪ੍ਰਮੇਸ਼ਰ ਦਾ ਨਾਮ ਹੈ। ਇਸ ਕਰਕੇ ਇਹਨੂੰ ਸਦਾ ਹੀ ਕਰੋ -

*ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ ॥*
*ਕਹੁ ਨਾਨਕ ਸੁਨਿ ਰੇ ਮਨਾ ਦੁਰਲਭ ਮਾਨੁਖ ਦੇਹ ॥*

*ਅੰਗ- ੧੪੨੭*

ਸਾਰੇ ਸੁੱਖਾਂ ਦਾ ਦਾਤਾ ਹੈ। ਸਾਰੇ ਦੁੱਖਾਂ ਦਾ ਇਲਾਜ ਇਹੀ ਇਕ ਹੈ।

*ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ*
*ਤਾ ਸਰਬ ਸੁਖ ਪਾਵਹਿ ਮੇਰੇ ਮਨਾ ॥ ੧ ॥*
*ਜਪਿ ਮਨ ਸਤਿ ਨਾਮੁ ਸਦਾ ਸਤਿ ਨਾਮੁ ॥*

*ਅੰਗ- ੬੬੯*

ਸਭ ਤੋਂ ਪਹਿਲਾਂ ਬੈਖਰੀ ਬਾਣੀ 'ਚ ਬੁੱਲ੍ਹ ਹਿਲਦੇ ਨੇ, ਅਵਾਜ਼ ਬਾਹਰ ਸੁਣਾਈ ਦਿੰਦੀ ਹੈ ਕਿਉਂਕਿ ਜਿੰਨੇ ਦੁਖ ਨੇ, ਆਧੀਆਂ, ਬਿਆਧੀਆਂ, ਉਪਾਧੀਆਂ ਤਿੰਨ ਤਾਪ ਹਨ, ਜਿੰਨੇ ਕਲੇਸ਼ ਨੇ ਰਾਗ ਹੈ, ਦ੍ਵੈਸ਼ ਹੈ, ਅਵਿਦਿਆ, ਅਸਿਮਿਤਾ, ਅਭਿਨਿਵੇਸ਼ ਇਹ ਸਾਰੇ ਮਿਟ ਜਾਣਗੇ।

*ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥*
*ਕਲਿ ਕਲੇਸ ਤਨ ਮਾਹਿ ਮਿਟਾਵਉ ॥* *ਅੰਗ- ੨੬੨*

*ਹਲਤਿ ਪਲਤਿ ਮੁਖ ਊਜਲ ਹੋਈ ਹੈ*
*ਨਿਤ ਧਿਆਈਐ ਹਰਿ ਪੁਰਖੁ ਨਿਰੰਜਨਾ ॥ ਅੰਗ- ੬੭੦*

ਨੇਮ ਬਣਾ ਲਓ ਕਿ ਰੋਜ਼ ਧਿਆਨ ਵਿਚ ਬੈਠਣਾ ਹੈ।

*ਜਹ ਹਰਿ ਸਿਮਰਨੁ ਭਇਆ*
*ਤਹ ਉਪਾਧਿ ਗਤੁ ਕੀਨੀ ਵਡਭਾਗੀ ਹਰਿ ਜਪਨਾ ॥*
*ਜਨ ਨਾਨਕ ਕਉ ਗੁਰਿ ਇਹ ਮਤਿ ਦੀਨੀ*
*ਜਪਿ ਹਰਿ ਭਵਜਲੁ ਤਰਨਾ ॥ ਅੰਗ- ੬੭੦*

ਸਾਰੇ ਹੀ ਦੁਖਾਂ ਦਾ, ਸਾਰੇ ਹੀ ਰੋਗਾਂ ਦਾ ਇਲਾਜ ਇਹੀ ਹੈ।

ਸੋ ਅਭਿਆਸ ਕਰਦੇ-ਕਰਦੇ ਮਧਮਾ ਦੇ ਵਿਚ ਜਾ ਕੇ ਬੁਲ੍ਹ ਹਿੱਲਣਗੇ, ਜੀਭ ਵੀ ਹਿਲਦੀ ਹੈ, ਅਵਾਜ਼ ਬਾਹਰ ਸੁਣਾਈ ਨਹੀਂ ਦਿੰਦੀ। ਦਸ ਗੁਣਾਂ ਫਲ ਵਧ ਗਿਆ। ਜੇ ਦਸ ਵਾਰੀ ਬੋਲ ਕੇ ਕਰੋ, ਮਧਮਾ ਬਾਣੀ 'ਚ ਇਕ ਵਾਰੀ ਹੋ ਜਾਵੇ। ਉਸ ਤੋਂ ਵੀ ਦਸ ਗੁਣਾਂ ਫਲ ਅੱਗੇ ਜਦੋਂ ਕਰਦੇ ਹਾਂ -

*ਬਿਨੁ ਜਿਹਵਾ ਜੋ ਜਪੈ ਹਿਆਇ ॥*
*ਕੋਈ ਜਾਣੈ ਕੈਸਾ ਨਾਉ ॥ ਅੰਗ- ੧੨੫੬*

ਹਿਰਦੇ ਦੀ ਬਾਣੀ, ਪਸੰਤੀ ਬਾਣੀ ਕਿਹਾ ਹੈ। ਦਸ ਗੁਣਾਂ ਫਲ ਵਧ ਗਿਆ। ਬਾਹਰ ਜੇ ਸੌ ਵਾਰੀ ਬੋਲ ਕੇ ਕਰੋ, ਹਿਰਦੇ ਵਿਚ ਇਕ ਵਾਰੀ ਜਪ ਲਓ, ਦੇਖ ਲਓ ਕਿੰਨਾ ਫਲ ਮਿਲ ਗਿਆ। ਫੇਰ ਅੱਗੇ ਪਰਾ ਬਾਣੀ ਸਵਾਸ ਤੇ ਜਦੋਂ ਮੰਤਰ ਆ ਜਾਂਦੈ, ਅੰਦਰ ਨੂੰ ਸਵਾਸ ਆਉਂਦੇ 'ਵਾਹਿ' ਬਾਹਰ ਨੂੰ ਸਵਾਸ ਆਉਂਦੇ 'ਗੁਰੂ'। ਸਵਾਸ 'ਤੇ ਇਕ ਵਾਰੀ ਕਰਿਆ। ਬਾਹਰ ਬੋਲ ਕੇ ਹਜ਼ਾਰ ਵਾਰੀ ਕਿੱਡੀ ਅਵਸਥਾ ਹੋ ਗਈ। ਇਸ ਤਰ੍ਹਾਂ ਦੇ ਨਾਲ ਪਉੜੀ ਦਰ ਪਉੜੀ ਇਹ ਰਸਤਾ ਹੁੰਦਾ ਹੈ। ਇਸ ਨੂੰ 'ਆਤਮ ਮਾਰਗ' ਕਿਹਾ ਹੈ। ਇਹ ਐਸਾ ਸ਼ਕਤੀਸ਼ਾਲ ਮੰਤਰ ਹੈ ਜਿਹੜਾ ਸਵਾਸ ਦੇ ਉਤੇ ਆ ਜਾਂਦਾ ਹੈ। ਇਹ ਮੰਤਰ ਜਿੰਨਾਂ ਡੂੰਘਾ ਸਵਾਸ ਲਵੋ, ਓਨੀ ਹੀ ਸ਼ਾਂਤੀ ਵਰਤਦੀ ਹੈ। ਅੰਦਰ ਸੁਣੋ ਧੁਨ ਬਣ ਜਾਂਦੀ ਹੈ -

*ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ*
*ਗੁਰਮੁਖਿ ਅਕਥ ਕਹਾਨੀ ॥ ਅੰਗ- ੮੭੯*

ਸੁਣੋ ਅੰਦਰ। ਕਿੱਡੀ ਉੱਚੀ ਅਵਸਥਾ ਹੋ ਜਾਂਦੀ ਹੈ। ਚਾਰ ਪਉੜੀਆਂ ਜਪੁਜੀ ਸਾਹਿਬ ਵਿਚ ਸੁਣਨ ਦਾ ਮਹਾਤਮ ਦਸਿਆ ਹੈ। 'ਸੁਣਿਐ ਦੂਖ ਪਾਪ ਕਾ ਨਾਸੁ।' ਸਾਰੇ ਦੁੱਖਾਂ ਦਾ, ਪਾਪਾਂ ਦਾ ਨਾਸ ਕਰਨ ਵਾਲਾ ਐਸਾ ਸ਼ਕਤੀਸ਼ਾਲ ਮੰਤਰ ਸੁਣਦਾ ਹੈ ਤਾਂ ਕਿੱਡੀ ਬਖਸ਼ਿਸ਼ ਹੋ ਜਾਂਦੀ ਹੈ। ਫੇਰ -

*ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥*
*ਅੰਗ- ੯੨੨*

ਕਿਉਂਕਿ ਸਭ ਤੋਂ ਵੱਡਾ ਰੋਗ -

*ਹਉਮੈ ਰੋਗੁ ਮਾਨੁਖ ਕਉ ਦੀਨਾ ॥ ਅੰਗ- ੧੧੪੦*

ਬਾਕੀਆਂ 'ਚ ਤਾਂ ਚਲੋ ਇਕ-ਇਕ ਰੋਗ ਹੈ। ਹਾਥੀ ਨੂੰ ਕਾਮ ਦਾ ਰੋਗ ਹੈ -

*ਕਾਲਬੂਤ ਕੀ ਹਸਤਨੀ ਮਨ ਬਉਰਾ ਰੇ*
*ਚਲਤੁ ਰਚਿਓ ਜਗਦੀਸ ॥ ਅੰਗ- ੩੩੫*

ਹੁਣ ਉਹਦੇ ਅਧੀਨ ਕਿੱਡੀ ਗੁਲਾਮੀ ਸਹਿੰਦਾ ਹੈ। ਬਾਕੀ ਜੀਵਾਂ ਵਿਚ ਇਕ-ਇਕ ਰੋਗ ਦਸਿਆ ਹੈ। ਪਰ ਮਨੁੱਖ ਵਿਚ ਪੰਜ ਰੋਗ ਹਨ। ਸ਼ਬਦ, ਸਪਰਸ਼, ਰੂਪ, ਰਸ, ਗੰਧ। ਪਰ -

*ਸਰਬ ਰੋਗ ਕਾ ਅਉਖਦੁ ਨਾਮੁ ॥*
*ਕਲਿਆਣ ਰੂਪ ਮੰਗਲ ਗੁਣ ਗਾਮ ॥ ਅੰਗ- ੨੭੪*

ਸਾਰੇ ਦੁੱਖਾਂ ਦਾ, ਸਾਰੇ ਰੋਗਾਂ ਦਾ ਇਲਾਜ ਵਾਹਿਗੁਰੂ ਮੰਤਰ ਹੈ। ਕਲਜੁਗ ਦਾ ਸਮਾਂ ਹੈ। ਸਮੇਂ ਦੀ ਘਾਟ ਹੈ, ਉਮਰਾਂ ਛੋਟੀਆਂ ਹੋ ਗਈਆਂ। ਦਿਲ ਤੇ ਦਿਮਾਗ ਵੀ ਤਾਕਤਵਰ ਨਹੀਂ ਰਹੇ। ਸਮ, ਦਮ, ਨਿਯਮ ਅਪਨਾਏ ਨਹੀਂ ਜਾਂਦੇ। ਗੁਰੂ ਪਾਤਸ਼ਾਹ ਨੇ ਕ੍ਰਿਪਾ ਕੀਤੀ ਹੈ ਕਲਜੁਗ ਦੇ ਵਿਚ -

*ਕਲਜੁਗ ਨਾਨਕ ਨਾਮੁ ਸੁਖਾਲਾ।*

ਬਹੁਤਾ ਸੌਖਾ ਮੰਤਰ ਹੈ, ਛੋਟਾ ਮੰਤਰ ਹੈ। ਸਵਾਸ 'ਤੇ ਆ ਜਾਂਦਾ ਹੈ। ਕੋਈ ਔਖਾ ਨਹੀਂ। ਕਰਕੇ ਦੇਖੋ ਪਹਿਲਾਂ ਬੋਲ ਕੇ ਫੇਰ ਅੰਦਰ ਸੁਣੋ। ਕਿੰਨਾ ਅਨੰਦ ਆਉਂਦਾ ਹੈ। ਨੇਤਰ ਬੰਦ ਕਰਕੇ ਜਦੋਂ ਰੀੜ੍ਹ ਦੀ ਹੱਡੀ ਸਿੱਧੀ ਕਰਕੇ 90 ਡਿਗਰੀ 'ਤੇ ਕਰਕੇ ਬੈਠਦੇ ਹਾਂ, ਅੰਮ੍ਰਿਤ ਵੇਲੇ। ਪੇਟ ਖਾਲੀ ਹੁੰਦੈ, ਦਿਮਾਗ 'ਤੇ ਕੋਈ ਭਾਰ ਨਹੀਂ। ਬਹੁਤ ਅਨੰਦ ਆਉਂਦਾ ਹੈ। ਡੂੰਘਾ ਸਵਾਸ ਲਓ। ਫੇਰ ਇਸੇ ਤਰ੍ਹਾਂ ਛੱਡੋ। ਜਿੰਨੀ ਪ੍ਰਾਣ ਵਾਯੂ ਅੰਦਰ ਜਾਂਦੀ ਹੈ, ਇਹ ਐਨਰਜੀ ਹੈ, ਇਹ ਅੰਦਰੋਂ ਸਫਾਈ ਕਰ ਦਿੰਦੀ ਹੈ। ਕਾਰਬਨ ਡਾਈਆਕਸਾਈਡ ਬਾਹਰ ਆਉਂਦੀ ਹੈ। ਸਵਾਸ ਹਨ ਮਿਣਤੀ ਦੇ ਮਿਲੇ ਨੇ। ਪਤਾ ਨਹੀਂ ਕਿਹੜਾ ਸਵਾਸ ਆਖਰੀ ਹੈ।

*ਦਮਿ ਦਮਿ ਸਦਾ ਸਮਾਲਦਾ ਦੰਮੁ ਨ ਬਿਰਥਾ ਜਾਇ ॥*
*ਅੰਗ- ੫੫੬*

*ਵਾਹਿਗੁਰੂ ਜੀ ਕਾ ਖਾਲਸਾ,*
*ਵਾਹਿਗੁਰੂ ਜੀ ਕੀ ਫਤਹਿ॥*

# ਪ੍ਰਗਟਿਓ ਖਾਲਸਾ

*ਪ੍ਰੋ. ਗੁਰਦੇਵ ਸਿੰਘ*

## 1. ਹਿੰਦ ਦੀ ਤਰਸਯੋਗ ਹਾਲਤ

ਭਾਰਤ ਦੀ ਸੰਸਕ੍ਰਿਤੀ ਸਾਰੇ ਦੇਸ਼ਾਂ ਨਾਲੋਂ ਪੁਰਾਤਨ ਮੰਨੀ ਜਾਂਦੀ ਹੈ ਅਤੇ ਇਸ ਨੂੰ ਰਿਸ਼ੀਆਂ ਮੁਨੀਆਂ ਦੀ ਧਰਤੀ ਹੋਣ ਦਾ ਵੀ ਮਾਣ ਪ੍ਰਾਪਤ ਹੈ। ਕਿਸੇ ਸਮੇਂ ਭਾਰਤ ਦੀ ਸਰਵਪੱਖੀ ਉਨਤੀ ਤੇ ਖੁਸ਼ਹਾਲੀ ਹੋਣ ਕਰਕੇ ਇਸ ਦੇਸ਼ ਨੂੰ ਸੋਨੇ ਦੀ ਚਿੜੀ ਕਿਹਾ ਜਾਂਦਾ ਸੀ। ਸਮੇਂ ਦੀ ਕਰਵਟ ਨਾਲ ਜਿਥੇ ਜਾਤ ਪਾਤ ਦੀਆਂ ਵੰਡੀਆਂ ਨੇ ਮਨੁੱਖਤਾ ਨੂੰ ਦੋਫਾੜ ਕਰ ਦਿਤਾ ਉਥੇ ਭਾਰਤ ਦੇਸ਼ ਆਪਸੀ ਰਾਜਸੀ ਫੁੱਟ ਕਰਕੇ ਰੱਖਿਆ ਪੱਖੋਂ ਬਲਹੀਣ ਹੋ ਗਿਆ ਸੀ। ਛੇਵੀਂ ਸਦੀ ਦੇ ਮੱਧ ਤੱਕ ਉਤਰੀ ਭਾਰਤ ਵਿਚ ਰਾਜਾ ਹਰਸ਼ ਵਰਧਨ ਦਾ ਮਜ਼ਬੂਤ ਅਤੇ ਸ਼ਕਤੀਸ਼ਾਲੀ ਰਾਜ ਸੀ ਪਰ ਬਾਅਦ ਵਿਚ ਛੋਟੀਆਂ-ਛੋਟੀਆਂ ਰਿਆਸਤਾਂ ਦੀ ਵੰਡ ਕਰਕੇ, ਆਪਸੀ ਫੁੱਟ ਹੋਣ ਕਰਕੇ, ਆਪਸੀ ਈਰਖਾ ਤੇ ਵੈਰ-ਵਿਰੋਧ ਦਾ ਸ਼ਿਕਾਰ ਹੋ ਗਿਆ। ਦੇਸ਼ ਦੀ ਰਾਜਸੀ ਸ਼ਕਤੀ ਹੀਣ ਹੋਣ ਕਰਕੇ ਵਿਦੇਸ਼ੀ ਲੁਟੇਰੇ ਤੇ ਜਰਵਾਣਿਆਂ ਨੂੰ ਸ਼ਹਿ ਮਿਲ ਗਈ ਜੋ ਕਿ ਅਜੇਹੀ ਸਥਿਤੀ ਤੋਂ ਫਾਇਦਾ ਲੈਣਾ ਚਾਹੁੰਦੇ ਸਨ। ਇਸ ਦੇ ਫਲ ਸਰੂਪ ਸੱਤਵੀਂ ਸਦੀ ਤੋਂ ਲੈ ਕੇ ਇਕ-ਇਕ ਕਰਕੇ ਵਿਦੇਸ਼ੀ ਫੌਜੀ ਹਮਲਾਵਰਾਂ ਵੱਲੋਂ ਭਾਰਤ ਦੀ ਧਰਤੀ ਉਤੇ ਖੂਨੀ ਹੋਲੀ ਖੇਡ ਕੇ ਲੁੱਟ-ਕਸੁੱਟ ਦਾ ਸਿਲਸਿਲਾ ਜਾਰੀ ਹੋ ਗਿਆ। ਕੋਈ ਵੀ ਵਿਦੇਸ਼ੀ ਹਮਲਾਵਰ ਜਦੋਂ ਭਾਰਤ ਤੇ ਹਮਲਾ ਕਰਦਾ ਸੀ ਤਾਂ ਉਸ ਨੂੰ ਦਰਾ ਖੈਬਰ ਰਾਹੀਂ ਦਾਖਲ ਹੋ ਕੇ ਪਹਿਲਾਂ ਪੰਜਾਬ ਨਾਲ ਮੁਕਾਬਲਾ ਕਰਨਾ ਪੈਂਦਾ ਸੀ। ਉਸ ਸਮੇਂ ਪੰਜਾਬ ਦੇ ਸਾਸ਼ਕਾਂ ਵਿਚੋਂ ਰਾਜਾ ਜੈਪਾਲ, ਰਾਜਾ ਅਨੰਦਪਾਲ, ਤ੍ਰਿਲੋਚਨਪਾਲ ਤੇ ਭੀਮਪਾਲ ਨੇ ਇਸ ਦੀਆਂ ਸਰਹੱਦਾਂ ਦੀ ਰਾਖੀ ਡਟ ਕੇ ਕੀਤੀ ਪਰ ਲੋੜ ਪੈਣ ਤੇ ਗਵਾਂਢੀ ਰਾਜਾਂ ਦੀ ਮਿਲਵਰਤਣ ਨਾ ਹੋਣ ਕਰਕੇ ਵਿਦੇਸ਼ੀ ਹਮਲਾਵਰਾਂ ਦਾ ਰਾਹ ਹੋਰ ਵੀ ਮੋਕਲਾ ਹੋ ਗਿਆ। ਸਭ ਤੋਂ ਪਹਿਲਾਂ ਮਹੁੰਮਦ ਬਿਨਕਾਸਮ ਫੇਰ ਸਬਕੁਤਦੀਨ, ਮੁਹੰਮਦ ਗੌਰੀ ਅਤੇ ਫੇਰ ਮਹਿਮੂਦ ਗਜ਼ਨਵੀ ਦੇ ਲਗਾਤਾਰ ਹਮਲਿਆਂ ਨਾਲ ਇਨ੍ਹਾਂ ਦੀ ਆਮਦ ਦਾ ਰਾਹ ਖੁਲ੍ਹ ਗਿਆ। ਰਾਜਪੂਤ ਰਾਜਿਆਂ ਨੇ ਵੀ ਮੁਕਾਬਲੇ ਕੀਤੇ ਪਰ ਆਪਸੀ ਫੁੱਟ ਕਰਕੇ ਹਾਰਦੇ ਗਏ ਜਿਸ ਤਰ੍ਹਾਂ ਕਿ ਰਾਜਾ ਜੈ ਚੰਦ ਤੇ ਪ੍ਰਿਥਵੀ ਰਾਜ ਚੌਹਾਨ ਦੇ ਆਪਸੀ ਵੈਰ ਨੇ ਹਮੇਸ਼ਾ ਵਾਸਤੇ ਇਨ੍ਹਾਂ ਦਾ ਰਾਹ ਮੋਕਲਾ ਕਰ ਦਿਤਾ। ਜਿਥੇ ਇਨ੍ਹਾਂ ਵਿਦੇਸ਼ੀ ਹਮਲਾਵਰਾਂ ਨੇ ਲੁੱਟ-ਮਾਰ ਕਰਕੇ ਅਰਬਾਂ-ਖਰਬਾਂ ਰੁਪਏ ਦਾ ਮਾਲ-ਧਨ ਸੋਨਾ ਤੇ ਹੀਰੇ-ਜਵਾਹਰਾਤ ਆਦਿ ਨੂੰ ਲੁੱਟਿਆ ਉਥੇ ਮੰਦਿਰ ਢਾਹ ਕੇ ਮਸਜਿਦਾਂ ਬਣਾਈਆਂ। ਜਲਾਦਾਂ ਦੀ ਤਰ੍ਹਾਂ ਲੱਖਾਂ ਦੀ ਗਿਣਤੀ ਵਿਚ ਬੇਗੁਨਾਹਾਂ ਨੂੰ ਮੌਤ ਦੇ ਘਾਟ ਉਤਾਰਿਆ ਤੇ ਲੱਖਾਂ ਨੂੰ ਜ਼ਬਰਨ ਦੀਨ ਕਬੂਲ ਕਰਵਾਇਆ। ਵਿਦੇਸ਼ੀ ਜਰਵਾਣੇ ਹਰ ਵੇਰਾਂ ਹਜ਼ਾਰਾਂ ਦੀ ਤਦਾਦ ਵਿਚ ਨੌਜਵਾਨ ਇਸਤ੍ਰੀਆਂ ਅਤੇ ਮਰਦ ਗੁਲਾਮ ਬਣਾ ਕੇ ਲੈ ਜਾਂਦੇ ਸਨ ਜਿਨ੍ਹਾਂ ਨੂੰ ਟਕੇ-ਟਕੇ ਦੇ ਭਾਅ ਗਜ਼ਨੀ ਦੇ ਬਜ਼ਾਰਾਂ ਵਿਚ ਵੇਚਿਆ ਜਾਂਦਾ ਸੀ। ਦਿੱਲੀ ਦੇ ਖਿਲਜੀ, ਤੁਗਲਕ ਖਾਨਦਾਨ ਅਤੇ ਲੋਧੀ ਬਾਦਸ਼ਾਂਹਾਂ ਦੇ ਘਿਨੌਣੇ ਜ਼ੁਲਮਾਂ ਦੀ ਦਾਸਤਾਨ ਪੜ੍ਹ ਸੁਣ ਕੇ ਕਲੇਜਾ ਮੂੰਹ ਨੂੰ ਆਉਂਦਾ ਹੈ। ਤਵਾਰੀਖ ਤੌਜ਼ਿਕੇ ਅਲਾਈ ਵਿਚ ਲਿਖਿਆ ਹੈ ਕਿ ਇਕ ਦਿਨ ਬਾਦਸ਼ਾਹ ਅਲਾਉਦੀਨ ਖਿਲਜੀ ਨੇ ਕਾਜ਼ੀ ਤੋਂ ਪੁੱਛਿਆ ਕਿ ਕਾਫਰਾਂ ਵਾਸਤੇ ਸ਼ਰਾ ਕੀ ਫੁਰਮਾਉਂਦੀ ਹੈ? ਕਾਜ਼ੀ ਨੇ ਉਤਰ ਦਿਤਾ ਕਿ ਹਿੰਦੋਸਤਾਨੀ ਧਰਤੀ ਵਾਂਗ ਹਨ, ਇਨ੍ਹਾਂ ਤੋਂ ਮੋਮਨ ਜੇ ਚਾਂਦੀ ਮੰਗੇ ਤਾਂ ਇਹ ਸੋਨਾ ਕ'ਢ ਕੇ ਦੇਣ। ਇਹ ਕਮਾਦ ਦੀ ਤਰ੍ਹਾਂ ਹਨ, ਜਿਤਨੇ ਪੀੜੇ ਜਾਣ ਉਤਨਾ ਹੀ ਰਸ ਦਿੰਦੇ ਹਨ। ਅੱਲਾ ਤਾਲਾ ਨੇ ਇਹ ਕੇਵਲ ਮੋਮਨਾਂ ਦੀ ਖਿਦਮਤ ਲਈ ਪੈਦਾ ਕੀਤੇ ਹਨ। ਇਸਲਾਮ ਵਾਲਿਆਂ ਦਾ ਰਾਜ ਸ਼ੁਰੂ ਹੋਣ ਕਰਕੇ ਭਾਰਤੀ ਜਨਤਾ ਦੀ ਹਾਲਤ ਬਹੁਤ ਦਰਦਨਾਕ ਅਤੇ ਤਰਸਯੋਗ ਸੀ। ਉਸ ਵੇਲੇ ਇਨ੍ਹਾਂ ਦੀ ਬਾਂਹ ਫੜਨ ਵਾਲਾ ਕੋਈ ਨਹੀਂ ਸੀ, ਆਮ ਜਨਤਾ ਇਸਲਾਮ ਕਬੂਲ ਕਰ ਲੈਣ ਵਿਚ ਹੀ ਆਪਣਾ ਭਲਾ ਸਮਝਦੀ ਸੀ। ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦੇ ਸੰਸਾਰ ਉਤੇ ਪ੍ਰਗਟ ਹੋਣ ਸਮੇਂ ਤਕ ਅਜਿਹਾ ਮਾੜਾ ਵਾਤਾਵਰਣ ਰਾਜਿਆਂ ਦੇ ਜ਼ੁਲਮਾਂ ਦਾ ਹੋ ਗਿਆ ਸੀ। ਇਸ ਬਾਰੇ ਹੀ ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ-

*ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥*
*ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥*

*ਅੰਗ- ੧੪੫*

ਪੰਦਰਵੀਂ ਸਦੀ ਵਿਚ ਬਾਬਰ ਦੇ ਪੰਜਾਬ ਤੇ ਹਮਲੇ ਨਾਲ ਮੁਗਲਾਂ ਦੇ ਰਾਜ ਦਾ ਆਰੰਭ ਹੋਇਆ ਜਿਸ ਵਿਚ ਲੋਧੀਆਂ ਦੀ ਹਾਰ ਹੋਈ। ਰਾਣਾ ਸਾਂਗਾ ਦੀਆਂ ਫੌਜਾਂ ਨੇ ਵੀ ਮੁਕਾਬਲਾ ਕੀਤਾ ਪਰ ਸਫਲਤਾ ਨਾ ਹੋਈ। ਇਸ ਨੇ ਲੁਟ-ਕਸੁੱਟ ਤੇ ਮਾਰ-ਧਾੜ ਕਰਕੇ ਏਮਨਾਬਾਦ ਸ਼ਹਿਰ ਨੂੰ ਤਬਾਹ ਕਰ ਦਿਤਾ ਸੀ। ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਜੀ ਵੀ ਉਥੇ ਸਨ। ਉਨ੍ਹਾਂ ਨੇ ਜਿਥੇ ਉਸ ਸਮੇਂ ਦੇ ਹੋਰਨਾਂ ਰਾਜਿਆਂ ਨੂੰ ਤਾੜਨਾ ਕੀਤੀ, ਉਥੇ ਆਪ ਸਾਰਾ ਕੁਝ ਵੇਖ ਕੇ ਬਾਬਰ ਨੂੰ ਕਿਹਾ ਕਿ 'ਬਾਬਰ-ਜਾਬਰ' ਉਸ ਦੇ ਇਸ ਜ਼ੁਲਮ ਪ੍ਰਥਾਇ ਇਸ ਤਰ੍ਹਾਂ ਫੁਰਮਾਨ ਕੀਤਾ।

*ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ ॥*
*ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ॥*
*ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ ॥*
*ਕਰਤਾ ਤੂੰ ਸਭਨਾ ਕਾ ਸੋਈ ॥*
*ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ ॥*
*੧ ॥ ਰਹਾਉ ॥*
*ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ ॥*

*ਅੰਗ-੩੬੦*

ਗੁਰੂ ਮਹਾਰਾਜ ਜੀ ਨੇ ਡੰਕੇ ਦੀ ਚੋਟ ਨਾਲ ਕਿਹਾ ਕਿ ਮਜ਼੍ਹਬ ਤੇ ਸ਼ਰ੍ਹਾ ਦੀ ਆੜ ਲੈ ਕੇ ਬੇਗੁਨਾਹ ਲੋਕਾਂ ਨੂੰ ਕਤਲ ਕਰਨ ਨਾਲ ਅੱਲਾ ਤਾਲਾ ਕਦੇ ਵੀ ਪ੍ਰਸੰਨ ਨਹੀਂ ਹੁੰਦਾ। ਜੇ ਕੋਈ ਸਤਾ ਦੇ ਨਸ਼ੇ ਆਪਣੇ ਆਪ ਨੂੰ ਵੱਡਾ ਅਖਵਾ ਕੇ ਹੰਕਾਰੀ ਬਣ ਜਾਵੇ, ਮਨ ਮਰਜ਼ੀਆਂ ਕਰੇ, ਨਿਤਾਣੇ ਲੋਕਾਂ ਉਤੇ ਜ਼ੋਰ-ਜਬਰਦਸਤੀ ਕਰੇ ਤਾਂ ਖੁਦਾਵੰਦ ਦੀਆਂ ਨਜ਼ਰਾਂ ਵਿਚ ਉਸ ਦੀ ਹਸਤੀ ਕੇਵਲ ਇਕ ਕੀੜੇ ਵਾਂਗ ਹੁੰਦੀ ਹੈ ਜੋ ਧਰਤੀ ਤੇ ਡਿਗੇ ਹੋਏ ਦਾਣੇ ਚੁਗਦਾ ਹੈ ਪਰ ਜੇ ਜੰਗ ਬਰਾਬਰ ਦੀ ਟੱਕਰ ਵਾਲੀ ਹੋਵੇ ਤਾਂ ਮਨ ਵਿਚ ਕੋਈ ਰੋਸ ਨਹੀਂ ਹੋਇਆ ਕਰਦਾ।

*ਜੇ ਕੋ ਨਾਉ ਧਰਾਏ ਵਡਾ ਸਾਦ ਕਰੇ ਮਨਿ ਭਾਣੇ ॥*
*ਖਸਮੈ ਨਦਰੀ ਕੀੜਾ ਆਵੈ ਜੇਤੇ ਚੁਗੈ ਦਾਣੇ ॥*
*ਮਰਿ ਮਰਿ ਜੀਵੈ ਤਾ ਕਿਛੁ ਪਾਏ ਨਾਨਕ ਨਾਮੁ ਵਖਾਣੇ॥*

*ਅੰਗ - ੩੬੦*

ਧੁਰ ਦਰਗਾਹ ਤੋਂ 'ਨਾਮ' ਦੀਆਂ ਬਖਸ਼ਸ਼ਾਂ ਲੈ ਕੇ ਆਏ ਗੁਰੁ ਨਾਨਕ ਪਾਤਸ਼ਾਹ ਜੀ ਨੇ ਸੰਸਾਰ ਨੂੰ ਸੱਚੀ ਸੁਚੀ ਕਿਰਤ ਕਰਨ ਅਤੇ ਆਪਸ ਵਿਚ ਵੰਡ ਛਕਣ ਦਾ ਉਪਦੇਸ਼ ਦੇ ਕੇ ਸਰਬੱਤ ਦੇ ਭਲੇ ਦੀ ਲੋਚਾ ਕਰਨ ਵਾਸਤੇ ਕਿਹਾ ਕਿ ਸਾਰਿਆਂ ਵਿਚ ਪ੍ਰਭੂ ਦੀ ਜੋਤ ਹੈ ਤੇ ਸਾਰਾ ਜਗਤ ਉਸ ਦੀ ਫੁਲਵਾੜੀ ਹੈ। ਸੰਸਾਰ ਦੀ ਸੇਵਾ ਵੀ ਵਾਹਿਗੁਰੂ ਦੀ ਸੇਵਾ ਹੈ ਤੇ ਐਸੀ ਸੇਵਾ ਕਰਨ ਵਾਲੇ ਨੂੰ ਦਰਗਾਹ ਵਿਚ ਥਾਂ ਮਿਲਦੀ ਹੈ -

*ਵਿਚਿ ਦੁਨੀਆ ਸੇਵ ਕਮਾਈਐ ॥*
*ਤਾ ਦਰਗਹ ਬੈਸਣੁ ਪਾਈਐ ॥*
*ਕਹੁ ਨਾਨਕ ਬਾਹ ਲੁਡਾਈਐ ॥* *ਅੰਗ - ੨੬*

ਸਮਰੱਥ ਗੁਰੁ ਪਾਸੋਂ ਨਾਮ ਦੀ ਪ੍ਰਾਪਤੀ ਕਰਕੇ, ਨਾਮ ਦਾ ਸਿਮਰਨ ਅਭਿਆਸ ਕਰਕੇ ਮਨ ਨਿਰਮਲ ਹੁੰਦਾ ਹੈ, ਫੇਰ ਗੁਰਸਿਖ ਜੋ ਵੀ ਕਿਰਤ ਕਰੇਗਾ ਭਾਵੇਂ ਵਣਜ-ਵਪਾਰ ਹੋਵੇ, ਮਿਹਨਤ-ਮਜ਼ਦੂਰੀ ਹੋਵੇ, ਨੌਕਰੀ-ਚਾਕਰੀ ਹੋਵੇ, ਉਸ ਵਿਚ ਹੇਰਾ-ਫੇਰੀ ਦਾ ਅੰਸ਼ ਨਹੀਂ ਹੋਵੇਗਾ, ਕਿਰਤ ਸੁੱਚੀ ਬਣ ਜਾਵੇਗੀ। ਇਸੇ ਕਰਕੇ ਗੁਰੂ ਨਾਨਕ ਪਾਤਸ਼ਾਹ ਜੀ ਜਦੋਂ ਪਹਿਲੀ ਉਦਾਸੀ ਸਮੇਂ ਭਾਈ ਲਾਲੋ ਜੀ ਦੇ ਘਰ ਜਾਂਦੇ ਹਨ, ਉਸ ਦੀ ਸੁਚੀ ਕਿਰਤ ਵਾਲਾ ਕੋਧਰੇ ਦਾ ਪ੍ਰਸ਼ਾਦਾ ਛਕ ਲੈਂਦੇ ਹਨ ਪਰ ਮਲਕ ਭਾਗੋ ਦੇ ਘਰ ਦੀਆਂ ਕੜਾਹ-ਪੂਰੀਆਂ ਨੂੰ ਅਪਰਵਾਨ ਕਰ ਦਿੰਦੇ ਹਨ ਕਿਉਂਕਿ ਉਸ ਵਿਚ ਬੇਈਮਾਨੀ ਦਾ ਅੰਸ਼ ਸੀ ਜੋ ਕਿ ਗਰੀਬਾਂ ਦੀ ਹੱਕ ਦੀ ਕਮਾਈ ਤੋਂ ਇਕੱਠਾ ਕੀਤਾ ਹੋਇਆ ਸੀ। ਕਹਿੰਦੇ ਇਸ ਨੂੰ ਖਾਣ ਨਾਲ ਮ'ਤ ਮਲੀਨ ਹੋ ਜਾਂਦੀ ਹੈ, ਪੁੰਨ ਖਤਮ ਹੋ ਜਾਂਦੇ ਹਨ ਤੇ ਸੰਤਾਂ, ਭਗਤਾਂ, ਜਗਿਆਸੂਆਂ ਦਾ ਮਨ ਪ੍ਰਮੇਸ਼ਰ ਦੇ ਭਜਨ ਵਿਚ ਨਹੀਂ ਲਗਿਆ ਕਰਦਾ ਕਿਉਂਕਿ "ਜੈਸਾ ਅੰਨ, ਵੈਸਾ ਮਨ"। ਆਪ ਜੀ ਨੇ ਮਲਕ ਭਾਗੋ ਦੇ ਪ੍ਰਥਾਇ ਐਸੇ ਬਚਨ ਕੀਤੇ -

*ਬਹੁਤ ਨਰਨ ਕੋ ਸ਼ੋਣਿਤ ਲੀਨਾ ।*
*ਤਿਹਂ ਕੋ ਬ੍ਰਹਮ ਭੋਜ ਤੈਂ ਕੀਨਾ ।*
*ਇਹ ਕੇ ਅਚਵਤ ਪੁੰਨ ਪਲਾਈ ।*
*ਕਲਿਮਲ ਸੋਂ ਧਨ ਕਿਯ ਇਕਠਾਈ ।*
*ਤਪਿਯਨ ਤਪ ਛੀਜਹਿ ਇਹ ਖਾਏ ।*
*ਧਯਾਨੀ ਧਯਾਨ ਨ ਲਗਹਿ ਲਗਾਏ ।* *ਸ੍ਰੀ ਨਾਨਕ ਪ੍ਰਕਾਸ਼*

ਸੋ ਗੁਰਸਿਖਾਂ ਵਾਸਤੇ ਹੁਕਮ ਹੈ ਕਿ ਆਪਣੀ ਕਿਰਤ ਕਮਾਈ ਵਿਚੋਂ ਦਸਵੰਧ ਗੁਰੁ ਦੇ ਲੇਖੇ ਕੱਢਣਾ ਜ਼ਰੂਰੀ ਹੈ ਜੋ ਕਿ ਵੰਡ ਛਕਣ ਤੇ ਲੋੜਵੰਦਾਂ ਦੀ ਸਹਾਇਤਾ ਦਾ ਪ੍ਰਤੀਕ ਹੈ ਅਤੇ ਜਿਸ ਨਾਲ ਅਨੇਕਾਂ ਲੋਕ ਭਲਾਈ ਦੇ ਕਾਰਜ ਕੀਤੇ ਜਾਂਦੇ ਹਨ। ਜਿਹੜਾ ਗੁਰਸਿਖ ਇਸ ਸੁਨਿਹਰੀ ਅਸੂਲ ਦੀ ਪਾਲਣਾ ਕਰਦਾ ਹੈ ਉਸ ਨੂੰ ਆਤਮਿਕ ਸ਼ਾਂਤੀ ਦੇ ਨਾਲ ਨਾਲ ਪ੍ਰਭੂ ਦੀ ਪ੍ਰਸੰਨਤਾ ਵੀ ਮਿਲਦੀ ਹੈ ਅਤੇ ਸਹਿਜ ਸੁਭਾਏ ਵਿਘਨਾਂ ਦਾ ਨਾਸ ਵੀ ਹੁੰਦਾ ਹੈ।

*ਘਾਲਿ ਖਾਇ ਕਿਛੁ ਹਥਹੁ ਦੇਇ ॥*
*ਨਾਨਕ ਰਾਹੁ ਪਛਾਣਹਿ ਸੇਇ ॥* *ਅੰਗ-੧੨੪੫*

ਗੁਰੂ ਨਾਨਕ ਪਾਤਸ਼ਾਹ ਜੀ ਨੇ ਡੁੱਬਦੀ ਹਿੰਦ ਨੂੰ ਜਾਤ-ਪਾਤ ਦੇ ਵਿਤਕਰੇ ਵਿਚੋਂ ਕੱਢਿਆ ਤੇ ਵਿਸ਼ਵਾਸ਼ ਦ੍ਰਿੜ੍ਹ ਕਰਾਇਆ ਕਿ ਸਾਰਿਆਂ ਦੇ ਅੰਦਰ ਕੇਵਲ ਇਕੋ ਪ੍ਰਭੂ ਦੀ ਜੋਤ ਹੈ। ਸਰਬ ਸਾਂਝਾ ਉਪਦੇਸ਼ ਦੇ ਕੇ ਭਗਤੀ ਦੇ ਮਾਰਗ ਉਤੇ ਤੋਰਿਆ ਅਤੇ ਸਾਰਿਆਂ ਨੂੰ ਨਿਜੀ ਸਵੈਮਾਨ ਨਾਲ ਜੀਵਨ ਜੀਊਣ ਦੀ ਪ੍ਰੇਰਨਾ ਦਿਤੀ। ਦੋਹਾਂ ਫਿਰਕਿਆਂ ਦੇ ਅੰਦਰ ਆਪਸੀ ਪ੍ਰੇਮ ਅਤੇ ਭਾਈਚਾਰੇ ਦੀ ਐਸੀ ਜਾਗਰਤੀ ਪੈਦਾ ਕਰ ਦਿਤੀ ਕਿ ਇਸਲਾਮ ਵਾਲਿਆਂ ਨੇ ਆਪ ਜੀ ਨੂੰ ਪੀਰ ਕਹਿ ਕੇ ਨਿਵਾਜਿਆ ਅਤੇ ਹਿੰਦੂ ਜਨਤਾ ਨੇ ਗੁਰੂ ਪ੍ਰਮੇਸ਼ਰ ਕਹਿ ਕੇ ਸਤਿਕਾਰ ਦਿਤਾ। ਦੂਜੇ ਪਾਤਸ਼ਾਹ ਜੀ ਨੇ ਵੀ ਹਮਾਯੂੰ ਨੂੰ ਤਾੜਨਾ ਕੀਤੀ ਕਿ ਤੂੰ ਸਾਨੂੰ ਤਲਵਾਰ ਦਾ ਭੈਅ ਦੇ ਰਿਹਾ ਹੈਂ, ਤੇਰੀ ਤਲਵਾਰ ਤੇ ਬਹਾਦਰੀ ਉਦੋਂ ਕਿਥੇ ਸੀ ਜਦੋਂ ਤੂੰ ਸ਼ੇਰਸ਼ਾਹ ਸੂਰੀ ਤੋਂ ਹਾਰ ਕੇ ਭੱਜਿਆ ਸੀ? ਗੁਰੂ ਤੀਸਰੇ ਤੇ ਚੌਥੇ ਪਾਤਸ਼ਾਹ ਜੀ ਦੇ ਸਮੇਂ ਅਕਬਰ ਦਾ ਰਾਜ ਸੀ ਜਿਸ ਨੇ ਸਾਰੇ ਫਿਰਕਿਆਂ ਦਾ ਆਦਰ ਕੀਤਾ ਤੇ ਆਮ ਜਨਤਾ ਨੂੰ ਸੁੱਖ ਦਾ ਸਾਹ ਆਇਆ। ਜਹਾਂਗੀਰ ਨੇ ਕਟੜਪੰਥੀਆਂ ਦੀ ਚੁੱਕ ਵਿਚ ਆ ਕੇ ਗੁਰੂ ਘਰ ਨਾਲ ਬਖੇੜਾ ਖੜ੍ਹਾ ਕੀਤਾ। ਆਦਿ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਗੁਰੂ ਸਾਹਿਬਾਨ, ਵੱਖੋ-ਵਖਰੇ ਮੱਤਾਂ ਦੇ ਭਗਤਾਂ ਤੇ ਮੁਸਲਮ ਫਕੀਰਾਂ ਦੀ ਬਾਣੀ ਦਾ ਰੱਬੀ ਤੇ ਸੁਲਹਕੁਨ ਉਪਦੇਸ਼ ਪ੍ਰਾਪਤ ਹਨ ਜੋ ਕਿ ਸ਼ੰਕਾਵਾਦੀ ਬਿਰਤੀ ਵਾਲਿਆਂ ਨੂੰ ਪਸੰਦ ਨਹੀਂ ਸਨ। ਗੁਰੂ ਪੰਜਵੇਂ ਪਾਤਸ਼ਾਹ ਜੀ ਨੇ ਗੁਰਮਤਿ ਸਿਧਾਂਤਾਂ ਦੀ ਰਾਖੀ ਵਾਸਤੇ ਆਪ ਕੁਰਬਾਨੀ ਦੇ ਕੇ ਮਨੁੱਖਤਾ ਦੇ ਅੰਦਰ ਆਤਮਕਿ ਜੀਵਨ ਦੀ ਅਣਖੀਲੀ ਰੌਂਅ ਪੈਦਾ ਕਰ ਦਿਤੀ। ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਜੀ ਨੇ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਪਹਿਨ ਕੇ ਭਗਤੀ ਤੇ ਸ਼ਕਤੀ ਦਾ ਸੁਮੇਲ ਕੀਤਾ। ਅਣਖੀਲੇ ਯੋਧੇ ਦੀ ਤਰ੍ਹਾਂ ਪੂਰੀ ਨਿਯਮਬੱਧ ਫੌਜੀ ਸ਼ਕਤੀ ਨਾਲ ਸ਼ਾਹਜਹਾਨ ਦੀਆਂ ਫੌਜਾਂ ਨੂੰ ਚਾਰ ਜੰਗਾਂ ਵਿਚ ਹਾਰ ਦਿਤੀ ਤੇ ਗੁਰੂ ਹਰਿ ਰਾਇ ਜੀ, ਔਰੰਗਜ਼ੇਬ ਦੇ ਬੁਲਾਉਣ ਦੇ ਬਾਵਜੂਦ ਵੀ ਦਿੱਲੀ ਨਹੀਂ ਗਏ ਤੇ ਨਾ ਹੀ ਕਿਸੇ ਕਿਸਮ ਦਾ ਭੈਅ ਖਾਧਾ ਕਿਉਂਕਿ ਗੁਰਮਤਿ ਸਿਧਾਂਤ ਦੇ ਅਨੁਸਾਰ ਨਾ ਕਿਸੇ ਤੋਂ ਡਰੀਦਾ ਹੈ ਤੇ ਨਾ ਹੀ ਕਿਸੇ ਨੂੰ ਫਾਲਤੂ ਡਰਾਈਦਾ ਹੈ। ਅੱਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਮਹਾਰਾਜ ਕੇਵਲ ਸੰਗਤਾਂ ਨੂੰ ਦਰਸ਼ਨ ਦੇਣ ਹਿਤ ਦਿ'ਲੀ ਗਏ ਸਨ ਪਰ ਉਨ੍ਹਾਂ ਨੇ ਕਦੀ ਵੀ ਔਰੰਗਜ਼ੇਬ ਨੂੰ ਮੱਥੇ ਨਹੀਂ ਲਾਇਆ ਅਤੇ ਨਾ ਹੀ ਇਸਲਾਮੀ ਰਾਜ ਦਾ ਭੈ ਮੰਨਿਆ। ਨਿਰਭਉ-ਨਿਰਵੈਰ ਹੋ ਕੇ ਆਪਣੀ ਮੌਜ ਵਿਚ ਸੰਗਤਾਂ ਨੂੰ ਤਾਰਦੇ ਰਹੇ ਤੇ ਉਨ੍ਹਾਂ ਦੇ ਦੁੱਖ ਨਵਿਰਤ ਕਰਦੇ ਰਹੇ।

*ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥*
*ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥*
*ਅੰਗ- ੧੪੨੭*

ਔਰੰਗਜ਼ੇਬ ਬਹੁਤ ਕੱਟੜ ਕਿਸਮ ਦਾ ਜ਼ਾਲਿਮ ਬਾਦਸ਼ਾਹ ਸੀ ਜੋ ਕਿ ਪੂਰੀ ਤਰ੍ਹਾਂ ਨਾਲ ਮਜ਼੍ਹਬੀ ਜ਼ਨੂੰਨ ਨਾਲ ਰੰਗਿਆ ਹੋਇਆ ਸੀ। ਇਸ ਨੇ ਸਭ ਤੋਂ ਪਹਿਲਾਂ ਆਪਣੇ ਸਾਰੇ ਪਰਿਵਾਰ (ਪਿਉ, ਭਰਾ ਤੇ ਭੈਣ) ਨੂੰ ਖਤਮ ਕੀਤਾ ਤੇ ਫੇਰ ਅਪਣੇ ਵਿਰੋਧੀਆਂ ਦਾ ਸਫਾਇਆ ਕੀਤਾ। ਇਥੋਂ ਤੱਕ ਕਿ ਸਰਮ'ਦ ਵਰਗੇ ਕਾਮਲ ਫਕੀਰ ਤੇ ਅਨੇਕਾਂ ਮੱਤਾਂ ਦੇ ਸਾਧੂ-ਸੰਤਾਂ ਨੂੰ ਵੀ ਮੌਤ ਦੇ ਘਾਟ ਉਤਾਰ ਦਿਤਾ। ਸਖਤੀ ਨਾਲ ਸ਼ਰਈ ਕਾਨੂੰਨ ਲਾਗੂ ਕਰ ਦਿਤਾ ਕਿ ਹਰ ਕਿਸੇ ਨੂੰ ਦੀਨੇ-ਇਸਲਾਮ ਵਿਚ ਲਿਆਂਦਾ ਜਾਵੇ ਜਿਹੜਾ ਨਹੀਂ ਮੰਨਦਾ ਉਸ ਨੂੰ ਕਤਲ ਕਰ ਦਿਤਾ ਜਾਵੇ। ਕੱਟੜ ਬੰਦਿਆਂ ਨੇ ਇਸ ਨੂੰ ਸਲਾਹ ਦਿਤੀ ਕਿ ਕਸ਼ਮੀਰ ਪੜ੍ਹੇ ਲਿਖੇ ਵਿਦਵਾਨ ਪੰਡਤਾਂ ਦਾ ਗੜ੍ਹ ਹੈ ਤੇ ਹਿੰਦੂ ਜਨਤਾ ਜਜਮਾਨਾਂ ਦੀ ਤਰ੍ਹਾਂ ਉਨ੍ਹਾਂ ਦੀ ਪ੍ਰਹੋਤੀ ਅ'ਗੇ ਝੁਕਦੀ ਤੇ ਹੁਕਮ ਮੰਨਦੀ ਹੈ। ਜੇਕਰ ਕਸ਼ਮੀਰੀ ਪੰਡਿਤਾਂ ਨੇ ਇਸਲਾਮ ਕਬੂਲ ਕਰ ਲਿਆ ਤਾਂ ਸਾਰਾ ਹਿੰਦੋਸਤਾਨ ਆਪਣੇ ਆਪ ਹੀ ਸ਼ਰ੍ਹਾ ਵਿਚ ਆ ਜਾਵੇਗਾ। ਉਸ ਨੇ ਤੁਰੰਤ ਕਸ਼ਮੀਰ ਦੇ ਸੂਬੇ ਸ਼ੇਰ ਅਫਗਾਨ ਨੂੰ ਹੁਕਮ ਦੇ ਕੇ ਕਸ਼ਮੀਰੀ ਪੰਡਤਾਂ ਉਤੇ 'ਦੀਨੇ-ਇਸਲਾਮ ਕਬੂਲ' ਦਾ ਫਤਵਾ ਲਗਵਾ ਦਿਤਾ। ਇਸ ਦੁਆਰਾ ਉਥੇ ਕਤਲ ਤੇ ਤਸੀਹੇ ਦਾ ਡਰ ਦੇ ਕੇ ਜਬਰਨ ਧਰਮ ਪਰਿਵਰਤਨ ਦਾ ਸਿਲਸਿਲਾ ਸ਼ੁਰੂ ਹੋ ਗਿਆ। ਜਿਹੜਾ ਨਾ ਮੰਨੇ ਉਸ ਨੂੰ ਮੌਤ ਦੀ ਸਜ਼ਾ, ਜਾਇਦਾਦ ਜ਼ਬਤ ਤੇ ਉਸ ਦੇ ਘਰ ਦੀ ਇਜ਼ਤ-ਆਬਰੂ ਮਿੱਟੀ ਵਿਚ ਰੋਲੀ ਜਾਂਦੀ ਸੀ। ਇਸ ਦੇ ਫਲ ਸਰੂਪ ਸਾਰੇ ਕਸ਼ਮੀਰ ਵਿਚ ਹਫੜਾ-ਦਫੜੀ ਮਚ ਗਈ ਤੇ ਬਿਪਤਾ ਦੇ ਮਾਰੇ ਲੋਕ ਮੌਤ ਦੇ ਡਰ ਕਰਕੇ ਭੱਜਣੇ ਸ਼ੁਰੂ ਹੋ ਗਏ। 'ਤਵਾਰੀਖ ਗੁਰੂ ਖਾਲਸਾ' ਦੇ ਕਰਤਾ ਅਨੁਸਾਰ ਪੰਡਿਤਾਂ ਦਾ ਇਕ ਜਥਾ ਪੰਜਾਬ ਦੇ ਸੂਬੇ ਜ਼ਾਲਿਮ ਖਾਨ ਕੋਲ ਅਰਜ਼ੀ ਲੈ ਕੇ ਲਾਹੌਰ ਪੁੱਜਿਆ। ਇਸ ਵਿਚ ਦਿੱਲੀ ਦੇ

ਬਾਦਸ਼ਾਹ ਔਰੰਗਜ਼ੇਬ ਪਾਸੋਂ ਛੇ ਮਹੀਨੇ ਦੀ ਮੁਹਲਤ ਮੰਗੀ ਗਈ ਸੀ ਜੋ ਮਨਜ਼ੂਰ ਕਰਵਾ ਦਿਤੀ ਗਈ ਸੀ। ਅਰਜ਼ੀ ਵਿਚ ਇਹ ਵੀ ਮੰਗ ਸੀ ਕਿ ਇਕ ਦਫਾ ਆਪਣੇ ਧਰਮ ਮੰਦਰਾਂ ਵਿਚ ਜਾ ਕੇ ਸਾਨੂੰ ਬੇਨਤੀ ਕਰਨ ਦਾ ਸਮਾਂ ਦਿਤਾ ਜਾਵੇ, ਫੇਰ ਅਸੀਂ ਇਸ ਬਾਰੇ ਕੁਝ ਨਹੀਂ ਕਹਾਂਗੇ। ਇਹ ਸਾਰੇ ਇਕੱਠੇ ਹੋ ਕੇ ਅਮਰਨਾਥ ਦੇ ਮੰਦਿਰ ਪਹੁੰਚ ਗਏ। ਅੰਨ-ਜਲ ਦਾ ਤਿਆਗ ਕਰਕੇ ਉਥੇ ਧਰਨਾ ਦੇ ਕੇ ਬੈਠ ਗਏ ਤਾਂ ਉਸ ਜਗ੍ਹਾ ਤੋਂ ਉਨ੍ਹਾਂ ਨੂੰ ਪ੍ਰੇਰਨਾ ਹੋਈ ਕਿ ਤੁਸੀਂ ਇਥੇ ਬੈਠੇ ਕੀ ਕਰਦੇ ਹੋ? ਇਸ ਵੇਲੇ ਗੁਰੂ ਨਾਨਕ ਸਾਹਿਬ ਦੇ ਦਰ ਤੋਂ ਬਿਨਾਂ ਤੁਹਾਡੀ ਕੋਈ ਵੀ ਸਹਾਇਤਾ ਨਹੀਂ ਕਰ ਸਕਦਾ। ਤੁਸੀਂ ਗੁਰੂ ਤੇਗ ਬਹਾਦਰ ਜੀ ਦੀ ਸ਼ਰਨ ਵਿਚ ਜਾ ਕੇ ਬੇਨਤੀ ਕਰੋ, ਉਹ ਤੁਹਾਡੀ ਰੱਖਿਆ ਕਰਨਗੇ। ਉਸੇ ਵੇਲੇ ਸਾਰੇ ਪੰਡਿਤਾਂ ਦਾ ਜਥਾ, ਪੰਡਤ ਕਿਰਪਾ ਰਾਮ ਦੀ ਅਗਵਾਈ ਹੇਠ ਅਨੰਦਪੁਰ ਸਾਹਿਬ ਵਲ ਰਵਾਨਾ ਹੋ ਗਿਆ। ਸਾਰਿਆਂ ਨੇ ਪਹੁੰਚ ਕੇ ਗੁਰੂ ਤੇਗ ਬਹਾਦਰ ਜੀ ਦੇ ਚਰਨਾਂ ਤੇ ਨਮਸ਼ਕਾਰ ਕੀਤੀ ਅਤੇ ਰੋ-ਰੋ ਕੇ ਆਪਣਾ ਹਾਲ ਦੱਸਿਆ। ਬਾਲਾ ਪ੍ਰੀਤਮ ਜੀ, ਜਿਨ੍ਹਾਂ ਦੀ ਉਮਰ ਉਸ ਵੇਲੇ ਨੌਂ ਸਾਲ ਦੀ ਸੀ, ਪੰਡਤਾਂ ਦੀ ਦੁਖੀ ਦਸ਼ਾ ਦੇਖ ਕੇ ਉਨ੍ਹਾਂ ਦਾ ਹਿਰਦਾ ਦ੍ਰਵ ਗਿਆ। ਗੁਰੂ ਪਿਤਾ ਜੀ ਨੂੰ ਬੇਨਤੀ ਕਰਕੇ ਕਹਿਣ ਲੱਗੇ ਕਿ ਇਹ ਦੁਖੀਏ ਪੰਡਿਤ ਆਪ ਜੀ ਦੇ ਦਰ ਤੇ ਪੁਕਾਰ ਕਰਨ ਆਏ ਹਨ, ਕਿਰਪਾ ਕਰਕੇ ਇਨ੍ਹਾਂ ਦਾ ਦੁਖ ਦੂਰ ਕਰੋ ਜੋ ਕਿ ਗੁਰੂ ਨਾਨਕ ਪਾਤਸ਼ਾਹ ਜੀ ਦੇ ਦਰ ਦਾ ਬਿਰਦ ਹੈ।

*ਜੋ ਸਰਣਿ ਆਵੈ ਤਿਸੁ ਕੰਠਿ ਲਾਵੈ*
*ਇਹੁ ਬਿਰਦੁ ਸੁਆਮੀ ਸੰਦਾ॥* *ਅੰਗ-੫੪੪*

ਗੁਰੂ ਤੇਗ ਬਹਾਦਰ ਜੀ ਮਹਾਰਾਜ ਕਹਿਣ ਲੱਗੇ, ਪਿਆਰੇ ਗੋਬਿੰਦ ਰਾਇ ਜੀ! ਇਨ੍ਹਾਂ ਦਾ ਧਰਮ ਸੰਕਟ ਬਹੁਤ ਭਾਰੀ ਹੈ, ਇਹ ਤਦ ਹੀ ਦੂਰ ਹੋ ਸਕਦਾ ਹੈ ਜੇਕਰ ਐਸ ਵੇਲੇ ਕੋਈ ਸਤਿ-ਪੁਰਸ਼ ਧਰਮਾਤਮਾ ਇਨ੍ਹਾਂ ਦੇ ਧਰਮ ਦੀ ਰੱਖਿਆ ਵਾਸਤੇ ਸ਼ਹਾਦਤ ਦੇਵੇ। ਭਾਵੇਂ ਸੱਚੇ ਪਾਤਸ਼ਾਹ ਜੀ ਨੂੰ ਤਾਂ ਪੂਰਨ ਭਰੋਸਾ ਸੀ ਪਰ ਫੇਰ ਵੀ ਐਸੇ ਬਚਨ ਸੰਸਾਰ ਦਾ ਸੰਸਾ ਨਵਿਰਤ ਕਰਨ ਹਿਤ ਕੀਤੇ ਜੋ ਕਿ ਬਾਲਾ ਪ੍ਰੀਤਮ ਜੀ ਵਾਸਤੇ ਪਰਖ ਦੀ ਘੜੀ ਸੀ। ਉਸ ਵੇਲੇ ਝਟ ਬਾਲਾ ਪ੍ਰੀਤਮ ਜੀ ਨੇ ਉਤਰ ਦਿਤਾ ਕਿ ਪਿਤਾ ਸਤਿਗੁਰੂ ਜੀ! ਇਸ ਵੇਲੇ ਸੰਸਾਰ ਅੰਦਰ ਆਪ ਜੀ ਤੋਂ ਵੱਡਾ ਕੋਈ ਵੀ ਹੋਰ ਸਤਿਪੁਰਸ਼ ਧਰਮਾਤਮਾ ਨਹੀਂ ਜੋ ਧਰਮ ਵਾਸਤੇ ਸ਼ਹੀਦੀ ਦੇ ਸਕੇ। ਇਸ ਲਈ ਆਪ ਜੀ ਦਿੱਲੀ ਜਾ ਕੇ ਇਨ੍ਹਾਂ ਦੇ ਤਿਲਕ-ਜੰਞੂ ਨੂੰ ਬਚਾ ਕੇ ਧਰਮ ਦੀ ਰਾਖੀ ਕਰੋ। ਸਤਿਗੁਰੂ ਜੀ ਨੇ ਪੰਡਤਾਂ ਨੂੰ ਤਸੱਲੀ ਦੇ ਕੇ ਤੋਰ ਦਿੱਤਾ ਕਿ ਦਿ'ਲੀ ਚਿ'ਠੀ ਭੇਜ ਦੇਵੋ ਕਿ ਜੇਕਰ ਸਾਡੇ ਗੁਰੂ ਸਾਹਿਬ ਸ਼ਰ੍ਹਾ ਵਿਚ ਆਉਣਗੇ ਤਾਂ ਅਸੀਂ ਆਪਣੇ ਆਪ ਹੀ ਦੀਨ ਕਬੂਲ ਕਰ ਲਵਾਂਗੇ। ਕਸ਼ਮੀਰੀ ਪੰਡਿਤਾਂ ਨੇ ਚਿਠੀ ਲਿਖ ਕੇ ਕਸ਼ਮੀਰ ਦੇ ਗਵਰਨਰ ਸ਼ੇਰ ਅਫਗਾਨ ਨੂੰ ਦੇ ਦਿਤੀ ਤੇ ਉਸ ਨੇ ਉਹ ਚਿਠੀ ਔਰੰਗਜ਼ੇਬ ਨੂੰ ਭੇਜ ਦਿਤੀ। ਔਰੰਗਜ਼ੇਬ ਚਿਠੀ ਪੜ੍ਹ ਕੇ ਹੈਰਾਨ ਵੀ ਹੋਇਆ ਤੇ ਖੁਸ਼ ਵੀ ਹੋਇਆ । ਹੈਰਾਨ ਇਸ ਗ'ਲ ਤੇ ਹੋਇਆ ਕਿ ਐਡੀ ਵੱਡੀ ਜ਼ਿਮੇਵਾਰੀ ਸਤਿਗੁਰੂ ਜੀ ਨੇ ਆਪਣੇ ਸਿਰ ਤੇ ਲੈ ਲਈ ਅਤੇ ਖੁਸ਼ੀ ਇਸ ਗ'ਲ ਦੀ ਹੋਈ ਕਿ ਇਕ ਨੂੰ ਇਸਲਾਮ ਵਿਚ ਲਿਆਉਣ ਨਾਲ ਸਾਰਾ ਹਿੰਦੋਸਤਾਨ ਸ਼ਰ੍ਹਾ ਵਿਚ ਆ ਜਾਵੇਗਾ। ਜਦੋਂ ਇਸ ਨੇ ਗ੍ਰਿਫਤਾਰੀ ਦੇ ਵਰੰਟ ਅਨੰਦਪੁਰ ਸਾਹਿਬ ਭੇਜੇ ਤਾਂ ਸ'ਚੇ ਪਾਤਸ਼ਾਹ ਜੀ ਕਹਿਣ ਲੱਗੇ ਕਿ ਔਰੰਗਜ਼ੇਬ ਨੂੰ ਕਹਿ ਦਿਓ ਕਿ ਅਸੀਂ ਆਪਣੇ ਆਪ ਹੀ ਪਹੁੰਚ ਜਾਂਵਾਂਗੇ । ਪਿਆਦਿਆਂ ਨੇ ਜਾ ਕੇ ਔਰੰਗਜ਼ੇਬ ਨੂੰ ਦ'ਸਿਆ ਤਾਂ ਹੈਰਾਨੀ ਨਾਲ ਕਹਿੰਦਾ ਕਿ ਆਪ ਆ ਜਾਣਗੇ ? ਕੋਲ ਰਾਮਰਾਇ ਬੈਠਾ ਸੀ, ਉਸ ਨੇ ਕਿਹਾ ਬਾਦਸ਼ਾਹ! ਨੌਂਵੇਂ ਪਾਤਸ਼ਾਹ ਜੀ ਬਚਨ ਦੇ ਸੂਰੇ ਹਨ, ਜੋ ਉਨ੍ਹਾਂ ਨੇ ਕਹਿ ਦਿਤਾ ਤਾਂ ਜ਼ਰੂਰ ਆਉਣਗੇ। ਉਹ ਪੂਰਨ ਪੁਰਖ ਹਨ, ਬਚਨ ਨੂੰ ਨਿਭਾਉਣ ਦੀ ਸਮਰੱਥਾ ਰੱਖਦੇ ਹਨ।

*ਸੂਰਬੀਰ ਬਚਨ ਕੇ ਬਲੀ ॥* *ਅੰਗ-੩੯੨*

ਆਪ ਜੀ ਨੇ ਜਾਣ ਦੀ ਤਿਆਰੀ ਕਰ ਲਈ ਤੇ ਜਾਣ ਤੋਂ ਪਹਿਲਾਂ ਗੁਰੂ ਘਰ ਦੀ ਮਰਯਾਦਾ ਅਨੁਸਾਰ ਪੰਜ ਪੈਸੇ ਤੇ ਨਾਰੀਅਲ ਰੱਖ ਕੇ ਬਾਲਾ ਪ੍ਰੀਤਮ ਜੀ ਦੀਆਂ ਪੰਜ ਪ੍ਰਕਰਮਾ ਕਰਕੇ ਮੱਥਾ ਟੇਕਿਆ ਤੇ ਸੰਗਤਾਂ ਦੇ ਇਕੱਠ ਨੂੰ ਸੰਬੋਧਨ ਕਰਕੇ ਕਿਹਾ ਕਿ ਅੱਜ ਤੋਂ ਇਹ ਦਸਵੇਂ ਗੁਰੂ ਹਨ, ਤੁਹਾਡੀ ਬਾਂਹ ਇਨ੍ਹਾਂ ਨੂੰ ਫੜਾ ਕੇ ਜਾ ਰਹੇ ਹਾਂ, ਇਨ੍ਹਾਂ ਦੀ ਬਾਂਹ ਫੜ ਕੇ ਰੱਖਿਓ, ਇਹ ਤੁਹਾਡੀ ਹਰ ਥਾਂ ਸਹਾਇਤਾ ਕਰਨਗੇ। ਉਸ ਵੇਲੇ ਬਾਲਾ ਪ੍ਰੀਤਮ ਗੁਰੂ ਗੋਬਿੰਦ ਰਾਇ ਜੀ ਨੂੰ ਉਪਦੇਸ਼ ਦੇ ਕੇ ਬਚਨ ਕੀਤਾ ਕਿ ਅਕਾਲ ਪੁਰਖ ਜੀ ਨੇ ਜਿਸ ਕੰਮ ਵਾਸਤੇ ਤੁਹਾਨੂੰ ਭੇਜਿਆ ਹੈ ਤੁਸੀਂ ਉਹ ਕਾਰਜ ਪੂਰੇ ਕਰਨੇ ਹਨ ।

ਪੰਥ ਮਰਯਾਦਾ ਨਵ ਤਨ ਕਰਓ ।
*ਪੀਰ ਮੀਰ ਕੀ ਕਾਣ ਨ ਕਰਓ ।* *ਸ੍ਰੀ ਸੂਰਜ ਪ੍ਰਤਾਪ*

(ਪੰਨਾ 16 ਦੀ ਬਾਕੀ)

*ਧਰਮ ਚਲਾਵਨ ਸੰਤ ਉਬਾਰਨ।*
*ਦੁਸ਼ਟ ਸਭਨ ਕੋ ਮੂਲ ਉਪਾਰਨ।* ਸ੍ਰੀ ਦਸਮ ਗ੍ਰੰਥ

ਕਿਸੇ ਵੀ ਵੱਡੇ ਤੋਂ ਵੱਡੇ ਦੁਨਿਆਵੀ ਬਾਦਸ਼ਾਹ ਦੀ ਪਰਵਾਹ ਨਹੀਂ ਕਰਨੀ, ਜੋ ਅਕਾਲ ਪੁਰਖ ਦਾ ਹੁਕਮ ਹੋਇਆ ਹੈ ਉਸ ਨੂੰ ਨੇਪਰੇ ਚਾੜ੍ਹਿਓ। ਤੁਸੀਂ ਖਾਲਸਾ ਪੰਥ ਦੀ ਸਾਜਣਾ ਕਰਨੀ ਹੈ ਕਿਉਂਕਿ ਤੁਹਾਡੇ ਸਾਜੇ ਹੋਏ ਖਾਲਸੇ ਨੇ ਜ਼ੁਲਮੀ ਰਾਜ ਦਾ ਅੰਤ ਕਰਨਾ ਹੈ। ਸੋ ਆਪ ਜੀ ਨੇ ਦਿਲੀ ਵੱਲ ਨੂੰ ਚਾਲੇ ਪਾ ਦਿਤੇ, ਰਸਤੇ ਵਿਚ ਥਾਂ-ਥਾਂ ਸੰਗਤਾਂ ਨੂੰ ਤਾਰਦੇ ਹੋਏ ਦਿੱਲੀ ਪਹੁੰਚੇ। ਧਰਮ ਹੇਤ ਆਪਣੀ ਸ਼ਹਾਦਤ ਦੇ ਕੇ ਧਰਮ ਅਤੇ ਤਿਲਕ-ਜੰਞੂ ਦੀ ਰਾਖੀ ਕੀਤੀ। ਇਸ ਬਾਰੇ ਦਸ਼ਮੇਸ਼ ਪਿਤਾ ਜੀ ਦੇ ਬਚਨ ਹਨ।

*ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥*
*ਕੀਨੋ ਬਡੋ ਕਲੂ ਮਹਿ ਸਾਕਾ॥*
*ਸਾਧਨ ਹੇਤਿ ਇਤੀ ਜਿਨਿ ਕਰੀ॥*
*ਸੀਸੁ ਦੀਆ ਪਰ ਸੀ ਨ ਉਚਰੀ॥*
*ਧਰਮ ਹੇਤਿ ਸਾਕਾ ਜਿਨਿ ਕੀਆ॥*
*ਸੀਸ ਦੀਆ ਪਰ ਸਿਰਰੁ ਨ ਦੀਆ॥*
*ਠੀਕਰਿ ਫੋਰਿ ਦਿਲੀਸਿ ਸਿਰਿ*
*ਪ੍ਰਭ ਪੁਰਿ ਕੀਯਾ ਪਯਾਨ ॥*
*ਤੇਗ ਬਹਾਦਰ ਸੀ ਕ੍ਰਿਆ*
*ਕਰੀ ਨ ਕਿਨਹੂੰ ਆਨ ॥* ਸ੍ਰੀ ਦਸਮ ਗ੍ਰੰਥ

ਜਦੋਂ ਆਪ ਜੀ ਗੁਰ ਗੱਦੀ ਉਤੇ ਬਿਰਾਜਮਾਨ ਹੋਏ ਆਰਜਾ ਤਾਂ ਭਾਵੇਂ ਛੋਟੀ ਸੀ ਪਰ ਉਸ ਵੇਲੇ ਹਿੰਦ ਵਿਚ ਮੁਗਲ ਹਾਕਮਾਂ ਦੇ ਜ਼ੁਲਮ ਦਾ ਅੰਧਕਾਰ ਵੀ ਹਰ ਪਾਸੇ ਪੂਰਾ ਫੈਲਿਆ ਹੋਇਆ ਸੀ। ਆਪ ਜੀ ਨੇ ਚੜ੍ਹਦੀ ਕਲਾ ਨਾਲ ਜਿਥੇ ਸਿੱਖ ਸੰਗਤਾਂ ਨੂੰ ਨਾਮ ਬਾਣੀ ਦੇ ਰੂਹਾਨੀ ਉਪਦੇਸ਼ ਨਾਲ ਆਤਮਕਿ ਤੌਰ ਤੇ ਅਡੋਲ ਬਣਾਇਆ, ਉਥੇ ਰਣਜੀਤ ਨਗਾਰੇ ਦੀ ਚੋਟ ਨਾਲ ਸਿੱਖਾਂ ਨੂੰ ਘੋੜ ਸਵਾਰੀ, ਤੀਰਅੰਦਾਜ਼ੀ ਤੇ ਸ਼ਸਤਰ ਚਲਾਉਣ ਦੀ ਸਿਖਿਆ ਦੇ ਕੇ ਜੰਗ-ਜੂਝ ਯੋਧਿਆਂ ਵਿਚ ਤਬਦੀਲ ਕਰ ਦਿਤਾ ਤਾ ਕਿ ਸਮਾਂ ਆਉਣ ਤੇ ਧਰਮ ਦੇ ਵੈਰੀਆਂ ਨਾਲ ਦੋ-ਹੱਥ ਕਰਕੇ ਉਨ੍ਹਾਂ ਦਾ ਮੂੰਹ ਮੋੜਨ ਦੇ ਸਮਰੱਥ ਬਣਕੇ ਦੇਸ਼, ਧਰਮ ਅਤੇ ਕੌਮ ਦੇ ਰਖਵਾਲੇ ਹੋ ਜਾਣ। ਇਸੇ ਸਮੇਂ ਦੇ ਅੰਦਰ ਬਾਈਧਾਰ ਦੇ ਪਹਾੜੀ ਰਾਜੇ ਜੋ ਖਾਮਖਾਹ ਗਲ ਪੈਂਦੇ ਸੀ, ਉਨ੍ਹਾਂ ਨੂੰ ਵੀ ਸਿੱਖ ਸੂਰਮਿਆਂ ਨੇ ਕਈ ਵਾਰ ਕਰਾਰੇ ਹੱਥ ਦਿਖਾ ਕੇ ਹਾਰ ਦਿਤੀ।

ਮਿਲਾ ਨਹੀਂ ਸਕਦਾ ਕਿਉਂਕਿ ਤੈਨੂੰ ਕੋਈ ਵੀ ਰਸਤੇ ਦੀ ਸੋਝੀ ਨਹੀਂ ਹੈ। ਉਨ੍ਹਾਂ ਪਿਆਰਿਆਂ ਦੀ ਡਿਊਟੀ ਪ੍ਰਭੂ ਨੇ ਲਾਈ ਹੋਈ ਹੈ ਉਨ੍ਹਾਂ ਉਪਰ ਸ਼ੰਕਾ ਨਾ ਕਰ। ਦਿਨ ਲੰਘ ਰਹੇ ਹਨ, ਹਫਤੇ ਲੰਘ ਰਹੇ ਹਨ; ਵੇਲਾ ਹੈ ਤੂੰ ਹੁਣ ਆਪਣੇ ਆਪ ਨੂੰ ਸੰਭਾਲ -

*ਉਮਰ ਓਹਾ ਵਿਚ ਲੇਖੇ ਦੇ*
*ਜੋ ਯਾਦ ਸਾਂਈ ਵਿਚ ਗੁਜਰੇ,*
*ਪੈਂਦੀ ਮੁਜਰੇ।*
*ਨਹੀਂ ਤਾਂ ਸਾਨੂੰ ਹਾਸਲ ਕੀ ਹੈ*
*ਇਸ ਵਿਚ ਨੀਲੇ ਹੁਜਰੇ, ਸੰਝ ਤੇ ਫਜਰੇ।*
ਭਾਈ ਵੀਰ ਸਿੰਘ

ਸੋ ਇਸ ਕਰਕੇ ਤੂੰ ਆਪਣਾ ਕਾਰਜ ਕਰ, ਸਮੇਂ ਨੂੰ ਸੰਭਾਲ।

*ਚੇਤਨਾ ਹੈ ਤਉ ਚੇਤ ਲੈ*
*ਨਿਸਿ ਦਿਨਿ ਮੈ ਪ੍ਰਾਨੀ॥*
*ਛਿਨੁ ਛਿਨੁ ਅਉਧ ਬਿਹਾਤੁ ਹੈ*
*ਫੂਟੈ ਘਟ ਜਿਉ ਪਾਨੀ॥*
*ਹਰਿ ਗੁਨ ਕਾਹਿ ਨ ਗਾਵਹੀ*
*ਮੂਰਖ ਅਗਿਆਨਾ॥*
*ਝੂਠੈ ਲਾਲਚਿ ਲਾਗਿ ਕੈ*
*ਨਹਿ ਮਰਨੁ ਪਛਾਨਾ॥*
*ਅਜਹੂ ਕਛੁ ਬਿਗਰਿਓ ਨਹੀ*
*ਜੋ ਪ੍ਰਭ ਗੁਨ ਗਾਵੈ॥*
*ਕਹੁ ਨਾਨਕ ਤਿਹ ਭਜਨ ਤੇ*
*ਨਿਰਭੈ ਪਦੁ ਪਾਵੈ॥* ਅੰਗ - ੭੨੬

ਸੋ ਇਸ ਕਰਕੇ ਗੁਰੂ ਮਹਾਰਾਜ ਦੇ ਉਪਦੇਸ਼ਾਂ ਨੂੰ ਹਿਰਦੇ ਵਿਚ ਵਸਾਓ ਕਿਉਂਕਿ ਅਸਾਡਾ ਮਾਨਸ ਜਨਮ ਜਿਸ ਦੀ ਲੋਚਾ ਦੇਵ ਲੋਕ ਦੇ ਦੇਵਤੇ ਵੀ ਕਰ ਰਹੇ ਹਨ, ਅਸਾਨੂੰ ਪ੍ਰਾਪਤ ਹੋਇਆ ਹੈ -

*ਭਈ ਪਰਾਪਤਿ ਮਾਨੁਖ ਦੇਹੁਰੀਆ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥*
*ਸਰੰਜਾਮਿ ਲਾਗੁ ਭਵਜਲ ਤਰਨ ਕੈ॥*
*ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ॥*
ਅੰਗ - ੧੨

# ਨਾਮ-ਜਪ-ਸਿਮਰਨ ਅਤੇ ਗੁਰਬਾਣੀ ਵਿਚਾਰ

*ਡਾ. ਜਗਜੀਤ ਸਿੰਘ*
*ਚੀਫ ਐਡੀਟਰ, ਆਤਮ ਮਾਰਗ*

## ਮੇਰੇ ਮਨ ਏਕਸ ਸਿਉ ਚਿਤੁ ਲਾਇ

'ਰਹਾਉ' ਦੀ ਇਸ ਪੰਕਤੀ ਵਿਚ ਗੁਰੂ ਜੀ ਮਨੁੱਖਾ ਜੀਵਨ ਨੂੰ ਅਮੋਲਕ ਵਸਤੂ ਮੰਨ ਕੇ ਉਸ ਦਾ ਜੀਵਨ-ਲਕਸ਼ ਦਸ ਰਹੇ ਹਨ ਅਤੇ ਨਾਲ ਹੀ ਇਸ ਲਕਸ਼ ਦੀ ਪ੍ਰਾਪਤੀ ਦਾ ਸਾਧਨ ਵੀ ਦੱਸਿਆ ਹੈ। ਜੀਵਨ ਦਾ ਇਕੋ ਲਕਸ਼ ਹੈ, ਪ੍ਰਭੂ ਨਾਲ ਮੇਲ ਅਤੇ ਇਸ ਲਕਸ਼ ਦੀ ਪ੍ਰਾਪਤੀ ਦਾ ਇਕੋ ਸਾਧਨ ਹੈ, ਪ੍ਰਭੂ ਨਾਲ ਪਿਆਰ, ਪ੍ਰਭੂ ਨਾਮ ਨਾਲ ਪਿਆਰ, ਉਸ ਦੀ ਯਾਦ, ਸਿਫਤਿ ਸਾਲਾਹ ਅਤੇ ਸਿਮਰਨ। ਇਸ ਲਈ ਮਨ ਨੂੰ ਸੰਬੋਧਨ ਕਰਦਿਆਂ ਕਿਹਾ ਹੈ ਕਿ ਹੇ ਮੇਰੇ ਮਨ! ਸਿਰਫ ਇਕ ਪ੍ਰਮਾਤਮਾ ਨਾਲ ਸੁਰਤਿ ਜੋੜ। ਪ੍ਰਮਾਤਮਾ ਦੇ ਪਿਆਰ ਤੋਂ ਬਿਨਾਂ ਦੁਨੀਆਂ ਦਾ ਪਿਆਰ, ਦੁਨੀਆਂ ਦੇ ਸਾਰੇ ਕਾਰ ਵਿਹਾਰ ਝੂਠੇ ਤੇ ਨਿਰਾਰਥਕ ਧੰਦੇ ਹਨ, ਲਕਸ਼ ਦੀ ਪ੍ਰਾਪਤੀ ਵਿਚ ਸਹਾਇਕ ਨਹੀਂ ਸਗੋਂ ਵਿਘਨਕਾਰੀ ਸਿੱਧ ਹੁੰਦੇ ਹਨ। ਇਸ ਵਿਚਾਰ ਦੀ ਪ੍ਰੋੜਤਾ ਅਤੇ ਵਿਸਥਾਰ ਪੂਰੇ ਸ਼ਬਦ ਵਿਚ ਪ੍ਰਾਪਤ ਹੈ। ਪੰਚਮ ਸਤਿਗੁਰੂ ਜੀ ਦਾ ਸਿਰੀ ਰਾਗ ਵਿਚ ਉਚਾਰਨ ਕੀਤਾ ਪੂਰਾ ਸ਼ਬਦ ਇਸ ਪ੍ਰਕਾਰ ਹੈ -

***ਸਿਰੀਰਾਗੁ ਮਹਲਾ ੫ ॥ ਸਭੇ ਥੋਕ ਪਰਾਪਤੇ ਜੇ ਆਵੈ ਇਕੁ ਹਥਿ ॥ ਜਨਮੁ ਪਦਾਰਥੁ ਸਫਲੁ ਹੈ ਜੇ ਸਚਾ ਸਬਦੁ ਕਥਿ ॥ ਗੁਰ ਤੇ ਮਹਲੁ ਪਰਾਪਤੇ ਜਿਸੁ ਲਿਖਿਆ ਹੋਵੈ ਮਥਿ ॥ ੧ ॥ ਮੇਰੇ ਮਨ ਏਕਸ ਸਿਉ ਚਿਤੁ ਲਾਇ ॥ ਏਕਸ ਬਿਨੁ ਸਭ ਧੰਧੁ ਹੈ ਸਭ ਮਿਥਿਆ ਮੋਹੁ ਮਾਇ ॥ ੧ ॥ ਰਹਾਉ ॥ ਲਖ ਖੁਸੀਆ ਪਾਤਿਸਾਹੀਆ ਜੇ ਸਤਿਗੁਰੁ ਨਦਰਿ ਕਰੇਇ ॥ ਨਿਮਖ ਏਕ ਹਰਿ ਨਾਮੁ ਦੇਇ ਮੇਰਾ ਮਨੁ ਤਨੁ ਸੀਤਲੁ ਹੋਇ ॥ ਜਿਸ ਕਉ ਪੂਰਬਿ ਲਿਖਿਆ ਤਿਨਿ ਸਤਿਗੁਰ ਚਰਨ ਗਹੇ ॥ ੨ ॥ ਸਫਲ ਮੂਰਤੁ ਸਫਲਾ ਘੜੀ ਜਿਤੁ ਸਚੇ ਨਾਲਿ ਪਿਆਰੁ ॥ ਦੂਖੁ ਸੰਤਾਪੁ ਨ ਲਗਈ ਜਿਸੁ ਹਰਿ ਕਾ ਨਾਮੁ ਅਧਾਰੁ ॥ ਬਾਹ ਪਕੜਿ ਗੁਰਿ ਕਾਢਿਆ ਸੋਈ ਉਤਰਿਆ ਪਾਰਿ ॥ ੩ ॥ ਥਾਨੁ ਸੁਹਾਵਾ ਪਵਿਤੁ ਹੈ ਜਿਥੈ ਸੰਤ ਸਭਾ ॥ ਢੋਈ ਤਿਸ ਹੀ ਨੋ ਮਿਲੈ ਜਿਨਿ ਪੂਰਾ ਗੁਰੂ ਲਭਾ ॥ ਨਾਨਕ ਬਧਾ ਘਰੁ ਤਹਾਂ ਜਿਥੈ ਮਿਰਤੁ ਨ ਜਨਮੁ ਜਰਾ ॥ ੪ ॥ ੬ ॥ ੭੬ ॥ ਅੰਗ- ੪੪***

ਇਸ ਸ਼ਬਦ ਵਿਚ ਵਿਅਕਤ ਗੁਰਮਤਿ ਵਿਚਾਰਧਾਰਾ ਨੂੰ ਦਰਸਾਉਣ ਤੋਂ ਪਹਿਲਾਂ ਇਹ ਗੱਲ ਸਮਝ ਲੈਣੀ ਉਚਿਤ ਹੋਵੇਗੀ ਕਿ ਗੁਰਬਾਣੀ ਦਾ ਹਰੇਕ ਸ਼ਬਦ ਆਪਣੇ ਆਪ ਵਿਚ ਇਕ ਸੰਪੂਰਨ ਇਕਾਈ ਹੈ, ਹਰੇਕ ਸ਼ਬਦ ਗੁਰਮਤਿ ਜੀਵਨ ਦਾ ਇਕ ਮਾਡਲ ਪੇਸ਼ ਕਰਦਾ ਹੈ। ਇਸ ਸ਼ਬਦ ਵਿਚ ਐਸੇ ਮਾਡਲ ਦੇ ਚਾਰ ਅੰਗ ਸਪੱਸ਼ਟ ਤੌਰ ਤੇ ਵੇਖੇ ਜਾ ਸਕਦੇ ਹਨ -

ਪਹਿਲਾ - ਜੀਵਨ ਦਾ ਲਕਸ਼ ਜਾਂ ਮਨੋਰਥ।

ਦੂਜਾ - ਲਕਸ਼ ਦੀ ਪ੍ਰਾਪਤੀ ਲਈ ਗੁਰੂ ਦੀ ਆਵਸ਼ਕਤਾ, ਕਰਤੱਵ ਅਤੇ ਵਡਿਆਈ।

ਤੀਜਾ - ਸਾਧਨਾ ਪੱਖ - ਗੁਰੂ ਤੋਂ ਪ੍ਰਾਪਤ ਨਾਮ, ਜਾਪ ਅਤੇ ਸਿਮਰਨ। ਨਾਮ ਸਿਮਰਨ ਦੀ ਦ੍ਰਿੜ੍ਹਤਾ ਲਈ ਸੰਤ ਜਨਾਂ ਸਾਧ ਜਨਾਂ, ਦਾ ਸੰਗ ਅਤੇ ਨਾਮ-ਅਭਿਆਸੀਆਂ ਦੀ ਸੰਗਤ ਵਿਚ ਵਿਕਾਰਾਂ, ਦਵੈਸ਼ ਅਤੇ ਹਉਮੈ ਆਦਿ ਔਗੁਣਾਂ ਤੋਂ ਛੁਟਕਾਰਾ ਅਤੇ ਸਦ ਗੁਣਾਂ ਦਾ ਸੰਗ੍ਰਹਿਣ।

ਚੌਥਾ - ਚੰਗੇ ਭਾਗ ਅਤੇ ਨਦਰ ਦੀ ਆਵਸ਼ਕਤਾ ਅਰਥਾਤ ***'ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ॥'*** (***ਅੰਗ-੨***)

ਇਸ ਸ਼ਬਦ ਦੇ ਚਾਰ ਅੰਕ ਹਨ ਅਤੇ ਇਨ੍ਹਾਂ ਅੰਕਾਂ ਵਿਚ ਉਪਰੋਕਤ ਮਾਡਲ ਹੀ ਪੇਸ਼ ਕੀਤਾ ਗਿਆ ਹੈ। ਕਈ ਵਾਰੀ ਇੰਜ ਵੀ ਹੁੰਦਾ ਹੈ ਕਿ ਮਾਡਲ ਦੇ ਇਕ ਅੰਸ਼ ਵਿਸ਼ੇਸ਼ ਨੂੰ ਵਧੇਰੇ ਵਿਸਥਾਰ ਵਿਚ ਇਕ ਤੋਂ ਵੱਧ ਵਾਰ ਦਰਸਾਇਆ ਗਿਆ ਹੁੰਦਾ ਹੈ ਜਿਵੇਂ ਇਸ ਸ਼ਬਦ ਵਿਚ ਗੁਰੂ ਦੀ ਲੋੜ ਅਤੇ ਕਰੱਤਵ ਨੂੰ ਸ਼ਬਦ ਦੇ ਸਾਰੇ ਹੀ ਅੰਕਾਂ ਵਿਚ ਰੂਪਮਾਨ ਕੀਤਾ ਹੈ। ਇਹ ਵਿਚਾਰ ਸ਼ਬਦ ਵਿਚ ਵਰਤੇ ਇਨ੍ਹਾਂ ਵਾਕੰਸ਼ਾਂ

ਤੋਂ ਸਪੱਸ਼ਟ ਹੈ -

ਅੰਕ ਇਕ - ***ਗੁਰ ਤੇ ਮਹਲੁ ਪਰਾਪਤੇ।***

ਅੰਕ ਦੋ - ***ਜੇ ਸਤਿਗੁਰੁ ਨਦਰਿ ਕਰੇਇ॥*** ਅਤੇ ***ਤਿਨਿ ਸਤਿਗੁਰ ਚਰਨ ਗਹੇ॥***

ਅੰਕ ਤਿੰਨ - ***ਬਾਹ ਪਕੜਿ ਗੁਰਿ ਕਾਢਿਆ॥***

ਅੰਕ ਚਾਰ - ***ਜਿਨਿ ਪੂਰਾ ਗੁਰੂ ਲਭਾ।***

ਗੁਰਮਤਿ ਵਿਚਾਰਧਾਰਾ ਦੇ ਇਸ ਮਾਡਲ ਦੇ ਪ੍ਰਸੰਗ ਵਿਚ ਸ਼ਬਦ ਵਿਚ ਪ੍ਰਗਟਾਏ ਵਿਚਾਰਾਂ ਨੂੰ ਇਸ ਤਰ੍ਹਾਂ ਦਰਸਾ ਸਕਦੇ ਹਾਂ। ਗੁਰੂ ਜੀ ਫੁਰਮਾਉਂਦੇ ਹਨ ਕਿ ਇਹ ਮਨੁੱਖਾਂ ਜੀਵਨ ਬਹੁਤ ਕੀਮਤੀ ਵਸਤੂ ਹੈ, ਇਸ ਅਮੋਲਕ ਜੀਵਨ ਦਾ ਇਕ ਵਿਸ਼ੇਸ਼ ਲਕਸ਼ ਹੈ, ਆਪਣੇ ਆਪ ਦੀ, ਆਪਣੇ ਮੂਲ ਦੀ ਪਛਾਣ, ਪਰਮਾਤਮ ਅੰਸ਼ ਹੋਣ ਦਾ ਅਨੁਭਵ, ਆਤਮ ਪ੍ਰਮਾਤਮਾ ਇਕ ਹੋਣ ਦਾ ਅਹਿਸਾਸ, ਅਰਥਾਤ ਇਕ ਦੀ ਪ੍ਰਾਪਤੀ। ਇਸ ਲਈ ਗੁਰੂ ਜੀ ਫੁਰਮਾਨ ਕਰਦੇ ਹਨ, ਜੇ ਇਕ ਪ੍ਰਮਾਤਮਾ ਮਿਲ ਜਾਵੇ, ਤਾਂ ਦੁਨੀਆਂ ਦੇ ਸਮੂੰਹ ਪਦਾਰਥ ਮਿਲ ਜਾਂਦੇ ਹਨ ਕਿਉਂਕਿ ਉਹ ਇਕ ਹੀ ਸਮੂੰਹ ਪਦਾਰਥਾਂ ਦਾ ਮਾਲਕ ਅਤੇ ਦਾਤਾ ਹੈ। ਇਸ ਦੀ ਪ੍ਰਾਪਤੀ ਦਾ ਸਾਧਨ ਨਾਮ-ਸਿਮਰਨ ਅਤੇ ਪ੍ਰਭੂ ਸਿਫਤਿ-ਸਾਲਾਹ ਹੈ। ਜਿਸ ਦੀ ਦਾਤ ਗੁਰੂ ਤੋਂ ਮਿਲਦੀ ਹੈ, ਗੁਰੂ ਦੀ ਸਿਖਿਆ ਰਾਹੀਂ ਹੀ ਪ੍ਰਮਾਤਮਾ ਦੇ ਚਰਨਾਂ ਵਿਚ ਨਿਵਾਸ ਪ੍ਰਾਪਤ ਹੁੰਦਾ ਹੈ ਪਰ ਇਹ ਹਰੇਕ ਮਨੁੱਖ ਦੇ ਆਪਣੇ ਵਸ ਦੀ ਖੇਡ ਨਹੀਂ। ਜਿਸ ਦੇ ਮੱਥੇ ਉਤੇ ਚੰਗੇ ਭਾਗ ਲਿਖੇ ਹੋਣ, ਉਸ ਦੇ ਅੰਦਰ ਹੀ ਇਹ ਜਗਿਆਸਾ ਪੈਦਾ ਹੁੰਦੀ ਹੈ ਅਤੇ ਉਹ ਗੁਰੂ ਦੀ ਸ਼ਰਨ ਵਿਚ ਜਾਂਦਾ ਹੈ, ਨਾਮ ਦੀ ਦਾਤ ਲੈ ਕੇ ਕਮਾਈ ਕਰਦਾ ਹੈ ਅਤੇ ਜੀਵਨ ਲਕਸ਼ ਦੀ ਪ੍ਰਾਪਤੀ ਕਰ ਲੈਂਦਾ ਹੈ।

ਅਗਲੀ ਰਹਾਉ ਦੀ ਪੰਕਤੀ ਵਿਚ ਮਨ ਨੂੰ ਸੰਬੋਧਨ ਕਰ ਕੇ ਕਿਹਾ ਹੈ ਕਿ ਮੇਰੇ ਮਨ ਸਿਰਫ ਇਕ ਪ੍ਰਮਾਤਮਾ ਵਿਚ ਸੁਰਤਿ ਜੋੜ, ਇਕ ਪ੍ਰਮਾਤਮਾ ਦੇ ਪਿਆਰ ਤੋਂ ਬਿਨਾਂ ਦੁਨੀਆਂ ਦੀ ਸਾਰੀ ਦੌੜ ਭੱਜ ਮਨੁੱਖ ਲਈ ਸਗੋਂ ਜੰਜਾਲ ਬਣ ਜਾਂਦੀ ਹੈ। ਅੰਤ ਸੰਸਾਰ ਦੀ ਮੋਹ ਮਾਇਆ ਅਤੇ ਪ੍ਰਾਪਤੀਆਂ ਸਭ ਵਿਅਰਥ ਸਿੱਧ ਹੁੰਦੀਆਂ ਹਨ। ਅੰਕ ਦੋ ਵਿਚ ਗੁਰੂ ਦੀ ਸਮਰੱਥਾ ਵਡਿਆਈ ਅਤੇ ਬਖਸ਼ਿਸ਼ਾਂ ਦਾ ਜ਼ਿਕਰ ਹੈ। ਗੁਰੂ ਜੀ ਦਾ ਫੁਰਮਾਨ ਹੈ ਕਿ ਜੇ ਸਤਿਗੁਰੂ ਮੇਰੇ ਉਪਰ ਮਿਹਰ ਦੀ ਇਕ ਨਿਗਾਹ ਕਰ ਦੇਵੇ, ਤਾਂ ਮੈਂ ਸਮਝਦਾ ਹਾਂ ਕਿ ਮੈਨੂੰ ਲੱਖਾਂ ਪਾਤਸ਼ਾਹੀਆਂ ਦੀ ਖੁਸ਼ੀ ਮਿਲ ਗਈ। ਜੇ ਸਤਿਗੁਰੂ ਮੈਨੂੰ ਇਕ ਨਿਮਖ ਲਈ ਵੀ ਨਾਮ ਦੀ ਕਣੀ ਬਖਸ਼ਿਸ਼ ਕਰ ਦੇਵੇ, ਤਾਂ ਮੇਰਾ ਮਨ ਤੇ ਤਨ ਸ਼ਾਂਤ ਹੋ ਜਾਂਦੇ ਹਨ, ਮੇਰੇ ਗਿਆਨ ਇੰਦਰੇ ਵਿਕਾਰਾਂ ਵਲੋਂ ਹਟ ਕੇ ਸੁਖ ਸ਼ਾਂਤੀ ਦੇ ਸੋਮੇ ਨਾਲ ਜੁੜ ਜਾਂਦੇ ਹਨ। ਪਰ ਗੁਰੂ ਦੀ ਸ਼ਰਨ ਵਿਚ ਹਰੇਕ ਮਨੁੱਖ ਨਹੀਂ ਜਾ ਸਕਦਾ। ਜਿਸ ਦੇ ਭਾਗ ਜਾਗਦੇ ਹਨ, ਜਿਸ ਦੇ ਪੂਰਬਲੇ ਜਨਮਾਂ ਦਾ ਕੋਈ ਚੰਗਾ ਲੇਖ ਹੁੰਦਾ ਹੈ, ਉਹੀ ਗੁਰੂ ਦੀ ਸ਼ਰਨ ਵਿਚ ਜਾਂਦਾ ਹੈ।

ਤੀਜੇ ਅੰਕ ਵਿਚ ਇਹ ਦਸਿਆ ਹੈ ਕਿ ਮਨੁੱਖ ਨੂੰ ਪ੍ਰਾਪਤ ਹੋਈ ਜ਼ਿੰਦਗੀ ਦੇ ਕਿਹੜੇ ਪਲ, ਕਿਹੜੇ ਦਿਨ ਸਫਲ ਮੰਨਣੇ ਚਾਹੀਦੇ ਹਨ। ਉਹ ਸਮਾਂ ਹੀ ਭਾਗਾਂ ਵਾਲਾ ਅਤੇ ਸਫਲ ਸਮਾਂ ਸਮਝੋ ਜਿਸ ਸਮੇਂ ਸੱਚੇ ਪ੍ਰਮਾਤਮਾ ਨਾਲ ਪਿਆਰ ਬਣ ਆਵੇ ਕਿਉਂਕਿ ਪ੍ਰਭੂ ਨਾਮ ਜ਼ਿੰਦਗੀ ਦਾ ਅਜਿਹਾ ਆਸਰਾ ਹੈ ਜਿਸ ਦੇ ਮਿਲਣ ਨਾਲ ਜੀਵਨ ਨੂੰ ਕੋਈ ਦੁਖ, ਕੋਈ ਕਲੇਸ਼ ਪਹੁੰਚ ਨਹੀਂ ਸਕਦਾ। ਮਨੁੱਖ ਨੇ ਤਾਂ ਗੁਰੂ ਦੀ ਸ਼ਰਨ ਲੈਣੀ ਹੈ। ਅੱਗੋਂ ਗੁਰੂ ਦਾ ਅਜਿਹਾ ਕਰੱਤਵ ਹੈ ਕਿ ਉਹ ਸ਼ਿਸ਼ ਦੀ ਬਾਂਹ ਫੜ ਕੇ ਵਿਕਾਰਾਂ ਵਿਚੋਂ ਬਾਹਰ ਕੱਢ ਲੈਂਦਾ ਹੈ ਅਤੇ ਗੁਰੂ ਦੀ ਸਹਾਇਤਾ ਨਾਲ ਮਨੁੱਖ ਸੰਸਾਰ ਸਮੁੰਦਰ ਤੋਂ ਸਹੀ ਸਲਾਮਤ ਪਾਰ ਲੰਘ ਜਾਂਦਾ ਹੈ।

ਚੌਥੇ ਅੰਕ ਵਿਚ ਸਾਧ ਸੰਗਤ ਦੀ ਬਰਕਤ ਦੱਸੀ ਹੈ। ਗੁਰਮਤਿ ਵਿਚ ਸਾਧ ਸੰਤ ਦਾ ਬਹੁਤ ਮਹਾਤਮ ਹੈ। ਜਿਥੇ ਸਾਧ ਸੰਗਤ ਜੁੜਦੀ ਹੈ, ਉਹ ਥਾਂ ਪਵਿੱਤਰ ਹੈ, ਸੁਹਣਾ ਤੇ ਸੁਹਾਵਣਾ ਹੈ। ਫੁਰਮਾਨ ਹੈ - ***'ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ' (ਅੰਗ-੯੪)*** ਅਸੀਂ ਸੰਗਤ ਕਿਸਨੂੰ ਸਮਝਦੇ ਹਾਂ? ਸੰਗਤ ਉਹ ਸਥਾਨ ਹੈ ਜਿਥੇ ਗੁਰੂ ਦੇ ਪਿਆਰੇ ਮਿਲ ਕੇ ਪ੍ਰਭੂ ਨਾਮ ਸਿਮਰਦੇ ਹਨ-

*ਸਤਸੰਗਤਿ ਕੈਸੀ ਜਾਣੀਐ ॥*
*ਜਿਥੈ ਏਕੋ ਨਾਮੁ ਵਖਾਣੀਐ ॥* *ਅੰਗ- ੭੨*

ਸੰਗਤ ਵਿਚ ਜਾਣ ਨਾਲ ਪੂਰੇ ਗੁਰੂ ਨਾਲ ਮੇਲ ਹੁੰਦਾ ਹੈ, ਗੁਰੂ ਲੱਭ ਪੈਂਦਾ ਹੈ, ਗੁਰੂ ਅਤੇ ਸੰਗਤਿ ਸਦਕਾ ਪ੍ਰਮਾਤਮਾ ਦਾ ਆਸਰਾ ਮਿਲ ਜਾਂਦਾ ਹੈ ਅਤੇ ਜਗਿਆਸੂ ਸੰਸਾਰ ਨੂੰ ਆਪਣਾ ਪੱਕਾ ਟਿਕਾਣਾ

ਬਣਾਉਣ ਦੀ ਥਾਂ ਉਸ ਥਾਂ ਨੂੰ ਆਪਣਾ ਟਿਕਾਣਾ ਬਣਾਉਂਦਾ ਹੈ ਜਿਥੇ ਨਾ ਮੌਤ ਹੈ, ਨਾ ਦੁਖ, ਨਾ ਹੀ ਜਨਮ ਮਰਣ ਦਾ ਗੇੜ, ਜਿਥੇ ਪੁੱਜ ਕੇ ਮਨੁੱਖ ਹਉਂ-ਰਹਿਤ ਹੋ ਕੇ ਪਰਮਆਤਮਾ ਵਿਚ ਜਾ ਨਿਵਾਸ ਕਰਦਾ ਹੈ। ਇਹ ਤਿੰਨਾਂ ਗੁਣਾਂ ਦੇ ਸੰਸਾਰ ਤੋਂ ਉੱਚੀ ਅਵਸਥਾ ਹੈ ਜਿਸ ਨੂੰ ਤੁਰੀਆ ਪਦ, ਸਹਿਜ ਅਵਸਥਾ ਜਾਂ ਉਨਮਨ ਅਵਸਥਾ ਅਤੇ ਬੇਗਮਪੁਰਾ ਕਿਹਾ ਹੈ। ਇਸ ਦੀ ਪ੍ਰਾਪਤੀ ਹੀ ਮਨੁੱਖ ਦਾ ਜੀਵਨ ਨਿਸ਼ਾਨਾ ਹੈ, ਇਸ ਦੀ ਪ੍ਰਾਪਤੀ ਲਈ ਹੀ ਮਨੁੱਖ ਨੇ ਯਤਨਸ਼ੀਲ ਹੋਣਾ ਹੈ, ਗੁਰੂ ਦੀ ਸ਼ਰਨ ਵਿਚ ਜਾਣਾ ਹੈ, ਵਿਸ਼ੇ ਵਿਕਾਰਾਂ ਤੋਂ ਰਹਿਤ ਹੋਣਾ ਹੈ, ਨਾਮ ਸਿਮਰਨ ਵਿਚ ਲਿਵ ਜੋੜਨੀ ਹੈ, ਬਾਕੀ ਸੰਸਾਰਕ ਸੰਸਿਆਂ ਤੋਂ ਮੁਕਤ ਹੋਣਾ ਹੈ। ਇਸੇ ਲਈ ਮਨ ਨੂੰ ਸਮਝਾਇਆ ਹੈ -

*ਮੇਰੇ ਮਨ ਏਕਸ ਸਿਉ ਚਿਤੁ ਲਾਇ॥* *ਅੰਗ- ੪੪*

ਗੁਰਮਤਿ ਵਿਚਾਰਧਾਰਾ ਦੇ ਇਸ ਪੈਟਰਨ ਨੂੰ ਬਹੁਤ ਸ਼ਬਦਾਂ ਵਿਚ ਵੇਖਿਆ ਜਾ ਸਕਦਾ ਹੈ ਜਿਨ੍ਹਾਂ ਵਿਚ ਮਨੁੱਖ ਦੇ ਜੀਵਨ ਦੀ ਵਡਿਆਈ ਦਸ ਕੇ ਉਸ ਦੇ ਜੀਵਨ ਦਾ ਸਹੀ ਮਨੋਰਥ ਦਸਿਆ ਹੈ ਅਤੇ ਗੁਰੂ ਦੀ ਕ੍ਰਿਪਾ ਦਾ ਪਾਤਰ ਬਣ ਕੇ ਨਾਮ ਸਿਮਰਨ ਵਿਚ ਲਿਵ ਲਾਉਣ ਦੀ ਪ੍ਰੇਰਨਾ ਕੀਤੀ ਹੈ।

ਨਿਤਨੇਮ ਦੀ ਬਾਣੀ 'ਰਹਿਰਾਸ' ਵਿਚ ਪੰਚਮ ਪਾਤਸ਼ਾਹ ਦਾ ਹੀ ਉਚਾਰਨ ਕੀਤਾ ਹੋਇਆ ਆਖਰੀ ਸ਼ਬਦ ਹੈ -

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ ੧ ॥*
*ਸਰੰਜਾਮਿ ਲਾਗੁ ਭਵਜਲ ਤਰਨ ਕੈ ॥*
*ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥ ੧ ॥ ਰਹਾਉ ॥*
*ਜਪੁ ਤਪੁ ਸੰਜਮੁ ਧਰਮੁ ਨ ਕਮਾਇਆ ॥*
*ਸੇਵਾ ਸਾਧ ਨ ਜਾਨਿਆ ਹਰਿ ਰਾਇਆ ॥*
*ਕਹੁ ਨਾਨਕ ਹਮ ਨੀਚ ਕਰੰਮਾ ॥*
*ਸਰਣਿ ਪਰੇ ਕੀ ਰਾਖਹੁ ਸਰਮਾ ॥* *ਅੰਗ- ੧੨*

ਅਰਥਾਤ - ਇਹ ਸੋਹਣਾ ਮਨੁੱਖਾ ਸਰੀਰ ਇਕ ਦੁਰਲੱਭ ਵਸਤੂ ਹੈ। ਇਸ ਦੀ ਪ੍ਰਾਪਤੀ ਪ੍ਰਮਾਤਮਾ ਵਲੋਂ ਬਖਸ਼ਿਆ ਇਕ ਸੁਨਹਿਰੀ ਅਵਸਰ ਹੈ ਜਦੋਂ ਮਨੁੱਖ ਗੋਬਿੰਦ ਨਾਲ, ਆਪਣੇ ਪਿਆਰੇ ਪ੍ਰਭੂ ਨਾਲ ਇਕਮਿਕ ਹੋ ਸਕਦਾ ਹੈ। ***'ਏਕਸ ਬਿਨੁ ਸਭ ਧੰਧੁ ਹੈ'*** ਦਾ ਹੀ ਵਿਚਾਰ ਪੇਸ਼ ਕਰਦਿਆਂ ਕਿਹਾ ਹੈ ਕਿ ਇਕ ਪ੍ਰਮਾਤਮਾ ਦੇ ਪਿਆਰ ਅਤੇ ਮਿਲਾਪ ਤੋਂ ਬਿਨਾਂ ਹੋਰ ਕੀਤੇ ਸਾਰੇ 'ਅਵਰਿ ਕਾਜ' ਤੇਰੇ ਕਿਸੇ ਕੰਮ ਨਹੀਂ ਆਉਣੇ, ਤੇਰੀ ਜਿੰਦ ਨੂੰ ਇਨ੍ਹਾਂ ਮਾਇਕ ਧੰਦਿਆਂ ਦਾ ਕੋਈ ਲਾਭ ਨਹੀਂ ਹੋਣਾ। ਇਸ ਲਈ ***'ਏਕਸ ਸਿਉ ਚਿਤੁ ਲਾਇ'*** ਅਨੁਸਾਰ '***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥'*** ਸ੍ਰੀ ਗੁਰੂ ਨਾਨਕ ਦੇਵ ਜੀ ਦੇ ਘਰ ਵਿਚ ਕੇਵਲ ਨਾਮ ਦਾ ਪਰਵਾਹ ਚਲਦਾ ਹੈ, '***ਨਾਨਕ ਕੈ ਘਰਿ ਕੇਵਲ ਨਾਮੁ'*** ਕਿਉਂਕਿ ਕੰਮ ਦੀ ਗੱਲ, ਲੇਖੇ ਦੀ ਗੱਲ ਵੀ ਇਕੋ ਹੈ, ਬਾਕੀ ਸਭ ਕਾਰ ਵਿਹਾਰ ਆਪਣੀ ਹਉਮੈ ਨੂੰ ਪੱਠੇ ਪਾਉਣਾ ਹੈ -

*ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥*
*ਅੰਗ- ੪੬੭*

ਇਸ ਲਈ ਸ਼ਬਦ ਵਿਚ ਕੇਂਦਰੀ ਭਾਵ ਦਸਿਆ ਹੈ ਕਿ ਹੇ ਭਾਈ, ਤੂੰ ਸੰਸਾਰ ਸਮੁੰਦਰ ਤੋਂ ਪਾਰ ਲੰਘਣ ਦਾ ਆਹਰ ਕਰ, ਫਜ਼ੂਲ ਮਾਇਕ ਕਾਰਜਾਂ ਵਿਚ ਸਮਾਂ ਅਤੇ ਜੀਵਨ ਵਿਅਰਥ ਨਾ ਗੁਆ।

ਹੇ ਭਾਈ! ਤੂੰ ਪ੍ਰਭੂ ਦਾ ਸਿਮਰਨ ਨਹੀਂ ਕਰਦਾ, ਪ੍ਰਭੂ ਨੂੰ ਮਿਲਣ ਲਈ ਸੇਵਾ ਸਿਮਰਨ ਦਾ ਕੋਈ ਉਦਮ ਉਪਰਾਲਾ ਨਹੀਂ ਕਰਦਾ, ਮਨ ਨੂੰ ਵਿਕਾਰਾਂ ਤੋਂ ਰੋਕਣ ਦਾ ਯਤਨ ਨਹੀਂ ਕਰਦਾ, ਨਾਂ ਹੀ ਗੁਰੂ ਦੀ ਸ਼ਰਨ ਵਿਚ ਜਾਂਦਾ ਹੈ। ਤੇਰਾ ਜੀਵਨ ਵਿਅਰਥ ਜਾ ਰਿਹਾ ਹੈ, ਇਸ ਨੂੰ ਲਕਸ਼ ਪ੍ਰਾਪਤੀ ਵਿਚ ਲਾ। ਇਸੇ ਭਾਵ ਨੂੰ ਦਰਸਾਉਂਦੇ ਫੁਰਮਾ ਰਹੇ ਹਨ -

*ਤਿਤੁ ਸਰਵਰੜੈ ਭਈਲੇ ਨਿਵਾਸਾ*
*ਪਾਣੀ ਪਾਵਕੁ ਤਿਨਹਿ ਕੀਆ ॥*
*ਪੰਕਜੁ ਮੋਹ ਪਗੁ ਨਹੀ ਚਾਲੈ ਹਮ ਦੇਖਾ ਤਹ ਡੂਬੀਅਲੇ ॥*
*ਮਨ ਏਕੁ ਨ ਚੇਤਸਿ ਮੂੜ ਮਨਾ ॥*
*ਹਰਿ ਬਿਸਰਤ ਤੇਰੇ ਗੁਣ ਗਲਿਆ ॥ ੧ ॥ ਰਹਾਉ ॥*
*ਨਾ ਹਉ ਜਤੀ ਸਤੀ ਨਹੀ ਪੜਿਆ*
*ਮੂਰਖ ਮੁਗਧਾ ਜਨਮੁ ਭਇਆ ॥*
*ਪ੍ਰਣਵਤਿ ਨਾਨਕ ਤਿਨ ਕੀ ਸਰਣਾ*
*ਜਿਨ ਤੂ ਨਾਹੀ ਵੀਸਰਿਆ ॥* *ਅੰਗ- ੧੨*

ਭਾਵ ਹੈ ਕਿ ਪ੍ਰਮਾਤਮਾ ਦੇ ਹੁਕਮ ਵਿਚ ਹੀ ਸਾਡੇ ਜੀਵਾਂ ਦੀ ਉਸ ਭਿਆਨਕ ਸੰਸਾਰ ਸਰੋਵਰ ਵਿਚ ਵਸੋਂ ਹੈ ਜਿਸ ਵਿਚ ਪ੍ਰਭੂ ਨੇ ਆਪ ਹੀ ਪਾਣੀ ਦੇ ਥਾਂ ਤ੍ਰਿਸ਼ਨਾ ਦੀ ਅੱਗ ਪੈਦਾ ਕੀਤੀ ਹੋਈ ਹੈ

ਅਤੇ ਉਸ ਭਿਆਨਕ ਸੰਸਾਰ ਸਰੋਵਰ ਵਿਚ ਜੋ ਮੋਹ ਦਾ ਚਿੱਕੜ ਹੈ, ਉਸ ਵਿਚ ਫਸੇ ਹੋਏ ਜੀਵਾਂ ਦੇ ਪੈਰ ਚਲ ਨਹੀਂ ਸਕਦੇ। ਸਾਡੇ ਸਾਹਮਣੇ ਹੀ ਅਨੇਕਾਂ ਜੀਵ ਮੋਹ ਦੇ ਚਿੱਕੜ ਵਿਚ ਫਸ ਕੇ ਉਸ ਤ੍ਰਿਸ਼ਨਾਮਈ ਅੱਗ ਦੇ ਅਸਗਾਹ ਸਮੁੰਦਰ ਵਿਚ ਡੁਬਦੇ ਜਾ ਰਹੇ ਹਨ। ਇਸ ਲਈ ਹੇ ਮੂਰਖ ਮਨ! ਤੂੰ ਇਕ ਪ੍ਰਮਾਤਮਾ ਨੂੰ ਯਾਦ ਕਿਉਂ ਨਹੀਂ ਕਰਦਾ? ਤੂੰ ਜਿਉਂ-ਜਿਉਂ ਪ੍ਰਮਾਤਮਾ ਨੂੰ ਵਿਸਾਰਦਾ ਜਾ ਰਿਹਾ ਹੈਂ, ਤੇਰੇ ਅੰਦਰੋਂ ਗੁਣ ਘਟਦੇ ਜਾ ਰਹੇ ਹਨ ਅਤੇ ਪ੍ਰਮਾਤਮਾ ਨਾਲੋਂ ਦੂਰੀ ਵਧਦੀ ਜਾਂਦੀ ਹੈ।

ਪ੍ਰਸ਼ਨ ਉਠਦਾ ਹੈ ਕਿ ਜੇ ਮਨੁੱਖ ਜੀਵਨ ਲਕਸ਼ ਦੀ ਪਹਿਚਾਣ ਨਹੀਂ ਕਰਦਾ, ਗੁਰੂ ਦੀ ਸ਼ਰਨ ਵਿਚ ਨਹੀਂ ਜਾਂਦਾ, ਨਾਮ ਸਿਮਰਨ ਨਹੀਂ ਕਰਦਾ ਤਾਂ ਕੀ ਹੋਏਗਾ? ਕੀ ਮਨੁੱਖ ਸੰਵੇਦਨਾਵਾਂ ਅਨੁਸਾਰ ਕਿਰਿਆਸ਼ੀਲ ਹੋ ਕੇ ਆਪਣਾ ਜੀਵਨ ਨਹੀਂ ਗੁਜ਼ਾਰ ਸਕਦਾ? ਇਸ ਸਬੰਧ ਵਿਚ ਵਿਚਾਰਨ ਵਾਲੀ ਗੱਲ ਇਹ ਹੈ ਕਿ ਕੀ ਅਸੀਂ ਪਸ਼ੂ ਜੀਵਨ ਅਤੇ ਮਨੁੱਖ ਜੀਵਨ ਵਿਚ ਕੋਈ ਅੰਤਰ ਵੇਖਦੇ ਹਾਂ? ਕੁਝ ਗੱਲਾਂ ਤਾਂ ਸਾਂਝੀਆਂ ਹਨ, ਦੋਹਾਂ ਨੂੰ ਸਰੀਰ ਮਿਲੇ ਹੋਏ ਹਨ ਅਤੇ ਸਰੀਰ ਨਾਲ ਜੁੜੀ ਭੁੱਖ, ਭੁੱਖ ਨੂੰ ਮਿਟਾਉਣ ਲਈ ਕੋਸ਼ਿਸ਼, ਨੱਠ ਭੱਜ ਦੋਹਾਂ ਵਿਚ ਹੈ। ਦੋਹਾਂ ਵਿਚ ਕਾਮ ਚੇਸ਼ਟਾ ਹੈ, ਔਲਾਦ ਪੈਦਾ ਕਰਨ ਦੀ ਲਾਲਸਾ ਹੈ। ਦੋਹਾਂ ਨੂੰ ਮੌਤ ਆਉਂਦੀ ਹੈ ਅਤੇ ਦੋਵੇਂ ਆਪੋ ਆਪਣੇ ਹਿਸਾਬ ਨਾਲ ਮੌਤ ਤੋਂ ਅਤੇ ਮੌਤ ਦੇ ਡਰ ਤੋਂ ਭੈ ਭੀਤ ਹੁੰਦੇ ਹਨ ਅਤੇ ਇਸ ਤੋਂ ਬਚਣ ਦਾ ਯਤਨ ਕਰਦੇ ਹਨ। ਪਰ ਮਨੁੱਖ ਵਿਚ ਕੁਝ ਗੱਲਾਂ ਸ੍ਰੇਸ਼ਠ ਹਨ, ਸਭ ਤੋਂ ਸ੍ਰੇਸ਼ਠ ਉਸ ਦੀ ਕਿਰਿਆਸ਼ੀਲ ਬੁੱਧੀ ਹੈ ਜਿਸ ਦੀ ਮਾਤਰਾ ਜਾਨਵਰਾਂ ਵਿਚ ਬਹੁਤ ਘੱਟ ਹੈ। ਇਸ ਬੁੱਧੀ ਕਾਰਨ ਹੀ ਮਨੁੱਖੀ ਸਭਿਅਤਾ ਹੋਂਦ ਵਿਚ ਆਈ, ਸਮਾਜ ਦੀ ਸਿਰਜਨਾ ਹੋਈ, ਮਨੁੱਖ ਨੇ ਰਹਿਣ ਸਹਿਤ, ਖਾਣ ਪੀਣ ਅਤੇ ਪਹਿਨਣ ਦੇ ਨਵੇਂ-ਨਵੇਂ ਢੰਗ ਲੱਭੇ, ਸੋਹਣੇ ਘਰਾਂ, ਸੋਹਣੇ ਸ਼ਹਿਰਾਂ ਤੇ ਦੇਸ਼ਾਂ ਦਾ ਨਿਰਮਾਣ ਕੀਤਾ ਅਤੇ ਅੱਜ ਵਿਗਿਆਨਕ ਯੁੱਗ ਵਿਚ ਹੈਰਾਨ ਕਰ ਦੇਣ ਵਾਲੀਆਂ ਵਸਤਾਂ ਈਜਾਦ ਕਰ ਲਈਆਂ ਹਨ। ਇਸ ਤਰੱਕੀ ਵਿਚ ਕਿਤੇ ਬੰਧ ਨਹੀਂ, ਸਗੋਂ ਪ੍ਰਤੀਦਿਨ ਵਾਧਾ ਹੋ ਰਿਹਾ ਹੈ। ਮਨੁੱਖ ਇਹ ਸਾਰੀ ਦੌੜ ਭੱਜ ਕਿਸ ਮਕਸਦ ਲਈ ਕਰਦਾ ਹੈ? ਸੌਖਾ ਉਤਰ ਹੈ, ਸੁਖ ਦੀ ਪ੍ਰਾਪਤੀ ਲਈ। ਸੁਖ ਦੀ ਪ੍ਰਾਪਤੀ ਲਈ ਹੀ ਉੱਚੀ ਵਿਦਿਆ ਲੈਂਦਾ ਹੈ, ਨੌਕਰੀ ਜਾਂ ਵਪਾਰ ਕਰਦਾ ਹੈ, ਦੇਸ਼ ਵਿਦੇਸ਼ ਵਿਚ ਦੁਖ ਸੁਖ ਝਲਦਾ ਹੈ, ਪਰਿਵਾਰ ਵਸਾਂਦਾ ਹੈ, ਘਰ ਬਣਾਉਂਦਾ ਹੈ, ਸਾਰੇ ਕਾਰਜਾਂ ਪਿਛੇ ਇਕੋ ਭਾਵਨਾ ਹੈ ਕਿ ਮੈਂ ਦੁਖਾਂ ਤੋਂ ਦੂਰ ਹੋ ਜਾਵਾਂ ਅਤੇ ਮੈਨੂੰ ਸੁਖ ਮਿਲ ਜਾਵੇ। ਪਰ ਕੀ ਅੱਜ ਵਿਗਿਆਨ ਦੀਆਂ ਟੀਸੀਆਂ ਛਹੁੰਦੇ ਯੁੱਗ ਵਿਚ ਮਨੁੱਖ ਨੂੰ ਸੁਖ ਪ੍ਰਾਪਤ ਹੋ ਗਿਆ ਹੈ, ਕੀ ਉਸ ਨੂੰ ਦੁਖਾਂ ਤਕਲੀਫਾਂ, ਬੀਮਾਰੀਆਂ, ਫਿਕਰਾਂ, ਅੰਦੇਸਿਆਂ ਤੋਂ ਛੁਟਕਾਰਾ ਮਿਲ ਗਿਆ ਹੈ? ਜੇ ਨਹੀਂ ਤਾਂ ਮਨੁੱਖ ਨੂੰ ਕੁਝ ਪਲ ਰੁਕ ਕੇ ਸੋਚਣਾ ਹੋਵੇਗਾ ਕਿ ਕੀ ਉਹ ਕਿਤੇ ਸੁਖ ਦੀ ਭਾਲ ਗਲਤ ਥਾਂ ਤੋਂ ਤਾਂ ਨਹੀਂ ਕਰ ਰਿਹਾ? ਮਨੁੱਖ ਨੂੰ ਸੋਚਣਾ ਹੋਵੇਗਾ ਕਿ ਕੀ ਉਸਦਾ ਜੀਵਨ ਕੇਵਲ ਬਾਹਰੀ ਦੁਨਿਆਵੀ ਮਾਇਕ ਸਾਧਨ ਇਕੱਠੇ ਕਰਨਾ ਹੀ ਹੈ? ਜੇ ਉਹ ਅਜਿਹਾ ਨਹੀਂ ਸੋਚਦਾ ਤਾਂ ਗੁਰੂ ਜੀ ਫੁਰਮਾਨ ਕਰਦੇ ਹਨ -

*ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ ॥*
*ਨਾਨਕ ਗੁਰਮੁਖਿ ਸੋ ਬੁਝੈ ਜਾ ਕੈ ਭਾਗ ਮਥੋਰ ॥*

*ਅੰਗ- ੨੫੧*

ਅਰਥਾਤ ਕਹਿਣ ਨੂੰ ਤਾਂ ਅਸੀਂ ਸਰੀਰ ਲੈ ਕੇ ਇਸ ਸੰਸਾਰ ਵਿਚ ਦਾਖਲ ਹੋਏ ਹਾ, ਪਰ ਜੇ ਅਸੀਂ ਆਪਣਾ ਆਪ ਨਹੀਂ ਪਛਾਣਿਆ, ਆਪਣਾ ਮੂਲ ਨਹੀਂ ਸਮਝਿਆ, ਜੀਵਨ ਮਨੋਰਥ ਦੀ ਸੋਝੀ ਪ੍ਰਾਪਤ ਨਹੀਂ ਕੀਤੀ ਤਾਂ ਅਸੀਂ ਪਸ਼ੂ ਸਮਾਨ ਹੀ ਹਾਂ, ਸਗੋਂ ਮੂੜ੍ਹ, ਮੁਰਦਾ ਪਸ਼ੂ ਸਮਾਨ। ਜੀਵਨ ਦੇ ਰਹੱਸ ਨੂੰ ਕੋਈ ਐਸਾ ਵਿਰਲਾ ਮਨੁੱਖ ਹੀ ਜਾਣਨ ਦੀ ਕੋਸ਼ਿਸ਼ ਕਰਦਾ ਹੈ ਜਿਸ ਦੇ ਭਾਗ ਉਤਮ ਹੁੰਦੇ ਹਨ। ਇਹ ਦੁਰਲੱਭ ਮਨੁੱਖਾ ਜਨਮ ਦਾ ਲਾਹਾ ਹੈ। ਪਰ ਦੁਨੀਆਂ ਵਿਚ ਰੱਬੀ ਹੁਕਮ ਅਨੁਸਾਰ ***'ਅਸੰਖ ਮੂਰਖ ਅੰਧ ਘੋਰ ॥ ਅਸੰਖ ਚੋਰ ਹਰਾਮਖੋਰ ॥'*** ਐਸੇ ਵੀ ਹਨ ਜਿਨ੍ਹਾਂ ਦੇ ਭਾਗਾਂ ਵਿਚ ਇਹ ਗਿਆਨ ਨਹੀਂ ਅਤੇ ਉਹ ਸਰੀਰਕ ਕਿਰਿਆ ਤਕ ਹੀ ਸੀਮਤ ਰਹਿ ਕੇ ਸੰਸਾਰਕ ਜੀਵਨ ਗੁਜ਼ਾਰ ਜਾਂਦੇ ਹਨ ਜਾਂ ਅਨਮੋਲ ਜੀਵਨ ਅਵਸਰ ਗਵਾ ਲੈਂਦੇ ਹਨ। ਜੀਵਨ ਮਨੋਰਥ ਦੀ ਪਹਿਚਾਣ ਅਤੇ ਪ੍ਰਾਪਤੀ ਲਈ ਕਿਰਿਆਸ਼ੀਲ ਹੋਣ ਤੋਂ ਬਿਨਾਂ ਉਨ੍ਹਾਂ ਦੀ ਹੋਰ ਸਾਰੀ ਜੀਵਨ ਕਿਰਿਆ, ਖਾਣਾ ਪੀਣਾ ਪਹਿਨਣਾ, ਜਾਗਣਾ, ਸੌਣਾ ਅਤੇ ਸਰੀਰ ਅਤੇ ਸਰੀਰਕ ਸਬੰਧ ਕੁਟੰਬ ਸਾਕ ਆਦਿ ਸਭ ਧ੍ਰਿਗ ਹਨ, ਵਿਅਰਥ ਹਨ, ਕੀਮਤੀ ਜਨਮ ਵਿਅਰਥ ਗੁਆ ਰਹੇ ਹਨ -

*ਧ੍ਰਿਗੁ ਧ੍ਰਿਗੁ ਖਾਇਆ ਧ੍ਰਿਗੁ ਧ੍ਰਿਗੁ ਸੋਇਆ*
*ਧ੍ਰਿਗੁ ਧ੍ਰਿਗੁ ਕਾਪੜੁ ਅੰਗਿ ਚੜਾਇਆ ॥*
*ਧ੍ਰਿਗੁ ਸਰੀਰੁ ਕੁਟੰਬ ਸਹਿਤ ਸਿਉ*
*ਜਿਤੁ ਹੁਣਿ ਖਸਮੁ ਨ ਪਾਇਆ ॥*
*ਪਉੜੀ ਛੁੜਕੀ ਫਿਰਿ ਹਾਥਿ ਨ ਆਵੈ*
*ਅਹਿਲਾ ਜਨਮੁ ਗਵਾਇਆ ॥ ਅੰਗ- ੭੯੬*

ਸ੍ਰੀ ਗੁਰੂ ਅਰਜਨ ਦੇਵ ਜੀ ਅਨੁਸਾਰ, ਜੀਵਨ ਲਕਸ਼ ਨੂੰ ਸਮਝਣ ਤੋਂ ਬਿਨਾਂ ਮਨੁੱਖ ਦੀ ਸੰਸਾਰ ਯਾਤਰਾ ਵਿਅਰਥ ਹੈ। ਕੇਵਲ ਸਰੀਰ ਤਕ ਸੀਮਤ ਰਹਿ ਕੇ ਇਸ ਨੂੰ ਸੰਵਾਰਨਾ ਸ਼ਿੰਗਾਰਨਾ ਇੰਝ ਹੈ ਜਿਵੇਂ ਕੋਈ ਮਿਰਤਕ ਸਰੀਰ ਨੂੰ ਸ਼ਿੰਗਾਰ ਰਿਹਾ ਹੋਵੇ ਜਾਂ ਜਿਵੇਂ ਕਿਸੇ ਦੁਹਾਗਣ ਦਾ ਹਾਰ ਸ਼ਿੰਗਾਰ ਅਤੇ ਸੇਜਾ ਦਾ ਸੰਵਾਰਨਾ ਸ਼ਿੰਗਾਰਨਾ ਵਿਅਰਥ ਹੁੰਦਾ ਹੈ। ਨਾਮ ਹੀਣ ਮਨੁੱਖ ਇਉਂ ਹੈ ਜਿਵੇਂ ਕੋਈ ਮਨੁੱਖ ਸਾਰਾ ਦਿਨ ਵਿਗਾਰ ਕਰਦਾ ਹੈ ਅਤੇ ਉਸ ਦੇ ਆਪਣੇ ਪੱਲੇ ਕੁਝ ਨਹੀਂ ਪੈਂਦਾ। ਨਿਰਣਾ ਇਹ ਦਿਤਾ ਹੈ ਕਿ ਜਿਸ ਮਨੁੱਖ ਉਤੇ ਉਸ ਦੀ ਕ੍ਰਿਪਾ ਹੁੰਦੀ ਹੈ ਉਸ ਦੇ ਹਿਰਦੇ ਵਿਚ ਆਪਣਾ ਨਾਮ ਵਸਾ ਦਿੰਦਾ ਹੈ, ਉਹ ਸਾਧ ਸੰਗਤ ਦੀ ਸ਼ਰਨ ਵਿਚ ਆ ਕੇ ਪ੍ਰਮਾਤਮਾ ਦੇ ਨਾਮ ਦਾ ਅਨੰਦ ਮਾਣਦਾ ਹੈ। ਫੁਰਮਾਨ ਹੈ –

*ਮਾਨੁਖੁ ਬਿਨੁ ਬੂਝੇ ਬਿਰਥਾ ਆਇਆ ॥*
*ਅਨਿਕ ਸਾਜ ਸੀਗਾਰ ਬਹੁ ਕਰਤਾ*
*ਜਿਉ ਮਿਰਤਕੁ ਓਢਾਇਆ ॥ ਰਹਾਉ ॥*
*ਧਾਇ ਧਾਇ ਕ੍ਰਿਪਨ ਸ੍ਰਮੁ ਕੀਨੋ*
*ਇਕਤ੍ਰ ਕਰੀ ਹੈ ਮਾਇਆ ॥*
*ਦਾਨੁ ਪੁੰਨੁ ਨਹੀ ਸੰਤਨ ਸੇਵਾ*
*ਕਿਤ ਹੀ ਕਾਜਿ ਨ ਆਇਆ ॥ ੧ ॥*
*ਕਰਿ ਆਭਰਣ ਸਵਾਰੀ ਸੇਜਾ*
*ਕਾਮਨਿ ਥਾਟੁ ਬਨਾਇਆ ॥*
*ਸੰਗੁ ਨ ਪਾਇਓ ਅਪੁਨੇ ਭਰਤੇ*
*ਪੇਖਿ ਪੇਖਿ ਦੁਖੁ ਪਾਇਆ ॥ ੨ ॥*
*ਸਾਰੋ ਦਿਨਸੁ ਮਜੂਰੀ ਕਰਤਾ*
*ਤੁਹੁ ਮੂਸਲਹਿ ਛਰਾਇਆ ॥*
*ਖੇਦੁ ਭਇਓ ਬੇਗਾਰੀ ਨਿਆਈ*
*ਘਰ ਕੈ ਕਾਮਿ ਨ ਆਇਆ ॥ ੩ ॥*
*ਭਇਓ ਅਨੁਗ੍ਰਹੁ ਜਾ ਕਉ ਪ੍ਰਭ ਕੋ*
*ਤਿਸੁ ਹਿਰਦੈ ਨਾਮੁ ਵਸਾਇਆ ॥*
*ਸਾਧਸੰਗਤਿ ਕੈ ਪਾਛੈ ਪਰਿਅਉ*
*ਜਨ ਨਾਨਕ ਹਰਿ ਰਸੁ ਪਾਇਆ ॥ ੪ ॥*
*ਅੰਗ - ੭੧੨*

ਇਸ ਲਈ ਜੀਵਨ ਮਨੋਰਥ ਨੂੰ ਸਮਝੀਏ ਅਤੇ ਗੁਰੂ ਦੀ ਸ਼ਰਨ ਵਿਚ ਜਾ ਕੇ ਨਾਮ ਸਿਮਰਨ ਦਾ ਜੀਵਨ ਧਾਰਨ ਕਰੀਏ। ਗੁਰੂ ਜੀ ਦਾ ਇਹ ਨਿਰਣਾ ਹੈ ਕਿ ਨਾਮ ਹੀ ਸਾਰੇ ਸੁਖਾਂ ਦਾ ਸਾਗਰ ਹੈ, ਇਹ ਗੱਲ ਮੈਂ ਸਾਰੇ ਸੰਸਾਰ ਵਿਚ ਪਰਤਾ ਕੇ ਵੇਖ ਲਈ ਹੈ –

*ਡਿਠਾ ਸਭੁ ਸੰਸਾਰੁ ਸੁਖੁ ਨ ਨਾਮ ਬਿਨੁ ॥*
*ਤਨੁ ਧਨੁ ਹੋਸੀ ਛਾਰੁ ਜਾਣੈ ਕੋਇ ਜਨੁ ॥ ਅੰਗ - ੩੩੨*

ਸਾਰੀ ਗੁਰਬਾਣੀ ਵਿਚ ਇਹ ਸਿਧਾਂਤ ਬਾਰ-ਬਾਰ ਦਸਿਆ ਹੈ ਕਿ ਪ੍ਰਭੂ ਸਿਮਰਨ ਨਾਲ ਸਰਬ ਦੁਖਾਂ ਦਾ ਵਿਨਾਸ ਹੋ ਜਾਂਦਾ ਹੈ ਅਤੇ ਸਰਬ ਸੁਖਾਂ ਦੀ ਸਦੀਵ ਕਾਲ ਲਈ ਪ੍ਰਾਪਤੀ ਹੋ ਜਾਂਦੀ ਹੈ। ਗੁਰ ਫੁਰਮਾਨ ਹੈ –

*ਘਰ ਮਹਿ ਸੁਖ ਬਾਹਰਿ ਫੁਨਿ ਸੁਖਾ ॥*
*ਹਰਿ ਸਿਮਰਤ ਸਗਲ ਬਿਨਾਸੇ ਦੂਖਾ ॥ ੧ ॥*
*ਸਗਲ ਸੂਖ ਜਾਂ ਤੂੰ ਚਿਤਿ ਆਂਵੈਂ ॥*
*ਸੋ ਨਾਮੁ ਜਪੈ ਜੋ ਜਨੁ ਤੁਧੁ ਭਾਵੈ ॥ ੧ ॥ ਰਹਾਉ ॥*
*ਤਨੁ ਮਨੁ ਸੀਤਲੁ ਜਪਿ ਨਾਮੁ ਤੇਰਾ ॥*
*ਹਰਿ ਹਰਿ ਜਪਤ ਢਹੈ ਦੁਖ ਡੇਰਾ ॥ ੨ ॥*
*ਹੁਕਮੁ ਬੂਝੈ ਸੋਈ ਪਰਵਾਨੁ ॥*
*ਸਾਚੁ ਸਬਦੁ ਜਾ ਕਾ ਨੀਸਾਨੁ ॥ ੩ ॥*
*ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ ॥*
*ਭਨਤਿ ਨਾਨਕੁ ਮੇਰੈ ਮਨਿ ਸੁਖੁ ਪਾਇਆ ॥*
*ਅੰਗ- ੩੮੫*

ਇਸ ਸਦੀਵ ਸੁਖ, ਸਦੀਵ ਅਨੰਦ ਦੀ ਪ੍ਰਾਪਤੀ ਹਿਤ ਹੀ ਮਨ ਨੂੰ ਸੰਬੋਧਨ ਕਰ ਕੇ ਕਿਹਾ ਹੈ –

*ਮੇਰੇ ਮਨ ਏਕਸ ਸਿਉ ਚਿਤੁ ਲਾਇ॥ ਅੰਗ- ੪੪*

# ਕਲਗੀਧਰ ਜੀ ਦੇ 52 ਬਚਨ

*ਸ. ਬਲਵਿੰਦਰ ਸਿੰਘ*

## ਦੂਜਾ ਬਚਨ:

ਦਸਵੰਧ ਦੇਣਾ (ਦੇ ਦਸਵੰਧ ਗੁਰੂ ਕੇ ਰੂੜਾ)

ਗੁਰਸਿੱਖ ਨੂੰ ਇਸ ਸੰਸਾਰ ਵਿਚ ਰਹਿੰਦਿਆਂ, ਧਰਮ ਦੀ ਕਿਰਤ ਕਰਦਿਆਂ, ਧਨ ਕਮਾਉਣ ਦੀ ਕੋਈ ਮਨਾਹੀ ਨਹੀਂ, ਗੁਰੂਦੇਵ ਦਾ ਹੁਕਮ ਹੈ -

*ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ ॥*
*ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ ॥*

*ਅੰਗ- ੫੨੨*

ਭਾਵ ਇਹ ਹੋਇਆ ਕਿ ਗੁਰਸਿੱਖ ਉੱਦਮ ਕਰੇ, ਕੋਈ ਵੀ ਕਿਰਤ ਅਪਣਾਏ ਉਹ ਭਲਾ ਹੈ, ਐਸਾ ਕੁਝ ਨਹੀਂ ਕਿ ਬ੍ਰਾਹਮਣ ਨੇ ਪੋਥੀ ਵਾਹੁੰਣੀ ਹੈ ਹਲ ਨਹੀਂ, ਜਾਂ ਸ਼ੂਦਰ ਨੇ ਲੋਕ-ਸੇਵਾ ਦੇ ਨਾਮ ਨਿਹਾਦ ਨੀਵੇਂ ਕੰਮ ਹੀ ਕਰਨੇ ਹਨ, ਆਦਿ। ਕਿਰਤ ਕੋਈ ਵੀ ਹੋ ਸਕਦੀ ਹੈ। ਕਿਰਤ ਕਰ ਧਨ ਅਰਜਿਤ ਕਰੇ, ਲੋੜੀਂਦੀਆਂ ਆਰਾਮ ਤੇ ਸੁਖ ਦੇਣ ਵਾਲੀਆਂ ਵਸਤਾਂ ਨੂੰ ਭੋਗੇ। ਐਸਾ ਨਾ ਹੋਵੇ ਕਿ ਉਹ ਵਸਤਾਂ ਵਿਚ ਖਚਿਤ ਹੀ ਹੋ ਜਾਵੇ, ਵਸਤਾਂ ਜੋਗਾ ਹੀ ਰਹਿ ਜਾਵੇ। ਨਿਸ਼ਾਨਾ ਉਸ ਦਾ ਪ੍ਰਭੂ ਪ੍ਰਾਪਤੀ ਤੇ ਵਾਹਿਗੁਰੂ ਦਾ ਮਿਲਾਪ ਹੀ ਹੋਏਗਾ, ਨਾਲ ਹੀ ਇਸ ਗੱਲ ਦਾ ਵੀ ਧਿਆਨ ਰੱਖੇ ਕਿ ਜਿਸ ਸਮਾਜ ਵਿਚ ਉਹ ਰਹਿ ਰਿਹਾ ਹੈ ਉਸ ਦੇ ਉਥਾਨ ਤੇ ਤਰੱਕੀ ਲਈ ਲਗਾਤਾਰ ਕੋਸ਼ਿਸ਼ ਵੀ ਕਰਦਾ ਰਹੇ।

ਇਸ ਉਤਲੇ ਵਿਚਾਰ ਸਬੰਧੀ ਗੁਰੂ ਸਾਹਿਬ ਨੇ ਦਸਵੰਧ ਕੱਢਣ ਲਈ ਹੁਕਮ ਕੀਤਾ ਹੈ। ਭਾਵ, ਆਪਣੀ ਕਮਾਈ ਦਾ ਦਸਵਾਂ ਹਿੱਸਾ ਗੁਰੂ-ਨਮਿਤ ਕੱਢੇ ਅਤੇ ਉਹ ਧਨ ਲੋਕਾਂ ਤੇ ਲੋੜਵੰਦਾਂ ਦੇ ਉਧਾਰ ਲਈ ਖਰਚ ਕਰੇ। ਗੁਰਦੁਆਰੇ ਜਾਂ ਗੋਲਕ ਵਿਚ ਪਾਏ, ਲੰਗਰ ਵਿਚ ਦਏ ਜਾਂ ਪਵਿੱਤਰ ਗੁਰਸਿੱਖ ਰਵਾਇਤ 'ਗਰੀਬ ਕਾ ਮੂੰਹ ਗੁਰੂ ਕੀ ਗੋਲਕ' ਅਨੁਸਾਰ ਕਿਸੇ ਗਰੀਬ ਲੋੜਵੰਦ ਦੇ ਮੂੰਹ ਪਾਏ, ਉਸ ਦੀਆਂ ਲੋੜਾਂ ਪੂਰੀਆਂ ਕਰੇ। ਇਹ ਕਿਰਤ ਵਿਚੋਂ ਕਢਿਆ ਹੋਇਆ ਗੁਰੂ-ਨਮਿਤ ਦਸਵਾਂ ਹਿੱਸਾ ਦਾਨ ਨਹੀਂ, ਕਰ ਨਹੀਂ, ਜਜ਼ੀਆ ਨਹੀਂ, ਟੈਕਸ ਨਹੀਂ, ਨਾ ਹੀ ਇਸ ਬਾਰੇ ਇਹ ਭੁਲੇਖਾ ਪਾਉਣਾ ਜਾਂ ਖਾਣਾ ਠੀਕ ਹੈ ਕਿ ਐਸਾ ਕਰਨ ਨਾਲ ਮਨੁੱਖ ਸਿੱਧਾ ਸਵਰਗਾਂ ਵਿਚ ਜਾਏਗਾ, ਉਸ ਦਾ ਦਰਗਾਹੇ ਅਸਥਾਨ ਸੁਰੱਖਿਅਤ ਹੋ ਜਾਵੇਗਾ। ਸਗੋਂ ਇਹ ਤਾਂ 'ਲੋਕ ਉਧਾਰਨ ਅਰਥ' ਇਕ ਸੁਭਾਅ ਹੈ, ਜਿਸ ਦਾ ਪਾਲਣ ਕਰਨ ਨਾਲ ਇਕ ਐਸਾ ਖੁਸ਼ਹਾਲ ਸਮਾਜ ਸਿਰਜਿਆ ਜਾਏਗਾ ਜੋ ਖੁਦ ਸਾਖਿਆਤ ਸਵਰਗ ਹੋਵੇਗਾ।

ਕਿਸੇ ਮੁਹੱਲੇ ਦੇ ਵਿਚੋਂ 10 ਘਰਾਂ ਦੇ ਬੰਦੇ ਜਾਂ ਉਹਨਾਂ ਦੇ ਪਰਿਵਾਰਾਂ ਦੇ ਦਸ ਮੁਖੀ ਚੁਣ ਲਏ ਜਾਣ ਤਾਂ ਅਸੀਂ ਦੇਖਾਂਗੇ ਕਿ ਉਨ੍ਹਾਂ ਦੀ ਸਿਹਤ, ਸਰੀਰ, ਸੁਭਾਅ, ਵੱਖਰੇ-ਵੱਖਰੇ ਹੋਣਗੇ, ਮਾਨਸਿਕ ਦਸ਼ਾਵਾਂ ਅਲੱਗ-ਅਲੱਗ ਹੋਣਗੀਆਂ। ਇਕੋ ਹੀ ਮਸਲੇ ਨੂੰ ਉਹ ਅਲੱਗ-ਅਲੱਗ ਤਰ੍ਹਾਂ ਨਾਲ ਦੇਖਣ ਜਾਂ ਨਜਿੱਠਣਗੇ ਤੇ ਉਨ੍ਹਾਂ ਦੀਆਂ ਮਾਲੀ ਦਸ਼ਾਵਾਂ ਵੀ ਵੱਖ-ਵੱਖ ਹੋਣਗੀਆਂ। ਇਹ ਠੀਕ ਹੈ ਕਿ ਜਿੱਥੇ ਕਿਧਰੇ ਵੀ ਮਾਲੀ ਅਸਾਵਾਂਪਨ ਹੈ ਉਥੇ ਗੁਰੂ-ਨਮਿਤ ਕੱਢਿਆ ਹੋਇਆ ਇਹ ਧਨ ਦੇ ਕੇ ਆਸਾਵਾਂਪਨ ਦੂਰ ਕਰ ਦਿਤਾ ਜਾਏ। ਇੱਥੇ ਇਹ ਪ੍ਰਸ਼ਨ ਉਠਦਾ ਹੈ ਕਿ ਜੇ ਦੇਣ ਵਾਲਾ ਹਉਮੈ ਵਿਚ ਹੋਵੇ ਅਤੇ ਲੈਣ ਵਾਲਾ ਆਪਣੇ ਸ੍ਵੈ-ਅਭਿਮਾਨ ਕਾਰਨ ਲਏ ਨਾ, ਤਾਂ ਬਣਿਆ ਸੰਵਰਿਆ ਕੀ? ਗੱਲ ਤਾਂ ਇਹ ਹੈ ਕਿ ਦੇਣ ਵਾਲੇ ਨੇ ਇਕ ਰਕਮ ਗੁਰੂ ਦੇ ਨਮਿਤ ਪਹਿਲਾਂ ਹੀ ਕੱਢੀ ਹੋਈ ਹੈ। ਫਿਰ ਗੁਰੂ ਦੀ ਰਕਮ, ਗੁਰੂ ਦੀ ਬਖਸ਼ਿਸ਼ ਲੈਣ ਵਿਚ ਇਨਕਾਰ ਕੋਈ ਨਹੀਂ ਤੇ ਦੇਣ ਵਿਚ ਹੰਕਾਰ ਕਾਹਦਾ?

ਲਗਾਤਾਰ ਆਮਦਨ ਆਈ ਜਾ ਰਹੀ ਹੈ, ਖਰਚੀ ਜਾ ਰਹੀ ਹੈ, ਖਾਧੀ ਜਾ ਰਹੀ ਹੈ, ਇਸ ਸਾਰੇ ਵਹਾਉ ਦੇ ਵਿਚੋਂ ਜੇ ਰਕਮ ਆਉਣ ਤੇ ਹੀ ਦਸਵਾਂ ਹਿੱਸਾ, ਭਾਵ ਦਸਵੰਧ ਪਹਿਲਾਂ ਹੀ ਕੱਢ ਦਿਤਾ ਜਾਏ ਤਾਂ ਦੇਣ ਲੱਗਿਆਂ ਨਾ ਕੋਈ ਖੇਚਲ ਹੋਵੇਗੀ ਤੇ ਨਾ ਕਦੀ ਕੋਈ ਪੀੜ। ਦਿੱਤੇ ਦੀ ਖੁਸ਼ੀ ਇੰਜ ਹੀ ਹੋਏਗੀ ਜਿਵੇਂ ਕਿਸੇ ਸਾਊ ਬੰਦੇ ਨੂੰ ਆਪਣੇ ਕਰਜ਼ ਖੁਆਹ ਨੂੰ ਕਰਜ਼ਾ ਮੋੜ ਕੇ ਹੁੰਦੀ ਹੈ। ਦਸਵੰਧ ਨੂੰ ਬਾਬੇ ਦਾ ਦਾਨ ਮੰਨੀਏ ਤਾਂ ਇਹ ਦੇਣਾ ਖੁਸ਼ੀ ਤੇ ਪ੍ਰਸੰਨਤਾਦਾਇਕ ਹੋ ਜਾਵੇਗਾ, ਇਕ ਸਾਵਾਂ ਸਮਾਜ ਸਿਰਜਿਆ ਜਾਏਗਾ ਅਤੇ ਅਸਾਵਾਂਪਨ ਹੌਲੀ-ਹੌਲੀ ਘਟੇਗਾ ਤੇ ਖਤਮ ਵੀ

ਹੋ ਜਾਏਗਾ। ਦਸਵੰਧ ਦੀ ਰਕਮ ਜੇ ਪਹਿਲਾਂ ਹੀ ਗੁਰੂ-ਨਮਿਤ ਵੱਖਰੀ ਕਰ ਕੇ ਕੱਢੀ ਹੋਵੇ ਤਾਂ ਲੋੜਵੰਦ ਦੇ ਆਉਣ ਉੱਤੇ ਬਹਾਨੇ ਵੀ ਨਹੀਂ ਬਣਾਉਣੇ ਪੈਣਗੇ, ਕਿੱਸੇ ਤੇ ਕਹਾਣੀਆਂ ਨਹੀਂ ਘੜਨੀਆਂ ਪੈਣਗੀਆਂ ਕਿ ਕੱਲ੍ਹ ਆਓ ਜੀ ਵੀਚਾਰ ਕਰਾਂਗੇ, ਪਿਤਾ ਜੀ ਬਾਹਰ ਗਏ ਹਨ, ਵੱਡੇ ਭਾਈ ਸਾਹਿਬ ਜੀ ਇੱਥੇ ਨਹੀਂ ਹਨ, ਆਦਿ। ਬਗਲਾਂ ਨਹੀਂ ਝਾਕਣੀਆਂ ਪੈਣਗੀਆਂ। 'ਦੇਂਦੇ ਥਾਉ ਦਿਤਾ ਚੰਗਾ ਨਹੀਂ ਲਗਦਾ।' ਦਿੱਤੇ ਕਾਰਨ ਦੇਂਦਾ ਦਿਸ ਆਉਂਦਾ ਹੈ। ਫਰਜ਼ ਕਰੋ ਕਿ ਗੁਰੂ ਜੀ ਨੇ ਕੋਈ ਲੈਣ ਵਾਲਾ ਘੱਲਿਆ ਹੀ ਨਹੀਂ ਤਾਂ ਦਸਵੰਧ ਦੀ ਰਕਮ ਥਾਂ ਸਿਰ ਪੁਚਾ ਕੇ ਅਨੰਦਿਤ ਹੋਇਆ ਜਾ ਸਕਦਾ ਹੈ। ਦਸਵੰਧ ਕੱਢਣ ਵਾਲਿਆਂ ਨੂੰ ਦਸਵੰਧ ਦੇ ਕੇ ਇੰਜ ਦੀ ਖੁਸ਼ੀ ਮਹਿਸੂਸ ਹੋਣ ਲਗ ਪੈਂਦੀ ਹੈ ਜਿਵੇਂ ਆਮ ਬੰਦੇ ਨੂੰ ਆਪਣੇ ਪਰਿਚਿਤ ਦੋਸਤ ਮਿੱਤਰ ਜਾਂ ਰਿਸ਼ਤੇਦਾਰ ਪਾਸੋਂ ਲੈਣ ਦੀ ਖੁਸ਼ੀ ਹੁੰਦੀ ਹੈ।

ਇਕ ਗੁਰਮੁਖ ਪਰਿਵਾਰ ਮੇਰੇ ਬੜੇ ਪਿਆਰ ਵਾਲਾ ਸੀ। ਉਨ੍ਹਾਂ ਦੇ ਬਜ਼ੁਰਗਾਂ ਨੂੰ ਛੱਡ ਕੇ ਬਾਕੀ ਘਰ ਦੇ ਸਾਰੇ ਜੀਅ ਹੀ ਚੰਗੀਆਂ ਥਾਵਾਂ 'ਤੇ ਲੱਗੇ ਹੋਏ ਸਨ। ਉਹ ਆਪਣੀਆਂ ਤਨਖਾਹਾਂ ਤੇ ਆਮਦਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੀੜ੍ਹੇ ਹੇਠਾਂ ਰੱਖ ਦੇਂਦੇ, ਜਿਉਂ-ਜਿਉਂ ਕਿਸੇ ਨੂੰ ਲੋੜ ਹੁੰਦੀ ਉਥੋਂ ਲੈ ਕੇ ਖਰਚ ਕਰ ਲੈਂਦੇ। ਮਹੀਨੇ ਬਾਅਦ ਜੋ ਬਚਦਾ ਉਹ ਲੋੜਵੰਦਾਂ ਨੂੰ ਢੂੰਡ ਕੇ ਉਨ੍ਹਾਂ ਤਕ ਪੁਜਦਾ ਕਰਦੇ ਤੇ ਫਿਰ ਸਤਿਗੁਰੂ ਦਾ ਸ਼ੁਕਰ ਕਰਦੇ ਤੇ ਅਕਾਲ ਪੁਰਖ ਅੱਗੇ ਸਿਜਦਾ ਕਰਦੇ। ਮੈਂ ਇਕ ਵਾਰੀ ਪੁੱਛ ਹੀ ਲਿਆ ਤਾਂ ਬਾਪੂ ਜੀ ਕਹਿਣ ਲੱਗੇ ਕਿ ਭਾਈ, ਵਾਹਿਗੁਰੂ ਸਾਨੂੰ ਲੋੜ ਤੋਂ ਵੱਧ ਦੇ ਰਿਹਾ ਹੈ। ਮੇਰਾ ਪ੍ਰਸ਼ਨ ਸੀ ਕਿ ਅੱਗੋਂ ਤੁਹਾਡੇ ਕਾਰਜ ਹਨ - ਬੇਟੀਆਂ ਵਿਆਹੁਣੀਆਂ, ਸਮਾਜਿਕ ਲੈਣੇ ਦੇਣੇ ਜਾਂ ਕਦੀ ਕੋਠਾ ਪਾਉਣਾ, ਉਦੋਂ ਕਿਵੇਂ ਹੋਵੇਗਾ/ ਤਾਂ ਉਹਨਾਂ ਦਾ ਉਤਰ ਸੀ ਕਿ ਸਾਨੂੰ ਉਹ ਨਿਰਗੁਣਹਾਰਿਆਂ ਨੂੰ ਪਾਲ ਰਿਹਾ ਹੈ, ਜਦੋਂ ਥਾਂ ਦੀ ਲੋੜ ਹੋਏਗੀ ਉਹ ਵੀ ਬਣ ਹੀ ਜਾਏਗੀ।

*ਬਹੁ ਗੁਣ ਮੇਰੇ ਸਾਹਿਬੈ ਭਾਈ ਹਉ ਤਿਸ ਕੈ ਬਲਿ ਜਾਉ ॥*
*ਓਹੁ ਨਿਰਗੁਣੀਆਰੇ ਪਾਲਦਾ ਭਾਈ ਦੇਇ ਨਿਥਾਵੇ ਥਾਉ ॥*
*ਰਿਜਕੁ ਸੰਬਾਹੇ ਸਾਸਿ ਸਾਸਿ ਭਾਈ ਗੂੜਾ ਜਾ ਕਾ ਨਾਉ ॥*
*ਜਿਸੁ ਗੁਰੁ ਸਾਚਾ ਭੇਟੀਐ ਭਾਈ ਪੂਰਾ ਤਿਸੁ ਕਰਮਾਉ ॥*
*ਅੰਗ- ੬੪੦*

ਗੁਰੂ ਪਿਤਾ ਦਾ ਨਾ ਉਤਰਨ ਵਾਲਾ ਗੂੜ੍ਹਾ ਰੰਗ, ਉਹਦੀ ਕ੍ਰਿਪਾ ਅਤੇ ਕਰਮ ਦਾ ਰੂਪ ਧਾਰ ਕੇ ਚੜ੍ਹਦਾ ਹੈ ਜੋ ਕਦੀ ਉਤਰਦਾ ਨਹੀਂ।

ਦਸਵੰਧ ਦੀ ਗਾਥਾ ਕੋਈ ਪੇਚੀਦਾ ਨਹੀਂ ਕਿ ਇਸ ਨਾਲ ਮੱਥਾ ਪੱਚੀ ਕਰਨੀ ਪਵੇ। ਗੱਲ ਸਮਝਣ ਦੀ ਹੈ। ਉਦਾਹਰਣ ਦੇ ਤੌਰ 'ਤੇ, ਇਕ ਮੱਧ ਵਰਗੀ ਪਰਿਵਾਰ ਦੀ ਆਮਦਨ ਦਸ ਹਜ਼ਾਰ ਰੁਪਏ ਪ੍ਰਤੀ ਮਾਹ ਮੰਨ ਲਈ ਜਾਵੇ। ਉਸ ਦੀ ਐਕਟਿਵ ਸੇਵਾ ਤੀਹ ਸਾਲ। ਹਰ ਮਹੀਨੇ ਦਾ ਦਸਵੰਧ ਇਕ ਹਜ਼ਾਰ, ਇਕ ਸਾਲ ਦਾ ਬਾਰਾਂ ਹਜ਼ਾਰ, ਤੀਹਾਂ ਵਰ੍ਹਿਆਂ ਦਾ 3 ਲੱਖ 60 ਹਜ਼ਾਰ। ਹੁਣ ਜੇ ਆਮ ਮਨੁੱਖ ਸੁਭਾਅ ਮੁਤਾਬਿਕ ਸੋਚੀਏ ਤਾਂ ਸੌ ਸਕੀਮਾਂ ਨੇ ਬੈਂਕਾਂ ਦੀਆਂ, ਬੀਮੇ ਦੀਆਂ, ਸੂਦ ਲੈਣ ਦੀਆਂ ਆਦਿ। ਏਨੀ ਕੁ ਰਕਮ ਦੁਗਣੀ, ਤਿਗਣੀ ਜਾਂ ਸ਼ਾਇਦ ਚੌਗੁਣੀ ਵੀ ਕੀਤੀ ਜਾ ਸਕਦੀ ਹੈ। ਪਰ ਜੇ ਇਸ ਰਕਮ ਨੂੰ ਦਸਵੰਧ ਦੇ ਪਵਿੱਤਰ ਸਿਧਾਂਤ ਮੁਤਾਬਿਕ ਲੋੜਵੰਦਾਂ ਤਕ ਪੁਚਾ ਦਿਤਾ ਜਾਏ ਤਾਂ ਇਹ ਗੱਲ ਸਪੱਸ਼ਟ ਹੋ ਕੇ ਸਾਹਮਣੇ ਆਏਗੀ ਕਿ ਉਸ ਮਨੁੱਖ ਨੇ ਆਪਣੀ ਜ਼ਿੰਦਗੀ ਵਿਚ ਘੱਟੋ-ਘੱਟ ਤਿੰਨ ਸੌ ਤੋਂ ਚਾਰ ਸੌ ਬੰਦਿਆਂ ਤਕ ਨੂੰ ਆਪਣੇ ਪੈਰਾਂ ਤੇ ਖੜ੍ਹਾ ਕੀਤਾ, ਉਨ੍ਹਾਂ ਦੀਆਂ ਲੋੜਾਂ ਪੂਰੀਆਂ ਕੀਤੀਆਂ, ਉਨ੍ਹਾਂ ਦਾ ਔਖਾ ਸਮਾਂ ਟਾਲਿਆ, ਪਾਲਿਆ। ਤਾਂ ਕੀ ਇਹ ਨਾ ਕਹੀਏ ਕਿ ਉਸ ਨੇ ਗੁਰੂ ਬਚਨ ਪਾਲਿਆ ਹੈ ਤੇ ਉਨ੍ਹਾਂ ਨੂੰ ਅੱਗੋਂ ਮੁੜ ਕਿਰਤ ਕਰਕੇ ਟੱਬਰ ਪਾਲਣ ਯੋਗ ਬਣਾ ਦਿਤਾ ਤੇ ਨਾਲ ਹੀ ਗੁਰਮਤਿ ਦੇ ਸਿਧਾਂਤਾਂ ਦੀ ਖੁਸ਼ਬੂ ਫੈਲਾਅ ਦਿਤੀ ਹੈ। ਇੰਜ ਨਾ ਕਰ ਕੇ ਜੇ ਉਸ ਮਨੁੱਖ ਦੀ ਜਮ੍ਹਾਂ ਕੀਤੀ ਹੋਈ ਰਕਮ ਕਿਧਰੇ ਦੱਬੀ ਦਬਾਈ, ਫਿਕਸਡ ਡਿਪਾਜ਼ਟ ਦੇ ਰੂਪ ਵਿਚ ਜਾਂ ਕਿਸੇ ਹੋਰ ਤਰ੍ਹਾਂ ਪਈ ਬੇਹੀ ਹੋ ਜਾਵੇ ਤਾਂ ਉਹ ਸੜਿਆਂਦ ਮਾਰੇਗੀ ਤੇ ਜਦੋਂ ਇਹ ਰਕਮ ਉਸ ਦੇ ਕਿਸੇ ਬੇਟੇ ਬੇਟੀ ਜਾਂ ਰਿਸ਼ਤੇਦਾਰ ਦੇ ਹੱਥ ਆਏਗੀ ਤਾਂ ਉਸ ਦਾ ਸੁਆਰੇਗੀ ਘੱਟ, ਵਿਗਾੜੇਗੀ ਵੱਧ। ਐਸਾ ਬਹੁਤ ਵਾਰ ਸਾਡੇ ਸਾਰਿਆਂ ਦੇ ਦੇਖਣ ਵਿਚ ਆਇਆ ਹੈ।

ਇਹ ਮੈਂ ਇਕ ਬੰਦੇ ਦੀ ਗੱਲ ਕਰ ਰਿਹਾ ਹਾਂ। ਜੇ ਸਾਰੇ ਹੀ ਇੰਜ ਗੁਰੂ ਅਨੁਸਾਰ ਕਰਨ ਲਗ ਜਾਣ ਤਾਂ ਵਾਤਾਵਰਣ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਗੋਬਿੰਦ ਗੁਰੂ ਦੀ ਗੁੰਜਾਰ ਸਦੈਵ ਸਦੀਵੀ ਰਹੇਗੀ।

ਅਸੀਂ ਕਹਿ ਸਕਦੇ ਹਾਂ ਕਿ ਜੇ ਐਸਾ ਹੋਣ ਲਗ ਜਾਏ ਤੇ ਫਿਰ ਕੋਈ ਲੋੜਵੰਦ ਹੀ ਨਹੀਂ ਰਹੇਗਾ? ਹਾਂ, ਐਸੀ ਅਵਸਥਾ ਆ ਸਕਦੀ ਹੈ। ਉਹ ਹਾਲਤ ਸਰਬ-ਸਰਬਤ੍ਰ ਲਈ ਉਥਾਨਮਈ ਹੋਵੇਗੀ। ਪਰ ਜੇ ਕੋਈ ਘਰ ਬਹਿ ਕੇ ਹੀ ਗਿੱਟੀਆਂ ਗਿਣਦਾ ਰਹੇ, ਕਿਤਨੀ ਰਕਮ ਨਾਲ ਕਿਤਨੀ ਜੋੜੀਏ ਤੇ ਕਿੰਨੀ ਬਣ ਜਾਏ, ਐਨਾ ਕੁਝ ਉਸਾਰ ਲਵਾਂਗੇ, ਐਨਾ ਕੁਝ ਪਾਸਾਰ

ਲਵਾਂਗੇ। ਠੀਕ ਹੈ, ਉਸਾਰੀ ਹੋਵੇਗੀ ਪਰ ਇਕਸਾਰੀ ਨਹੀਂ, ਖੁਸ਼ਹਾਲੀ ਹੋਵੇਗੀ ਪਰ ਸਭਨਾਂ ਲਈ ਨਹੀਂ। ਸਾਡਾ ਦੇਣ ਦਾ ਸੁਭਾਅ ਨਹੀਂ ਪਰ ਜਿਹੜਾ ਕਿਧਰੇ ਦੇਂਦੇ ਵੀ ਹਾਂ ਉਸ ਬਦਲੇ ਸਾਡੀ ਮੰਗ ਦੇਣ ਨਾਲੋਂ ਬਹੁਤੀ ਹੁੰਦੀ ਹੈ। ਇਹ ਦੇਣਾ ਤਾਂ ਮਨ ਵਿਚ ਸੰਤੋਖ ਉਪਜਾਉਣ ਲਈ ਹੁੰਦਾ ਹੈ –

*ਸਤੀਆ ਮਨਿ ਸੰਤੋਖੁ ਉਪਜੈ ਦੇਣੈ ਕੈ ਵੀਚਾਰਿ ॥*
*ਦੇ ਦੇ ਮੰਗਹਿ ਸਹਸਾ ਗੂਣਾ ਸੋਭ ਕਰੇ ਸੰਸਾਰੁ ॥*

*ਅੰਗ- ੪੬੬*

ਹਉਮੈ ਕਾਰਨ ਜਾਂ ਹਉਮੈ ਨੂੰ ਪੱਠੇ ਪਾਣ ਕਾਰਨ, ਬਈ ਸਾਡੀ ਸੋਭਾ ਹੋਵੇ। ਪਰ ਗੁਰੂ ਕ੍ਰਿਪਾਲ ਦੀ ਆਗਿਆ ਤਾਂ ਇਹ ਹੈ ਕਿ ਦੇਣ ਦੇ ਵਿਚਾਰ ਨਾਲ ਹੀ ਸੰਤੋਖ ਉਪਜੇ। ਦੇ ਕੇ ਸ਼ਾਂਤੀ ਹੋਵੇ 'ਦੇਇ ਨ ਪਛੋਤਾਇ' ਵਾਲੀ ਉੱਚ ਆਤਮਿਕ ਅਵਸਥਾ ਹੋਵੇ। ਸਾਨੂੰ ਵਾਹਿਗੁਰੂ ਨੇ ਦਸ ਵਸਤਾਂ ਦਿਤੀਆਂ ਹਨ (ਦਿੱਤੀਆਂ ਤਾਂ ਅਨੇਕ ਅਣਗਿਣਤ ਹਨ ਕੋਈ ਪਾਰਾਵਾਰ ਨਹੀਂ) ਪਰ ਸਤਿਗੁਰੂ ਮਿਸਾਲ ਵਜੋਂ ਫੁਰਮਾਨ ਕਰਦੇ ਹਨ –

*ਦਸ ਬਸਤੂ ਲੇ ਪਾਛੈ ਪਾਵੈ ॥*
*ਏਕ ਬਸਤੁ ਕਾਰਨਿ ਬਿਖੋਟਿ ਗਵਾਵੈ ॥*
*ਏਕ ਭੀ ਨ ਦੇਇ ਦਸ ਭੀ ਹਿਰਿ ਲੇਇ ॥*
*ਤਉ ਮੂੜਾ ਕਹੁ ਕਹਾ ਕਰੇਇ ॥*
*ਜਿਸੁ ਠਾਕੁਰ ਸਿਉ ਨਾਹੀ ਚਾਰਾ ॥*
*ਤਾ ਕਉ ਕੀਜੈ ਸਦ ਨਮਸਕਾਰਾ ॥* *ਅੰਗ- ੨੬੮*

ਭਾਵ, ਹੇ ਮਨੁੱਖ! ਤੈਨੂੰ ਦਸ ਵਸਤਾਂ ਮਿਲੀਆਂ ਹਨ ਤੇ ਖੁਸ਼ੀ ਖੁਸ਼ਾਈ, ਚਾਅ ਨਾਲ, ਉਮਾਹ ਨਾਲ ਇਕ ਵਸਤ ਗੁਰੂ-ਨਮਿਤ ਕੱਢ ਕੇ ਲੋੜਵੰਦ ਤਕ ਪੁਚਾਉਣ ਨਾਲ ਕਿਹੜਾ ਘਾਟਾ ਪੈ ਚੱਲਿਆ ਹੈ। ਜਿਸ ਦਾਤਾਰ ਨੇ ਦਸ ਵਸਤਾਂ ਦਿਤੀਆਂ ਹਨ ਉਹਦੇ ਨਮਿਤ ਮਨੁੱਖ ਇਕ ਵੀ ਨਹੀਂ ਦੇਂਦਾ ਤੇ ਜੇ ਉਹ ਆਪਣੀ ਕਲਾ ਵਰਤਾ ਕੇ ਬਾਕੀ ਦੀਆਂ ਵੀ ਲੈ ਲਏ ਤਾਂ ਫਿਰ ਮਨੁੱਖ ਕਿਹੜਾ ਕੁਝ ਕਰ ਸਕਦਾ ਹੈ। ਕੀ ਉਹਦੇ ਕੋਲ ਕੋਈ ਹੋਰ ਚਾਰਾ ਹੈ? ਬਸ ਇਹੀ ਹੈ ਕਿ ਉਸ ਨੂੰ ਸਦਾ ਨਮਸਕਾਰ ਹੀ ਕਰੇ। ਦਸਵੰਧ ਇਕ ਆਚਾਰ ਹੈ, ਵਿਹਾਰ ਨਹੀਂ। ਦਸਵੰਧ ਇਕ ਪਵਿੱਤਰ ਸਬੰਧ ਹੈ, ਧੰਧ ਨਹੀਂ। ਦਸਵੰਧ ਹਲਤ ਦੇ ਪਥ ਰੁਸ਼ਨਾਉਣ ਵਾਲੀ ਰੌਸ਼ਨੀ ਦੀ ਲਾਟ ਹੈ, ਸਵਰਗਾਂ ਨੂੰ ਜਾਂਦਾ ਕੋਈ ਪੰਧ ਨਹੀਂ।

ਭਾਈ ਮੱਖਣ ਸ਼ਾਹ ਲੁਬਾਣੇ ਨੇ ਸਾਗਰ ਵਿਚ ਡੁੱਬਦੇ ਜਹਾਜ਼ ਨੂੰ ਵੇਖ ਕੇ ਅਰਦਾਸ ਕੀਤੀ ਸੀ ਕਿ ਵੇਖੋ ਬਾਬਾ ਜੀ! ਇਹ ਜੋ ਬੇੜਾ ਡੁੱਬ ਰਿਹਾ ਹੈ, ਇਸ ਵਿਚ ਦਸਵਾਂ ਹਿੱਸਾ ਤੇਰਾ ਵੀ ਹੈ। ਬੇੜਾ ਡੁੱਬਾ ਨਹੀਂ, ਬੇੜਾ ਤਰ ਗਿਆ। ਸਚਮੁੱਚ ਦਸਵੰਧ ਦੀ ਗੁਰੂ ਬਖਸ਼ਿਸ਼ ਪ੍ਰਥਾ ਜਾਂ ਗੁਰੂ ਦਾਤ ਰੂਪ ਸੁਭਾਅ, ਬੇੜਾ ਤਾਰਨ ਵਾਲੀ ਹੈ। ਧਰਮ ਦੀ ਕਿਰਤ ਵਿਚੋਂ ਕੱਢੇ ਗਏ ਦਸਵੰਧ ਦਾ ਸਬੰਧ ਇਸ ਤਰ੍ਹਾਂ ਹੈ ਜਿਵੇਂ ਕਿਸੇ ਮਨ ਭਾਉਂਦੇ ਗੀਤ ਨੂੰ ਕੰਨੀਂ ਸੁਣਨ ਮਗਰੋਂ ਆਤਮਾ ਵਿਚ ਪੈਦਾ ਹੋਈ ਝੁਣਕਾਰ, ਜਿਵੇਂ ਕਿਸੇ ਸਵਾਦੀ ਪੌਸ਼ਟਿਕ ਆਹਾਰ ਮਗਰੋਂ ਸਰੀਰ ਨੂੰ ਮਿਲਿਆ ਆਧਾਰ, ਜਿਵੇਂ ਕਿਸੇ ਖੂਬਸੂਰਤ ਨਜ਼ਾਰੇ ਨੂੰ ਵੇਖਣ ਮਗਰੋਂ ਉਸ ਦੇ ਕਰਤੇ ਨੂੰ ਕੀਤੀ ਗਈ ਸਨਿਮਰ ਨਮਸਕਾਰ। ਦਸਵੰਧ ਦੈਵੀ ਸੁਭਾਅ ਦਾ ਇਕ ਮਹਾਨ ਗੁਣ ਹੈ।

**'ਆਤਮ ਮਾਰਗ' ਸੰਬੰਧੀ ਜ਼ਰੂਰੀ ਬੇਨਤੀਆਂ**

1. ਰਿਨੂਅਲ ਦਾ ਚੰਦਾ ਭੇਜਣ ਲਈ ਮੈਂਬਰਸ਼ਿਪ ਨੰਬਰ ਅਤੇ ਰਿਨੂਅਲ ਤਾਰੀਖ ਦਾ ਵੇਰਵਾ ਜ਼ਰੂਰ ਦਿਤਾ ਜਾਵੇ ਅਤੇ ਇਹ ਵੀ ਦਸਿਆ ਜਾਵੇ ਕਿ ਚੰਦਾ ਰਿਨੂਅਲ ਲਈ ਹੈ ਜਾਂ ਨਵੀਂ ਮੈਂਬਰਸ਼ਿਪ ਲਈ ਹੈ।
2. ਜੇ ਕਿਸੇ ਪ੍ਰੇਮੀ ਨੇ ਆਤਮ ਮਾਰਗ ਲਈ ਚੰਦਾ ਜਮ੍ਹਾਂ ਕਰਾਇਆ ਹੋਵੇ ਅਤੇ ਉਸ ਨੂੰ ਮੈਗਜ਼ੀਨ ਨਾ ਪੁਜਦਾ ਹੋਵੇ ਤਾਂ ਉਹ ਜਮ੍ਹਾਂ ਕਰਵਾਈ ਗਈ ਰਕਮ ਦਾ ਰਸੀਦ ਨੰਬਰ ਆਦਿ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰੇ।
3. 'ਆਤਮ ਮਾਰਗ' ਇਕ ਧਾਰਮਿਕ ਮੈਗਜ਼ੀਨ ਹੈ, ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਛਪੀ ਹੁੰਦੀ ਹੈ, ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ। ਤਾਂ ਇਹ ਸਾਡੇ ਕਿਸੇ ਵੀ ਵਿਤਰਣ ਕੇਂਦਰ ਤੇ ਜਾਂ ਦਫ਼ਤਰ 'ਆਤਮ ਮਾਰਗ' ਰਤਵਾੜਾ ਸਾਹਿਬ ਵਾਪਿਸ ਕਰ ਦਿਤੇ ਜਾਣ।

# ਗੁਰਬਾਣੀ ਅਰਥ ਭੰਡਾਰ

*ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ*

*(ਲੜੀ ਜੋੜਨ ਲਈ ਦੇਖੋ, ਫਰਵਰੀ ਅੰਕ, ਪੰਨਾ-55)*

ਸਿਰੀਰਾਗੁ ਮਹਲਾ ੩ ॥
ਮਾਇਆ ਮੋਹੁ ਮੇਰੈ ਪ੍ਰਭਿ ਕੀਨਾ
ਆਪੇ ਭਰਮਿ ਭੁਲਾਏ ॥

ਮੇਰੇ ਪ੍ਰਭਿ=ਪਰਮੇਸ਼ਰ ਨੇ ਐਸਾ ਮਾਇਆ ਦਾ ਮੋਹ ਰਚਨਾ ਕੀਨਾ=ਕੀਤਾ ਹੈ ਅਤੇ ਉਸ ਨੇ ਆਪ ਹੀ ਜੀਵਾਂ ਨੂੰ ਭਰਮਿ=ਭੁਲੇਖੇ ਵਿਚ ਭੁਲਾਏ=ਭੁਲਾ ਦੇਣਾ ਕੀਤਾ ਹੈ ਅਥਵਾ ਇਸ ਜੀਵ ਨੇ ਪਰਮੇਸ਼ਰ ਦੁਆਰਾ ਰਚੇ ਹੋਏ ਮਾਇਆ ਦੇ ਮੋਹ ਦੇ ਭਰਮਿ=ਭੁਲੇਖੇ ਦੇ ਕਾਰਨ ਆਪਣੇ ਨਿਜ ਸਰੂਪ ਨੂੰ ਭੁਲਾਏ=ਭੁਲਾ ਦਿਤਾ ਹੈ।

ਮਨਮੁਖਿ ਕਰਮ ਕਰਹਿ ਨਹੀ ਬੂਝਹਿ
ਬਿਰਥਾ ਜਨਮੁ ਗਵਾਏ ॥

ਮਨਮੁਖ ਲੋਕ ਕਰਮਾਂ ਨੂੰ ਕਰਹਿ=ਕਰਦੇ ਹਨ ਤੇ ਪਰਮੇਸ਼ਰ ਦੀ ਰਜਾ ਨੂੰ ਬੂਝਹਿ=ਸਮਝਦੇ ਨਹੀਂ ਹਨ ਅਤੇ ਆਪਣਾ ਜਨਮ ਐਵੇਂ ਹੀ ਬਿਰਥਾ=ਵਿਅਰਥ ਗਵਾ ਰਹੇ ਹਨ।

ਗੁਰਬਾਣੀ ਇਸੁ ਜਗ ਮਹਿ ਚਾਨਣੁ
ਕਰਮਿ ਵਸੈ ਮਨਿ ਆਏ ॥ ੧ ॥

ਗੁਰੂ ਦੀ ਬਾਣੀ ਇਸ ਜਗ=ਜਗਤ (ਸੰਸਾਰ) ਮਹਿ=ਵਿਚ ਚਾਨਣੁ=ਗਿਆਨ ਦਾ ਪ੍ਰਕਾਸ਼ ਕਰਨ ਵਾਲੀ ਹੈ।

ਮਨ ਰੇ ਨਾਮੁ ਜਪਹੁ ਸੁਖੁ ਹੋਇ ॥

ਰੇ=ਹੇ ਮਨਾਂ! ਤੂੰ ਪ੍ਰਮੇਸ਼ਰ ਦੇ ਨਾਮ ਨੂੰ ਜਪਹੁ=ਜਪਣਾ ਕਰ, ਜਿਸ ਨਾਲ ਸਾਰੇ ਸੁੱਖਾਂ ਦੀ ਪ੍ਰਾਪਤੀ ਹੋ ਜਾਵੇਗੀ।

ਗੁਰੁ ਪੂਰਾ ਸਾਲਾਹੀਐ
ਸਹਜਿ ਮਿਲੈ ਪ੍ਰਭੁ ਸੋਇ ॥ ੧ ॥ ਰਹਾਉ ॥

ਪੂਰਾ=ਪੂਰਨ ਗੁਰੁ=ਸਤਿਗੁਰੂ ਸਾਹਿਬ ਜੀ ਨੂੰ ਸਾਲਾਹੀਐ=ਸਲਾਹੁਣਾ ਕਰੀਏ ਵਾ: ਪੂਰਨ ਸਤਿਗੁਰੂ ਅਕਾਲ ਪੁਰਖ ਰੂਪ ਬਾਣੀ ਦੀ ਸਾਲਾਹੀਐ=ਸਿਫ਼ਤ ਕਰੀਏ ਤਾਂ ਸੋਇ=ਉਹ ਪ੍ਰਭੁ=ਪਰਮੇਸ਼ਰ ਸਹਜਿ=ਸੁਭਾਵਿਕ ਹੀ ਮਿਲੈ=ਮਿਲ ਪੈਂਦਾ ਹੈ ਵਾ: ਸ਼ਾਂਤੀ ਪੂਰਵਕ ਉਸ ਪ੍ਰਭੂ ਉਸ ਪ੍ਰਭੂ ਦੇ ਸਰੂਪ ਵਿਚ ਮਿਲ ਜਾਈਦਾ ਹੈ।

ਭਰਮੁ ਗਇਆ ਭਉ ਭਾਗਿਆ
ਹਰਿ ਚਰਣੀ ਚਿਤੁ ਲਾਇ ॥

ਜਿਨ੍ਹਾਂ ਨੇ ਹਰਿ=ਪਰਮੇਸ਼ਰ ਦੇ ਚਰਣੀ=ਚਰਨਾਂ ਕਮਲਾਂ ਵਿਚ ਚਿਤੁ=ਹਿਰਦੇ ਨੂੰ ਲਾਇ=ਲਾਉਣਾ ਭਾਵ ਜੋੜਨਾ ਕੀਤਾ ਹੈ, ਉਨ੍ਹਾਂ ਦੇ ਅੰਤਸ਼ਕਰਣ ਵਿਚੋਂ ਪੰਜ ਪ੍ਰਕਾਰ ਦਾ ਭਰਮ ਚਲਾ ਗਿਆ ਹੈ ਤੇ ਸੱਤ ਪ੍ਰਕਾਰ ਦਾ ਭਉ=ਡਰ ਵੀ ਭਾਗਿਆ=ਨੱਸ ਗਿਆ ਹੈ ਭਾਵ ਨਵਿਰਤ ਹੋ ਗਿਆ ਹੈ।

ਗੁਰਮੁਖਿ ਸਬਦੁ ਕਮਾਈਐ
ਹਰਿ ਵਸੈ ਮਨਿ ਆਇ ॥

ਗੁਰਮੁਖ ਜਨਾਂ ਨੇ ਗੁਰੂ ਦੇ ਸਬਦੁ=ਉਪਦੇਸ਼ ਦੀ ਕਮਾਈਐ=ਟਹਿਲ ਕਮਾਈ ਕੀਤੀ ਹੈ ਜਿਸ ਨਾਲ ਉਨ੍ਹਾਂ ਦੇ ਹਿਰਦੇ ਵਿਚ ਹਰਿ=ਹਰੀ ਪਰਮੇਸ਼ਰ ਆ ਕੇ ਵਸੈ=ਵਸ ਜਾਂਦਾ ਹੈ।

ਘਰਿ ਮਹਲਿ ਸਚਿ ਸਮਾਈਐ
ਜਮਕਾਲੁ ਨ ਸਕੈ ਖਾਇ ॥ ੨ ॥

ਸਾਧਸੰਗ ਰੂਪੀ ਘਰ ਵਿਚ ਮਿਲ ਕੇ ਤੁਰੀਆ ਪਦ ਰੂਪੀ ਮਹਿਲ ਦੁਆਰਾ ਪਰਮੇਸ਼ਰ ਵਿਚ ਸਮਾਈਐ=ਅਭੇਦ ਹੋ ਜਾਈਦਾ ਹੈ ਅਥਵਾ ਮਹਲਿ=ਸਰੂਪ ਰੂਪੀ ਸੱਚੇ ਨਾਲ ਵਿਚ ਸਮਾਅ ਜਾਈਦਾ ਹੈ, ਜਿਸ ਨਾਲ ਉਸ ਨੂੰ ਜਮਕਾਲ ਵਾ: ਜੰਮਣ ਮਰਣ ਰੂਪੀ ਕਾਲ ਖਾਇ=ਨਾਸ਼ ਨਹੀਂ ਕਰ ਸਕਦਾ।

ਨਾਮਾ ਛੀਬਾ ਕਬੀਰੁ ਜੋੁਲਾਹਾ
ਪੂਰੇ ਗੁਰ ਤੇ ਗਤਿ ਪਾਈ ॥

ਦੁਨੀਆਂ ਦੇ ਲੋਕ ਭਗਤ ਨਾਮਾ=ਨਾਮਦੇਵ ਜੀ ਨੂੰ ਛੀਂਬਾ ਅਤੇ ਭਗਤ ਕਬੀਰ ਜੀ ਨੂੰ ਜੁਲਾਹਾ ਭਾਵ ਨੀਵੀਂ ਜਾਤੀ ਵਾਲਾ ਸੰਬੋਧਨ ਕਰਦੇ ਸਨ। ਉਨ੍ਹਾਂ ਭਗਤਾਂ ਨੇ ਵੀ ਪੂਰੇ ਗੁਰੂ ਜੀ ਦੀ ਕ੍ਰਿਪਾ ਤੇ=ਤੋਂ ਗਤਿ=ਮੁਕਤੀ ਦੀ ਪਾਈ=ਪ੍ਰਾਪਤੀ ਕੀਤੀ ਸੀ।

ਬ੍ਰਹਮ ਕੇ ਬੇਤੇ ਸਬਦੁ ਪਛਾਣਹਿ
ਹਉਮੈ ਜਾਤਿ ਗਵਾਈ ॥

ਫਿਰ ਇਹ ਬ੍ਰਹਮ ਸਰੂਪ ਕੇ=ਦੇ ਬੇਤੇ=ਜਾਣੂ ਹੋ ਗਏ ਅਤੇ ਇਨ੍ਹਾਂ ਨੇ ਸਬਦੁ=ਬ੍ਰਹਮ ਨੂੰ

ਪਛਾਣਹਿ=ਪਛਾਣ ਲਿਆ ਵਾ: ਸਬਦੁ=ਗੁਰ-ਉਪਦੇਸ਼ ਨੂੰ ਪਛਾਣਹਿ=ਪਛਾਣ ਕਰਕੇ ਬ੍ਰਹਮ ਦੇ ਜਾਣੂੰ ਹੋ ਗਏ ਅਤੇ ਅੰਦਰੋਂ ਜਾਤ ਪਾਤ ਦੀ ਹਉਮੈ=ਹੰਗਤਾ ਮਮਤਾ ਗਵਾਈ=ਗਵਾ ਦਿਤੀ ਭਾਵ ਨਾ ਜੁਲਾਹਾ ਪੁਣਾ ਰਿਹਾ ਨਾ ਛੀਂਬਾ ਪੁਣਾ ਰਿਹਾ।

ਸੁਰਿ ਨਰ ਤਿਨ ਕੀ ਬਾਣੀ ਗਾਵਹਿ
ਕੋਇ ਨ ਮੇਟੈ ਭਾਈ ॥ ੩ ॥

ਹੇ ਭਾਈ! ਤਿਨ=ਉਨ੍ਹਾਂ ਭਗਤਾਂ ਕੀ=ਦੀ ਬਾਣੀ ਨੂੰ ਸੁਰਿ=ਦੇਵਤੇ ਅਤੇ ਨਰ=ਮਨੁੱਖ ਗਾਵਹਿ=ਗਾਉਂਦੇ ਹਨ। ਉਨ੍ਹਾਂ ਦੀ ਬਾਣੀ ਵਾ: ਜੱਸ ਨੂੰ ਕੋਈ ਵੀ ਮੇਟ ਨਹੀਂ ਸਕਦਾ।

ਦੈਤ ਪੁਤੁ ਕਰਮ ਧਰਮ ਕਿਛੁ ਸੰਜਮ ਨ ਪੜੈ
ਦੂਜਾ ਭਾਉ ਨ ਜਾਣੈ ॥

ਹੋਰ ਦੇਖੋ ਦੈਂਤ ਹਰਨਾਖਸ਼ ਦੇ ਪੁਤੁ=ਪੁੱਤਰ ਪ੍ਰਹਿਲਾਦ ਭਗਤ ਨੇ ਕਿਸੇ ਪ੍ਰਕਾਰ ਦਾ ਦੈਂਤਾਂ ਵਾਲਾ ਕਰਮ, ਕੋਈ ਵੀ ਹਿੰਸਾ ਆਦਿ ਕਰਨ ਵਾਲਾ ਧਰਮ, ਸੰਜਮ=ਇੰਦਰੀਆਂ ਦਾ ਦਮਨ ਕਰਕੇ ਯੱਗ ਅਤੇ ਹਵਨ ਆਦਿ ਅਤੇ ਹੋਰ ਕਿਸੇ ਪ੍ਰਕਾਰ ਦੀ ਨੀਤੀ ਦੀ ਪੜ੍ਹਾਈ ਆਦਿ ਪੜੈ=ਪੜ੍ਹਨਾ ਨਹੀਂ ਕੀਤੀ, ਬਲਕਿ ਉਸ ਦੇ ਹਿਰਦੇ ਅੰਦਰ ਐਸੀ ਮੱਤ ਦਾ ਪ੍ਰਕਾਸ਼ ਹੋ ਗਿਆ ਕਿ ਉਹ ਦੂਜਾ=ਦਵੈਤ-ਭਾਵ ਨੂੰ ਜਾਣੈ=ਜਾਣਦਾ ਨਹੀਂ ਸੀ।

ਸਤਿਗੁਰੁ ਭੇਟਿਐ ਨਿਰਮਲੁ ਹੋਆ
ਅਨਦਿਨੁ ਨਾਮੁ ਵਖਾਣੈ ॥

ਜਿਸ ਵਕਤ ਇੰਦਰ ਮੁਲਤਾਨ ਲੁੱਟ ਕੇ ਭਗਤ ਪ੍ਰਹਿਲਾਦ ਦੀ ਮਾਤਾ ਨੂੰ ਜ਼ਬਰਦਸਤੀ ਬਲ ਦੁਆਰਾ ਲੈ ਕੇ ਜਾ ਰਿਹਾ ਸੀ ਤਾਂ ਉਸ ਵੇਲੇ ਰਸਤੇ ਵਿਚ ਨਾਰਦਮੁਨੀ ਮਿਲੇ। ਗਰਭਵਤੀ ਕਿਆਦੂ, ਪ੍ਰਹਿਲਾਦ ਦੀ ਮਾਤਾ ਨੂੰ ਇੰਦਰ ਕੋਲੋਂ ਛੁਡਵਾ ਕੇ ਆਪਣੇ ਆਸ਼ਰਮ ਵਿਚ ਰੱਖਿਆ। ਪਰਮੇਸ਼ਰ ਦੇ ਨਾਮ ਦੀ ਕਥਾ ਸੁਣਾ ਕੇ ਗਰਭ ਦੇ ਬਾਲਕ ਨੂੰ ਸੰਸਕਾਰ ਦਿਤੇ, ਜਿਸ ਕਰਕੇ ਪ੍ਰਹਿਲਾਦ ਜੰਮਦਾ ਹੀ ਹਰੀ ਭਗਤ ਹੋਇਆ। ਜਦੋਂ ਸਤਿਗੁਰੂ ਦੇ ਰੂਪ ਵਿਚ ਰਿਸ਼ੀ ਨਾਰਦ ਆ ਕੇ ਭੇਟਿਐ=ਮਿਲਿਆ ਤਾਂ ਪ੍ਰਹਿਲਾਦ ਦਾ ਮਨ ਨਿਰਮਲੁ=ਮੈਲ ਤੋਂ ਰਹਿਤ ਹੋਆ=ਹੋ ਗਿਆ, ਜੋ ਅਨਦਿਨੁ=ਦਿਨ ਰਾਤ ਪਰਮੇਸ਼ਰ ਦਾ ਨਾਮੁ ਵਖਾਣੈ=ਵਖਿਆਨ ਕਰਦਾ ਰਹਿੰਦਾ ਸੀ।

ਏਕੋ ਪੜੈ ਏਕੋ ਨਾਉ ਬੂਝੈ
ਦੂਜਾ ਅਵਰੁ ਨ ਜਾਣੈ ॥ ੪ ॥

ਏਕੋ=ਇਕ ਵਾਹਿਗੁਰੂ ਦੇ ਨਾਮ ਦੀ ਪੜੈ=ਪੜ੍ਹਾਈ ਪੜ੍ਹਦਾ ਸੀ ਤੇ ਏਕੋ=ਇੱਕੋ ਨਾਉ=ਨਾਮ ਨੂੰ ਹਿਰਦੇ ਵਿਚ ਬੂਝੈ=ਸਮਝਦਾ ਸੀ। ਦੂਜਾ ਹੋਰ ਅਵਰ ਸਥਾਨ ਵਿਚ ਪ੍ਰਹਿਲਾਦ ਭਗਤ ਕੁਝ ਵੀ ਜਾਣਦਾ ਨਹੀਂ ਸੀ (ਪ੍ਰਮੇਸ਼ਰ ਨੇ ਇਸ ਦੀ ਰੱਖਿਆ ਕੀਤੀ। ਅੱਜ ਵੀ ਮੁਲਤਾਨ ਵਿਚ ਯਾਦਗਾਰ ਹੈ, ਜਿਸ ਥੰਮ੍ਹ ਨੂੰ ਪਾੜ ਕੇ ਭਗਵਾਨ ਪ੍ਰਗਟ ਹੋਏ ਸਨ।)

ਖਟੁ ਦਰਸਨ ਜੋਗੀ ਸੰਨਿਆਸੀ
ਬਿਨੁ ਗੁਰ ਭਰਮਿ ਭੁਲਾਏ ॥

ਜੋਗੀ, ਸੰਨਿਆਸ ਆਦਿ ਖਟੁ ਦਰਸਨ=ਛੇ ਭੇਖਾਂ ਵਾਲੇ ਗੁਰ=ਸਤਿਗੁਰਾਂ ਦੀ ਸ਼ਰਨ ਵਿਚ ਪਏ ਤੋਂ ਬਿਨੁ=ਬਗੈਰ ਭਰਮਿ=ਭੁਲੇਖਿਆਂ ਵਿਚ ਹੀ ਭੁਲਾਏ=ਭੁੱਲਣ ਵਿਚ ਆ ਰਹੇ ਹਨ।

ਸਤਿਗੁਰੁ ਸੇਵਹਿ ਤਾ ਗਤਿ ਮਿਤਿ ਪਾਵਹਿ
ਹਰਿ ਜੀਉ ਮੰਨਿ ਵਸਾਏ ॥

ਸਤਿਗੁਰੂ ਦੀ ਜੇ ਸੇਵਹਿ=ਸੇਵਾ ਕਰਨ ਤਾਂ ਗਤਿ=ਮੁਕਤੀ ਦੀ ਮਿਤਿ=ਮਰਯਾਦਾ ਨੂੰ ਪਾਵਹਿ=ਪਾ ਸਕਦੇ ਹਨ ਭਾਵ ਪ੍ਰਾਪਤ ਕਰ ਸਕਦੇ ਹਨ। ਸਤਿਗੁਰਾਂ ਦੁਆਰਾ ਸ੍ਰਵਨ ਕਰਕੇ, ਮੰਨਣ ਕਰਕੇ, ਨਿਧਿਆਸਣ ਕਰਕੇ ਕਮਾਈ ਕਰਨ ਤਾਂ ਵਾਹਿਗੁਰੂ ਮੰਨਿ=ਮਨ ਵਿਚ ਵਸਾਏ=ਵਸ ਆਉਂਦਾ ਹੈ।

ਸਚੀ ਬਾਣੀ ਸਿਉ ਚਿਤੁ ਲਾਗੈ
ਆਵਣੁ ਜਾਣੁ ਰਹਾਏ ॥ ੫ ॥

ਜਿਨ੍ਹਾਂ ਦਾ ਸੱਚੀ ਬਾਣੀ ਸਿਉ=ਨਾਲ ਚਿਤੁ=ਹਿਰਦਾ ਲਾਗੈ=ਲੱਗ ਜਾਵੇ ਤਾਂ ਉਹ ਆਵਣੁ ਜਾਣੁ=ਜੰਮਣ ਮਰਣ ਤੋਂ ਰਹਾਏ=ਰਹਿਤ ਹੋ ਜਾਂਦੇ ਹਨ।

ਪੰਡਿਤ ਪੜਿ ਪੜਿ ਵਾਦੁ ਵਖਾਣਹਿ
ਬਿਨੁ ਗੁਰ ਭਰਮਿ ਭੁਲਾਏ ॥

ਪੰਡਿਤ=ਵਿਦਵਾਨ ਲੋਕ ਵੇਦਾਂ, ਸ਼ਾਸਤਰਾਂ, ਪੁਰਾਣਾਂ, ਸੁਰਤੀਆਂ, ਸਿੰਮ੍ਰਿਤੀਆਂ ਆਦਿ ਨੂੰ ਪੜ੍ਹ-ਪੜ੍ਹ ਕੇ ਵਾਦੁ=ਝਗੜੇ ਹੀ ਵਖਾਣਹਿ=ਕਥਨ ਕਰਦੇ ਰਹਿੰਦੇ ਹਨ। ਗੁਰੂ ਤੋਂ ਬਿਨਾਂ ਭਰਮਿ=ਭੁਲੇਖੇ ਵਿਚ ਹੀ ਭੁਲਾਏ=ਭੁਲਦੇ ਫਿਰਦੇ ਹਨ।

ਲਖ ਚਉਰਾਸੀਹ ਫੇਰੁ ਪਇਆ
ਬਿਨੁ ਸਬਦੈ ਮੁਕਤਿ ਨ ਪਾਏ ॥

ਉਹਨਾਂ ਨੂੰ ਫੇਰੁ=ਦੁਬਾਰਾ ਚਉਰਾਸੀਹ=ਚੌਰਾਸੀ ਲੱਖ ਜੂਨਾਂ ਦਾ ਚੱਕਰ ਪੈ ਗਿਆ। ਫੇਰ ਉਹ ਬਿਨੁ ਸਬਦੈ=ਬਿਨਾਂ ਗੁਰੂ ਦੇ ਉਪਦੇਸ਼ ਤੋਂ ਮੁਕਤੀ ਨਹੀਂ ਪਾ ਸਕਦੇ।

ਜਾ ਨਾਉ ਚੇਤੈ ਤਾ ਗਤਿ ਪਾਏ
ਜਾ ਸਤਿਗੁਰੁ ਮੇਲਿ ਮਿਲਾਏ ॥ ੬ ॥

ਜਾ=ਜੇਕਰ ਪਰਮੇਸ਼ਰ ਦੇ ਨਾਉ=ਨਾਮ ਨੂੰ ਚੇਤੈ=ਯਾਦ ਕਰਨਗੇ ਤਾਂ ਗਤਿ=ਮੁਕਤੀ ਪ੍ਰਾਪਤ ਹੋ ਜਾਵੇਗੀ ਅਤੇ ਜਾ=ਜੇਕਰ ਸਤਿਗੁਰੂ ਜੀਵ ਦੇ ਸ਼ੁਭ ਗੁਣਾਂ ਦਾ ਪ੍ਰੇਰਿਆ ਹੋਇਆ ਪਰਮੇਸ਼ਰ ਨਾਲ ਮੇਲ ਦੇਵੇ ਤਾਂ ਵਾਹਿਗੁਰੂ ਦੇ ਸਰੂਪ ਵਿਚ ਮਿਲਿਆ ਜਾ ਸਕਦਾ ਹੈ।

ਸਤਸੰਗਤਿ ਮਹਿ ਨਾਮੁ ਹਰਿ ਉਪਜੈ
ਜਾ ਸਤਿਗੁਰੁ ਮਿਲੈ ਸੁਭਾਏ ॥

ਸਤਿਸੰਗਤ ਮਹਿ=ਵਿਚ ਹਰਿ=ਵਾਹਿਗੁਰੂ ਦਾ ਨਾਮ ਉਪਜੈ=ਪ੍ਰਗਟ ਹੁੰਦਾ ਹੈ, ਭਾਵ ਹਿਰਦੇ ਵਿਚ ਪ੍ਰਗਟ ਹੁੰਦਾ ਹੈ, ਜਾ=ਜਦੋਂ ਸਤਿਗੁਰੁ=ਸਤਿਗੁਰੂ ਜੀ ਦਾ ਮਿਲੈ=ਮਿਲਾਪ ਹੁੰਦਾ ਹੈ ਤਾਂ ਸਿੱਖ ਸੁਭਾਏ=ਸੁਭਾਇਮਾਨ ਭਾਵ ਸ਼ੋਭਾ ਵਾਲਾ ਹੁੰਦਾ ਹੈ ਵਾ: ਸੁ=ਸ੍ਰੇਸ਼ਟ ਭਾਇ=ਭਾਵਨਾ ਵਾਲਾ ਹੁੰਦਾ ਹੈ।

ਮਨੁ ਤਨੁ ਅਰਪੀ ਆਪੁ ਗਵਾਈ
ਚਲਾ ਸਤਿਗੁਰ ਭਾਏ ॥

ਆਪਣੀ ਮਤ ਛੱਡ ਕੇ ਮਨ, ਤਨੁ=ਸਰੀਰ ਵੀ ਗੁਰੂ ਸਾਹਿਬ ਜੀ ਦੀ ਸੇਵਾ ਵਿਚ ਅਰਪੀ=ਅਰਪਨਾ ਕਰੀਏ ਤੇ ਆਪੁ=ਆਪਾ-ਭਾਵ ਹੰਕਾਰ ਗਵਾਈ=ਗਵਾਉਣਾ ਕਰੀਏ। ਸਤਿਗੁਰਾਂ ਦੇ ਭਾਏ=ਭਾਣੇ ਅਨੁਸਾਰ ਮਨ ਤੇ ਸਰੀਰ ਕਰਕੇ ਚਲਾ=ਚੱਲਣਾ ਕਰੀਏ।

ਸਦ ਬਲਿਹਾਰੀ ਗੁਰ ਅਪੁਨੇ ਵਿਟਹੁ
ਜਿ ਹਰਿ ਸੇਤੀ ਚਿਤੁ ਲਾਏ ॥ ੭ ॥

ਅਸੀਂ ਸਦ=ਹਮੇਸ਼ਾ ਆਪਣੇ ਸਤਿਗੁਰਾਂ ਦੇ ਵਿਟਹੁ=ਉਪਰੋਂ ਬਲਿਹਾਰੀ=ਕੁਰਬਾਨ ਜਾਂਦੇ ਹਾਂ। ਜਿ=ਜਿਹੜੇ ਹਰਿ=ਹਰੀ ਦੇ ਸੇਤੀ=ਨਾਲ ਚਿਤੁ ਨੂੰ ਲਾਏ=ਲਾ ਦਿੰਦੇ ਹਨ।

ਸੋ ਬ੍ਰਾਹਮਣੁ ਬ੍ਰਹਮੁ ਜੋ ਬਿੰਦੇ
ਹਰਿ ਸੇਤੀ ਰੰਗਿ ਰਾਤਾ ॥

ਸੋ=ਉਹੋ ਹੀ ਬ੍ਰਾਹਮਣ ਹੈ ਜੋ=ਜਿਹੜਾ ਬ੍ਰਹਮ ਸਰੂਪ ਨੂੰ ਬਿੰਦੇ=ਜਾਣਦਾ ਹੈ ਅਤੇ ਜਿਸ ਦਾ ਹਰੀ ਦੇ ਰੰਗਿ=ਪ੍ਰੇਮ ਨਾਲ ਚਿਤ ਰਾਤਾ=ਰੰਗਿਆ ਹੋਇਆ ਹੈ।

ਪ੍ਰਭੁ ਨਿਕਟਿ ਵਸੈ ਸਭਨਾ ਘਟ ਅੰਤਰਿ
ਗੁਰਮੁਖਿ ਵਿਰਲੈ ਜਾਤਾ ॥

ਪ੍ਰਭੁ=ਅਕਾਲ ਪੁਰਖ ਵਾਹਿਗੁਰੂ ਨਿਕਟਿ=ਨੇੜੇ ਹੀ ਭਾਵ ਸਭਨਾ=ਸਾਰਿਆਂ ਦੇ ਘਟ=ਹਿਰਦੇ ਅੰਤਰਿ=ਅੰਦਰ ਹੀ ਵਸੈ=ਵਸਦਾ ਹੈ। ਪਰ ਕਿਸੇ ਵਿਰਲੇ ਗੁਰਮੁਖ ਨੇ ਹੀ ਜਾਤਾ=ਜਾਣਿਆ ਹੈ, ਜਿਨ੍ਹਾਂ ਨੇ ਸੱਚੇ ਨਾਮ ਦੀ ਕਮਾਈ ਕੀਤੀ ਹੈ।

ਨਾਨਕ ਨਾਮੁ ਮਿਲੈ ਵਡਿਆਈ
ਗੁਰ ਕੈ ਸਬਦਿ ਪਛਾਤਾ ॥ ੮ ॥ ੫ ॥ ੨੨ ॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਪਰਮੇਸ਼ਰ ਦੇ ਨਾਮ ਕਰਕੇ ਸਰੂਪ ਦੀ ਪ੍ਰਾਪਤੀ ਰੂਪ ਵਡਿਆਈ=ਸ਼ੋਭਾ ਮਿਲਦੀ ਹੈ। ਗੁਰੂ ਸਾਹਿਬ ਜੀ ਦੇ ਸਬਦਿ=ਉਪਦੇਸ਼ ਦੁਆਰਾ ਹੀ ਵਾਹਿਗੁਰੂ ਨੂੰ ਪਛਾਤਾ=ਪਛਾਣਿਆ ਜਾਂਦਾ ਹੈ।

*ਚਲਦਾ..........।*

